# ਚਿਰਾਗ

ਅਕਤੂਬਰ –ਦਸੰਬਰ 2000

**October -December 2000**

ਸੰਪਾਦਕ: ਹਰਭਜਨ ਸਿੰਘ ਹੁੰਦਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਚਿਰਾਗ ਦਾ ਇਹ ਅੰਕ ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਇਆ।

# ਚਿਰਾਗ਼



## ਚੀਨ ਸਾਹਿਤ ਵਿਸ਼ੇਸ਼ ਅੰਕ

ਮੁੱਲ : ਪੰਦਰਾਂ ਰੁਪਏ

34- ਅਕਤੂਬਰ-ਦਸੰਬਰ,2000

# ਚਿਰਾਗ਼ (ਤਿਮਾਹੀ)

ਅਕਤੂਬਰ-ਦਸੰਬਰ, 2000

**ਸੰਪਾਦਕ : ਹਰਭਜਨ ਸਿੰਘ ਹੁੰਦਲ** **ਸੰਪਾਦਕੀ ਮੰਡਲ : ਡਾ. ਕਰਮਜੀਤ ਸਿੰਘ**
**ਪ੍ਰਤੀਨਿਧ : ਅਵਤਾਰ ਸਾਦਕ (ਯੂ.ਕੇ.)** **ਸੁਰਜੀਤ ਗਿੱਲ, ਸੂਫ਼ੀ ਅਮਰਜੀਤ**
**ਮਾਨ ਸਿੰਘ ਭਾਰਗਵ (ਜੰਮੂ)**

## ਤਤਕਰਾ


* **ਸੰਪਾਦਕੀ** .........
* **ਲੇਖ** : ਸੰਸਾਰ ਸਾਹਿਤ ਬਨਾਮ ਚੀਨ ਦਾ ਸਾਹਿਤ (ਚੈਨ ਡਾਨ ਡਿੰਨ) ਸਾਹਿਤ ਤੇ ਕਲਾ (ਮਾਓ ਜ਼ੇ ਤੁੰਗ) ਪ੍ਰਾਚੀਨ ਚੀਨੀ ਪੁਸਤਕ ਦਾ ਇਤਿਹਾਸ (ਜ਼ਗਾਓ ਛਗਕਲ)
* **ਚੀਨੀ ਕਹਾਣੀ** : ਗਰਮੀਆਂ ਦਾ ਤਜਰਬਾ (ਗੇ ਵੂ ਜੁਈ) ਬਾਜ਼ ਨੂੰ ਕਾਬੂ ਕਰਨਾ (ਜਗਓ ਡੇਨੀਅਨ) ਇੱਕ ਆਜੜੀ ਦੀ ਕਹਾਣੀ (ਜ਼ਾਗ ਜ਼ਿਆਨ ਲਿਆਂਗ)
* **ਵਾਦ-ਵਿਵਾਦ** : ਸਮਾਜਵਾਦੀ ਲੋਕ ਚੀਨ (ਸੂਫ਼ੀ ਅਮਰਜੀਤ)
* **ਚੀਨੀ ਮਿੰਨੀ ਕਹਾਣੀ** : ਪੱਥਰ ਦੇ ਫੁੱਲ ਲੱਭਦੀ ਕੁੜੀ, ਬੰਦੂਕ, ਇੱਕ ਰਾਏ (ਅਨੁਵਾਦਿ - ਡਾ. ਸ਼ਾਮ ਸੁੰਦਰ ਦੀਪਤੀ)
* **ਕਵਿਤਾ ਭਾਗ** : ਜ਼ੈਗ ਕੋ ਜੀਆ, ਸੁੰਨ ਵਜੁਨ, ਵੈਨ ਯੀਡੀਓ, ਸਾਓ ਯਾਨ ਕਿਆਂਗ, ਈਮੀ ਸਿਆਓ, ਯੀ ਹੀਊਪਾਨ, ਹੂ- ਜ਼ਿਆਓ, ਹੂਆਂਗ ਯਾਂਗ ਯੂ, ਫੈਗ ਵੀਦੀ ਜ਼ਿਆਗ ਫਾਨ, ਹੁਆਂਗ ਯਾਂਗ ਬੂ, ਬੂ ਲੂਆਨ, ਲਿਨ ਸ਼ਾਮ, ਜੀਡੀ ਮਾਜੀਆ, ਜ਼ਿਆਗ ਜਮੀਨ, ਫੈਂਗ ਕੁਅਫੈਂਗ, ਗੁਆਨ ਯਾਂਗ ਹੀ, ਵੂਕੀ ਲਾਦਾ, ਜੀ ਜਿਨਵਾ।
* **ਟਾਈਟਲ ਚਿੱਤਰ** : ਚੀਨੀ ਪੇਟਿੰਗ - (ਮੰਡੀ ਨੂੰ ਜਾਦਿਆਂ) - ਆਖਰੀ ਤਸਵੀਰ (ਚੀਨ ਦੀ ਦੀਵਾਰ)


Postal Address :
Harbhajan Singh Hudal,
V. Fatu Chak,
P.O. Dhitwan,
Distt. Kapurthala-144804
(Pb.) India.
Phone No. 921822-44188


| ਚੰਦਿਆਂ ਦਾ ਵੇਰਵਾ | : | |
|---|---|---|
| ਦੇਸ਼ ਵਾਰਸ਼ਿਕ | : | 50 ਰੁ. |
| ਇਕ ਪਰਚਾ | : | 15 ਰੁ. |
| ਸੰਸਥਾਵਾਂ (ਵਾਰਸ਼ਿਕ) | : | 50 ਰੁ. |
| ਬਦੇਸ਼, ਯੂ. ਕੇ. | : | 5 ਪੌਂਡ |
| ਵਾਰਸ਼ਿਕ (ਹੋਰ ਦੇਸ਼) | : | 300 ਰੁ. |

**ਚਿਰਾਗ਼ ਡਾਇਰੈਕਟਰ ਸਿਖਿਆ ਵਿਭਾਗ (ਸ) ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/1-96 ਐਡੀਟਰ (ਪੰ) ਮਿਤੀ 3-9-1966 ਦੇ ਅਨੁਸਾਰ ਹਾਈ/ਹਾਇਰ ਸੈਕੰਡਰੀ ਸਕੂਲਾਂ ਲਈ ਪ੍ਰਵਾਨ ਹੈ।**




## ਲੋਕਚੀਨ ਬਾਰੇ ਇਹ ਅੰਕ

ਤ੍ਰੈਮਸਿਕ ਚਿਰਾਗ਼ ਦੇ ਸੰਪਾਦਕੀ ਮੰਡਲ ਨੇ ਇਹ ਅੰਕ ਲੋਕਚੀਨ ਦੇ ਇਨਕਲਾਬ ਦੇ ਪੰਜਾਹ ਵਰ੍ਹੇ ਪੂਰੇ ਹੋਣੀ ਉਪਰੰਤ ਸਮਰਪਤ ਕਰਨ ਦਾ ਫੈਸਲਾ ਲਿਆ ਸੀ। ਇਸ ਸੰਬੰਧੀ ਲੇਖਕਾਂ ਨੂੰ ਬੇਨਤੀ ਕੀਤੀ ਸੀ ਕਿ ਉਹ ਆਪਣੀਆਂ ਰਚਨਾਵਾਂ ਅਨੁਵਾਦ ਕਰਕੇ ਭੇਜਣ। ਬੇਸ਼ਕ ਲੋਕ ਚੀਨ ਦੇ ਸਾਹਿਤ ਦਾ ਅੰਗ੍ਰੇਜ਼ੀ ਅਤੇ ਹੋਰਨਾਂ ਭਾਰਤੀ ਭਾਸ਼ਾਵਾਂ ਵਿੱਚ ਬੜਾ ਥੋੜਾ ਅਨੁਵਾਦ ਹੋਇਆ ਮਿਲਦਾ ਹੈ ਫਿਰ ਵੀ ਇਹ ਗੱਲ ਡਾਢੀ ਚਿੰਤਾ ਵਾਲੀ ਹੈ ਕਿ ਜਦੋਂ ਸੰਸਾਰ ਇਨਾ ਨੇੜੇ ਹੋ ਗਿਆ ਹੈ, ਅਸੀਂ ਆਪਣੇ ਗੁਆਂਢੀ ਦੇਸ਼ ਤੋਂ ਏਨੇ ਦੂਰ ਹਾਂ। ਜਿਸ ਨਾਲ ਸਾਡੇ ਸਦੀਆਂ ਪੁਰਾਣੇ ਸੱਭਿਆਚਾਰਿਕ, ਵਪਾਰਕ ਤੇ ਰਾਜਨੀਤਕ ਸੰਬੰਧ ਰਹੇ ਹਨ। ਹਿਊਨਸਾਂਗ ਦੀ ਸਦੀਆਂ ਪਹਿਲਾਂ ਦੀ ਭਾਰਤ ਯਾਤਰਾ ਅਤੇ ਸਾਡੇ ਸਮੇਂ ਦੇ ਮਹਾਨ ਭਾਰਤੀ ਚਿੰਤਕ ਰਾਹੁਲ ਸ਼ੰਕਰ ਤਿਆਨ ਦੀਆਂ ਤਿੱਬਤ ਯਾਤਰਾਵਾਂ ਵਿਸ਼ੇਸ਼ ਅਰਥ ਰੱਖਦੀਆਂ ਹਨ।

ਪੰਚਸ਼ੀਲ ਦੇ ਸਿਧਾਂਤ ਨੇ ਪੰਜਾਹਵਿਆਂ ਵਿਚ ਸਾਰੀ ਦੁਨੀਆਂ ਨੂੰ ਅਮਨ ਮਿਲਵਰਤਨ ਤੇ ਭਾਰਤਰੀਪਗ ਦਾ ਸੰਦੇਸ਼ ਦਿੱਤਾ ਸੀ। ਇਸ ਨੇ ਦੁਨੀਆਂ ਦੇ ਸਭ ਤੋਂ ਪੁਰਾਣੀਆਂ ਸੱਭਿਆਵਾਂ ਵਾਲੇ, ਸਭ ਤੋਂ ਵੱਧ ਆਬਾਦੀ ਵਾਲੇ ਦੋ ਗੁਆਂਢੀ ਦੇਸ਼ਾਂ ਨੂੰ ਨੇੜੇ ਲੈ ਆਂਦਾ ਸੀ। ਪੱਛਮ ਸਾਮਰਾਜੀਆਂ ਅਤੇ ਭਾਰਤੀ ਹਾਕਮ ਜਮਾਤਾਂ ਦੇ ਤੰਗਨਜ਼ਰ ਵਿਸ਼ੇਸ਼ ਹਿੱਤਾਂ ਲਈ ਇਹ ਸੁਖਾਂਦਾ ਨਹੀਂ ਸੀ। 1960-62 ਵਿਚ ਭਾਰਤ-ਚੀਨ ਸੀਮਾਂ ਉਪਰ ਦੇ ਝਗੜੇ ਨੇ ਦੋਵਾਂ ਦੇਸ਼ਾਂ ਨੂੰ ਪੰਜਾਹ ਵਰ੍ਹੇ ਨੇੜੇ ਨਹੀਂ ਹੋਣ ਦਿਤਾ। ਫਿਰਵੀ ਦੋਵਾਂ ਦੇਸ਼ਾਂ ਦੇ ਲੋਕਾਂ ਦੇ ਸ਼ੁਭਚਿੰਤਕਾਂ ਦੇ ਯਤਨਾਂ ਦੁਆਰਾ ਨੌਵੇਂ ਦਹਾਕੇ ਵਿੱਚ ਇਸ ਗ਼ਲਤੀ ਨੂੰ ਦਰੁਸਤ ਕਰਨ ਲਈ ਕਦਮ ਚੁੱਕੇ ਗਏ। ਸੀਮਾਂ ਦੇ ਝਗੜੇ ਨੂੰ ਸ਼ਾਂਤੀ ਪੂਰਵਕ ਪੰਚ ਸ਼ੀਲ ਦੇ ਸਿਧਾਂਤਾਂ ਅਨੁਸਾਰ ਹੱਲ ਕਰਨ ਦਾ ਅਤੇ ਵਪਾਰਿਕ ਤੇ ਸੱਭਿਆਚਾਰਿਕ ਸੰਬੰਧਾਂ ਨੂੰ ਵਧਾਉਣ ਦੇ ਇਕਰਾਰਨਾਮੇਂ ਸਹੀ ਬੰਦ ਕੀਤੇ ਗਏ।

ਸੋਵੀਅਤ ਯੂਨੀਅਨ ਵਿਚ ਉਲਟ ਇੰਨਕਲਾਬ ਦੇ ਸਫਲ ਹੋਣ ਕਾਰਨ, ਹੋਏ ਵਿਖਰਾਵ ਤੋਂ ਪਿਛੋਂ ਸੰਸਾਰ ਨੂੰ ਅਮਰੀਕੀ ਸਾਮਰਾਜ ਦੀ ਧੱਕੇਸ਼ਾਹ ਮਹਾਂ ਵਕਤੀ ਦੀਆਂ ਧਿੰਙੋਜ਼ੋਰੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸੰਸਾਰ ਦੇ ਪਛੜੇ ਤੇ ਵਿਕਾਸ਼ ਸ਼ੀਲ ਦੇਸ਼ਾਂ ਵਲੋਂ ਮੁੜ ਤੋਂ ਇਸ ਮਹਾਂ ਸ਼ਕਤੀ ਵਿਰੁੱਧ ਲਾਮਬੰਦੀ ਉਸਾਰਨ ਦੇ ਯਤਨ ਕੀਤੇ ਜਾ ਰਹੇ ਹਨ। ਨਿਰਸੰਦੇਹ ਇਸ ਵਿੱਚ ਗੁਟ ਨਿਰਲੇਪ ਦੇਸ਼ ਭਾਰਤ ਅਤੇ ਚੀਨ ਮੋਹਰੀ ਰੋਲ ਅਦਾ ਕਰ ਸਕਦੇ ਹਨ। ਮੰਦੇ ਭਾਗਾਂ ਨੂੰ ਭਾਰਤ ਵਿਚ ਦੀ ਭਾਜਪਾ ਹਿੰਦੂਤਵ ਉਦੇਸ਼ਾਂ ਵਾਲੀ ਸਰਕਾਰ, ਅਮਰੀਕਾ ਦੇ ਹੱਥਾਂ ਦੀ ਕਠਪੁਤਲੀ ਬਣੀ, ਚੀਨ ਨਾਲ ਸੰਬੰਧਾਂ ਨੂੰ ਵਿਗਾੜਨ ਤੇ ਤੁਲੀ ਹੋਈ ਹੈ। ਦੂਜੇ ਪਾਸੇ ਭਾਰਤ ਦੇ ਰਾਸ਼ਟਰਪਤੀ ਸ੍ਰੀ ਆਰ. ਕੇ. ਨਾਰਾਇਨਨ ਦੀ ਚੀਨ ਯਾਤਰਾ ਨੂੰ ਦੋਹਾਂ ਦੇਸ਼ਾਂ ਵਿਚ ਨੇੜਤਾ ਪੈਦਾ ਕਰਨ ਵਾਲੇ ਲੋਕਾਂ ਦੀ ਇਛਾਵਾਂ ਨੂੰ ਬਲ ਦਿੱਤਾ ਹੈ। ਇਸ ਸਾਲ ਦੇ ਮੁੱਢ ਵਿਚ ਦੀ ਚੀਨ ਯਾਤਰਾ ਨੇ, ਦੋਵਾਂ

ਦੇਸਾਂ ਵਿਚ ਨੇੜਤਾ ਪੈਦਾ ਕਰਨ ਵਾਲੇ ਲੋਕਾਂ ਦੀਆਂ ਇਛਾਵਾਂ ਨੂੰ ਬਲ ਦਿੱਤਾ ਹੈ। ਇਸ ਸਮੇਂ ਮਨੁਖਤਾ ਦਾ ਭਵਿਖ ਭਾਰਤ, ਚੀਨ ਅਤੇ ਰੂਸ ਦੀ ਨੇੜਤਾ ਪੈਦਾ ਕਰਕੇ ਮਹਾਂ ਸ਼ਕਤੀ ਅਮਰੀਕਨ ਸਾਮਰਾਜ ਦੀਆਂ ਲੋਕ ਵਿਰੋਧੀ ਪਰਧਾਰਵਾਦੀ ਨੀਤੀਆਂ ਨੂੰ ਰੋਕਿਆ ਜਾ ਸਕਦਾ ਹੈ।

ਸੰਸਾਰੀ ਕਰਨ ਦੇ ਇਸ ਵਿਸ਼ਵੀ ਦੌਰ ਵਿਚ, ਚੀਨ ਨੇ ਜਿਸ ਤਰ੍ਹਾਂ ਆਪਣੇ ਕੌਮੀ ਹਿੱਤਾਂ ਦੇ ਅਨੁਸਾਰ ਸਮਾਜਵਾਦੀ ਪੈਂਤਰੇ ਤੋਂ, ਇਸ ਨੂੰ ਲਾਗੂ ਕੀਤਾ ਹੈ, ਉਸ ਤੋਂ ਭਾਰਤ ਵੀ ਸੇਧ ਤੇ ਸਿੱਖਿਆ ਲੈ ਸਕਦਾ ਹੈ। ਪ੍ਰੰਤੂ ਮੌਜੂਦਾ ਸਰਕਾਰ ਦੇ ਹੁੰਦਿਆਂ ਇਹ ਅਸੰਭਵ ਹੈ ਜਿਸ ਨੇ ਭਾਰਤ ਦੇ ਕੌਮੀ ਹਿੱਤਾਂ ਨੂੰ ਅਮਰੀਕਾ ਤੇ ਦੂਜੇ ਸਾਮਰਾਜੀ ਦੇਸ਼ਾਂ ਨੂੰ ਸਮਰਪਨ ਕਰ ਦਿੱਤਾ ਹੋਇਆ ਹੈ। ਜਿਸ ਦੇ ਕਾਰਨ ਦੇਸ਼ ਦੇ ਹਰ ਖੇਤਰ ਦੇ ਮਿਹਨਤ ਕਸ਼, ਕਿਸਾਨ ਮੁਲਾਜ਼ਮਾਂ ਆਦਿ ਨਿਪੀੜੇ ਜਾ ਰਹੇ ਹਨ। ਬੇਸ਼ਕ ਇਹ ਕਾਰਜ ਰਾਜਨੀਤਕ ਖੇਤਰ ਦੇ ਘੇਰੇ ਵਿਚ ਆਉਂਦਾ ਹੈ ਫਿਰ ਵੀ ਸਾਹਿਤ, ਇਸ ਵਿੱਚ ਲੋਕਾਂ ਨੂੰ ਜਾਗਰਤ ਕਰ ਲਈ ਉੱਘਾ ਰੋਲ ਅਦਾ ਕਰ ਸਕਦਾ ਹੈ। ਇਸ ਸਮੇਂ ਭਾਰਤ ਜਿਸ ਮੋੜ ਤੇ ਖਲੋਤਾ ਹੈ ਉਸ ਤੋਂ ਉਹ ਬੁਨਿਆਦੀ ਸਮਾਜਿਕ ਤਬਦੀਲੀ ਕਰਨ ਵੱਲ ਜਾਂ ਅੰਨ੍ਹੀ ਕੌਮ ਪ੍ਰਸਤੀ ਦੇ ਫਾਸ਼ੀ ਪਾਸੇ ਵੱਲ ਜਾ ਸਕਦਾ ਹੈ। ਆਸ ਹੈ ਕਿ ਭਾਰਤ ਦੇ ਲੋਕਾਂ ਨੂੰ ਐਮਰਜੈਂਸੀ ਸਮੇਂ ਦਾ ਹੱਡੀਂ ਹੰਢਾਇਆ ਤਜਰਬਾ, ਇਸ ਦੀ ਆਗਿਆ ਨਹੀਂ ਦੇਣ ਦੇਵੇਗਾ।

ਭਾਰਤ ਤੇ ਚੀਨ ਦੇ ਸੱਭਿਆਚਾਰਿਕ ਸੰਬੰਧਾਂ ਨੂੰ ਮਜਬੂਤ ਕਰਨ ਲਈ, ਲੋਕ ਚੀਨ ਦੀ ਸਰਕਾਰ ਵੀ ਵਿਸ਼ੇਸ਼ ਰੋਲ ਅਦਾ ਕਰ ਸਕਦੀ ਹੈ ਤੇ ਉਸ ਦੀ ਇਹ ਜ਼ਿੰਮੇਵਾਰੀ ਵੀ ਬਣਦੀ ਹੈ। ਉਹ ਚੀਨੀ ਭਾਸ਼ਾ ਦੀਆਂ ਉੱਤਮ ਸਾਹਿਤਕ ਕਿਰਤਾਂ, ਵਿਸ਼ੇਸ਼ ਕਰਕੇ ਅੱਜ ਦੇ ਸਮੇਂ ਵਿੱਚ ਸਿਰਜੇ ਜਾ ਰਹੇ ਨਵੇਂ ਚੀਨੀ ਸਾਹਿਤ ਜਾ ਭਾਰਤੀ ਭਾਸ਼ਾਵਾਂ ਵਿਚ ਅਨੁਵਾਦ ਕਰਨ ਵੱਲ ਉਪਰਾਲੇ ਕਰੇ। ਕੀ ਕਿ ਚੀਨੀ ਭਾਸ਼ਾ, ਰੂਸੀ ਭਾਸ਼ਾ ਵਾਂਗ ਹੀ ਸਾਡੇ ਲਈ ਕਾਫੀ ਓਪਰੀ ਹੈ। ਜੇਕਰ ਸੋਵੀਅਤ ਸਰਕਾਰ ਇਸ ਪਾਸੇ ਧਿਆਨ ਨਾ ਦਿੰਦੀ ਤੇ ਉੱਦਮ ਨਾ ਕਰਦੀ ਤਾਂ ਅਸੀਂ 'ਮਾਂ' ਨਾਵਲ, 'ਜੰਗ ਤੇ ਅਮਨ', ''ਤੇ ਡਾਨ ਵਹਿੰਦਾ ਰਿਹਾ', 'ਸੂਰਮੇ ਦੀ ਸਿਰਜਣਾ' ਆਦਿ ਲਿਖਤਾਂ ਤੋਂ ਕਿੱਥੇ ਵਾਕਫ ਹੋਣਾ ਸੀ। ਚੀਨੀ ਸਾਹਿਤ ਦੇ ਪੰਜਾਬੀ ਵਿਚ ਅਨੁਵਾਦ ਲਈ ਹਾਂਗ ਕਾਂਗ, ਸ਼ਿਆਈ, ਸਿੰਘਾਪੁਰ, ਮਲੇਸ਼ੀਆ ਆਦਿ ਦੇਸ਼ਾਂ ਵਿਚ ਰਹਿਣ ਵਾਲੇ ਪੰਜਾਬੀ ਸਾਹਿਤਕਾਰ, ਅਨੁਵਾਦ ਕਰਕੇ ਵਿਸ਼ੇਸ਼ ਯੋਗਦਾਨ ਪਾ ਸਕਦੇ ਹਨ। ਉਹਨਾਂ ਨੂੰ ਇਸ ਪਾਸੇ ਵਿਸ਼ੇਸ਼ ਧਿਆਨ ਦੇਣ ਨਾਲ ਉਹ ਪੰਜਾਬੀ ਸਾਹਿਤ ਨੂੰ ਮਾਲਾਮਾਲ ਕਰ ਸਕਦੇ ਹਨ।

ਆਸ ਹੈ ਕਿ ਚਿਰਾਗ਼ ਦੇ ਪਾਠਕ ਇਸ ਨਿੱਕੇ ਜਿਹੇ ਯਤਨ ਨੂੰ ਸਵੀਕਾਰ ਕਰਨ ਗੇ ਅਤੇ ਲੇਖਕ ਭਵਿੱਖ ਵਿਚ ਚੀਨੀ ਲਿਖਤਾਂ ਦੇ ਅਨੁਵਾਦ ਤੇ ਹੋਰਨਾਂ ਮੌਲਕ ਰਚਨਾਵਾਂ ਨਾਲ ਪਾਠਕਾਂ ਨਾਲ ਨੇੜਤਾ ਪੈਦਾ ਕਰਨ ਵਿੱਚ ਬਣਦਾ ਹਿੱਸਾ ਪਾਉਣਗੇ।

***—ਸੰਪਾਦਕੀ ਮੰਡਲ***



<u>ਲੇਖ</u>

## ਸੰਸਾਰ ਸਾਹਿਤ ਬਨਾਮ ਚੀਨ ਦਾ ਨਵਾਂ ਸਾਹਿਤ/*ਚੈਨ ਡਾਨ ਡਿੰਨ*

ਚੀਨੀ ਸਾਹਿਤ ਦਾ ਇਤਿਹਾਸ ਤਿੰਨ-ਹਜ਼ਾਰ ਸਾਲ ਪੁਰਾਣਾ ਹੈ। ਇਹ ਸੰਸਾਰ ਦੇ ਕਿਸੇ ਵੀ
ਸਾਹਿਤ ਨਾਲੋਂ ਲੰਮੀ ਉਮਰ ਹੈ। ਫੇਰ ਵੀ ਇਹ ਸੰਸਾਰ-ਸਾਹਿਤ ਦੀ ਧਾਰਾ ਵਿਚ ਭਾਸ਼ਾ ਦੇ ਅੰਤਰ,
ਫਾਸਲੇ ਦੀ ਦੂਰੇ ਤੇ ਵੱਖਰੇ ਇਤਿਹਾਸਕ ਪਿਛੋਕੜ ਕਾਰਨ ਰਲ-ਮਿਲ ਨਹੀਂ ਸਕਿਆ। ਨਿਰਸੰਦੇਹ
ਬਦੇਸ਼ੀ ਸਾਹਿਤ ਨਾਲ ਵਟਾਂਦਰਾ ਹੁੰਦਾ ਤੇ ਚੀਨ ਦੇ ਕਲਾਸਿਕੀ ਸਾਹਿਤ ਦਾ ਪ੍ਰਭਾਵ ਗਵਾਂਢੀ ਦੇਸ਼ਾਂ
ਦੇ ਸਾਹਿਤ ਉੱਤੇ ਪੈਂਦਾ ਰਿਹਾ, ਇੰਝ ਇਹ ਉਹਨਾਂ ਦੇਸ਼ਾਂ ਤੋਂ ਨਵੀਂ ਸ਼ਕਤੀ ਵੀ ਗ੍ਰਹਿਣ ਕਰਦਾ ਰਿਹਾ।
ਭਾਰਤ ਦੇ ਸਾਹਿਤ ਤੇ ਧੁਨੀ-ਵਿਗਿਆਨ ਨੇ ਚੀਨ ਤੇ ਵੱਡਾ ਪ੍ਰਭਾਵ ਪਾਇਆ। ਚਾਰ ਧੁਨੀਆਂ
ਧੁਨੀ-ਸਰੂਪ ਦੀ ਲੱਭਤ, ਜੋ ਸੰਸਕ੍ਰਿਤ ਤੋਂ ਪ੍ਰੇਰਤ ਸੀ, ਨੇ ਚੀਨ ਦੀ ਪ੍ਰਾਚੀਨ ਕਵਿਤਾ ਦੇ ਤਾਲ ਤੇ
ਪ੍ਰਭਾਵ ਪਾਇਆ ਤੇ ਇਸ ਨਾਲ ਇਸ ਨੂੰ ਸਖਤ ਤੇ ਵਧੇਰੇ ਢੁਕਵਾਂ ਰੂਪ ਮਿਲਿਆ। ਭਾਰਤ ਦੇ ਬੋਧੀ
ਸਾਹਿਤ ਦੀ ਦਰਆਮਦ ਨੇ ਚੀਨ ਵਿਚ ਸਥਾਨਕ ਭਾਸ਼ਾਵਾਂ ਦੇ ਬਿਰਤਾਂਤ-ਸਾਹਿਤ ਨੂੰ ਸਿੱਧਾ ਹੁਲਾਰਾ
ਦਿੱਤਾ। ਇੰਝ ਕਈ ਵੇਲਿਆਂ ਵਿਚ ਚੀਨੀ ਤੇ ਸੰਸਾਰ ਸਾਹਿਤ ਵਿਚ ਬੜੇ ਡੂੰਘੇ ਸੰਬੰਧ ਰਹੇ, ਪਰ ਫੇਰ ਵੀ
ਅਠਾਰਵੀਂ ਤੇ ਉਨ੍ਹੀਵੀਂ ਸਦੀ ਵਿਚ ਜਦੋਂ ਸੰਸਾਰ ਸਾਹਿਤ ਵਿਕਸਿਤ ਹੋਣ ਲੱਗਾ, ਚੀਨ ਵਿਚ ਆਪਣੇ
ਲੰਮੇ ਤੇ ਸ਼ਾਨਦਾਰ ਇਤਿਹਾਸ ਤੇ ਢੇਰ ਗਿਣਤੀ ਵਿਚ ਸਿਰਕੱਢ ਕਵੀਆਂ ਦੇ ਬਾਵਜੂਦ, ਸਾਹਿਤਕ
ਖੜੋਤ ਦਾ ਦੌਰ ਵੇਖਣ ਵਿਚ ਆਇਆ। ਸਾਹਿਤ ਵਿਚ ਜੀਵਨ ਤੇ ਹੋਰਨਾਂ ਖੇਤਰਾਂ ਵਾਂਗ, ਖੜੋਤ ਦਾ
ਅਰਥ ਗਲ-ਸੜ ਜਾਣਾ ਤੇ ਸੰਸਾਰ ਪੱਧਰ ਤੋਂ ਪਰੇ ਜਾ ਡਿੱਗਣਾ ਹੁੰਦਾ ਹੈ। ਇਹ ਸਬਕ ਚੀਨ ਦੇ
ਲੇਖਕਾਂ ਨੇ ਬੜੀ ਮੁਸ਼ਕਿਲ ਨਾਲ ਸਿਖਿਆ। ਪਰ ਸਿੱਖ ਨਿਰਸੰਦੇਹ ਲਿਆ। ਤੱਥਾਂ ਨੇ ਚੀਨੀ ਸਾਹਿਤਕ
ਮਨ ਤੇ ਆਧੁਨਿਕ ਸਾਹਿਤ ਦੇ ਕੌਮਾਂਤਰੀ ਨਿਰਮਾਣ ਲਈ ਦਬਾਅ ਪਾਇਆ। ਉਹਨਾਂ ਨੂੰ ਗਿਆਨ
ਹੋਇਆ, ਕਿ ਨਵਾਂ ਕੁਝ ਸਿਖਣਾ, ਕੁਝ ਵਾਧਾ ਕਰਨ ਦੇ ਬਰਾਬਰ ਹੁੰਦਾ ਹੈ।

ਸਦੀ ਦੇ ਮੋੜ ਤੇ ਰਵਾਇਤੀ ਸਾਹਿਤ ਦੀ ਪੁਰਾਤਨ ਮਰਿਯਾਦਾ ਬਰਦਾਸ਼ਤ ਤੋਂ ਲੱਗਭਗ ਬਾਹਰ
ਹੋ ਗਈ। ਤੇ ਸਾਹਿਤ ਦੇ ਹਰ ਰੂਪ ਵਿਚ ਤੋੜ-ਵਿਛੋੜਾ ਜ਼ਰੂਰੀ ਹੋ ਗਿਆ। ਜਿਸ ਨੇ ਸਮੇਂ ਦੀ ਸਮਾਜੀ
ਤੇ ਮਨੋਵਿਗਿਆਨਕ ਜ਼ਿੰਦਗੀ ਵਿਚ ਸੰਕਟ ਪਾਇਆ ਹੋਇਆ ਸੀ। ਨਵੇਂ ਖਿਆਲ ਮੁਰਦਾ ਭਾਸ਼ਾ ਦੇ
ਵੇਲਾ ਵਿਹਾ-ਚੁੱਕੇ ਸਾਹਿਤਕ ਸੰਕਲਪਾਂ ਤੇ ਫਾਰਮੂਲਿਆਂ ਦੇ ਬੋਝ ਦੀ ਥਾਂ ਚੰਗੇਰੇ ਮਾਧਿਅਮਾਂ ਦੀ ਮੰਗ
ਕਰਦੇ ਸਨ। 1919 ਦਾ ਚਾਰ-ਮਈ ਦਾ ਰਾਜਸੀ, ਤੇ ਆਰਥਕ ਵਿਰੋਧ, ਸਿਖਰ ਤੇ ਅੱਪੜ ਗਏ। ਮੇਰੇ
ਖਿਆਲ ਵਿਚ ਵੱਡੀ ਪ੍ਰਾਪਤੀ ਜੋ ਹੋਈ ਉਹ ਇਹ ਸੀ ਕਿ ਇਸ ਨਾਲ ਨਵੇਂ ਸਾਹਿਤ ਦਾ ਪੁਨਰ-ਜਨਮ
ਹੋਇਆ। ਸਾਹਿਤ ਜਿਹੜਾ ਸੰਸਾਰ ਦੀ ਆਤਮਾ ਵਿਚ ਪ੍ਰਵੇਸ਼ ਕਰਨ ਲੱਗਾ, ਚਾਰ ਮਈ ਦੀ ਲਹਿਰ ਨੇ
ਇਕ ਸਾਹਿਤਕ ਪੁਨਰ-ਜਾਗ੍ਰਿਤੀ ਲਿਆਂਦੀ ਤੇ ਇਹ ਸਭਿਆਚਾਰਕ ਪੁਨਰ-ਸਥਾਪਨਾ ਦੀ ਪ੍ਰਵਿਰਤੀ
ਦਾ ਰਾਸ਼ਟਰੀ ਦਾਹਵਾ ਸੀ। ਸਿੱਟੇ ਵਜੋਂ ਨਵੇਂ ਵਿਸ਼ਿਆਂ ਲਈ ਨਵੇਂ ਰੂਪਾਂ ਨੂੰ ਢਾਲਿਆ ਗਿਆ ਤੇ
ਲੇਖਕਾਂ ਨੇ ਜੀਉਂਦੀਆਂ ਜਾਗਦੀਆਂ ਸਥਾਨਕ ਭਾਸ਼ਾਵਾਂ ਨੂੰ ਕੰਮ ਚਲਾਉਣ ਲਈ ਵਰਤਣਾ ਆਰੰਭ
ਕੀਤਾ।

ਗਹੁ ਨਾਲ ਵੇਖਿਆ ਗਿਆ ਹੈ ਕਿ ਲਗਭਗ ਅਜੋਕੇ ਚੀਨ ਦੀਆਂ ਵੱਡੀਆਂ ਸਾਹਿਤਕ ਹਸਤੀਆਂ
ਨੂੰ ਇਸ ਨਵੇਂ ਸਾਹਿਤ ਰਾਹੀਂ ਹੀ ਪਾਣ ਚੜ੍ਹੀ ਸੀ। ਜਾਂ ਉਹਨਾਂ ਇਸ ਦੀ ਪਾਲਣਾ ਕੀਤੀ ਤੇ ਜਾਂ ਇਸ
ਦੇ ਹੱਥਾਂ ਵਿਚ ਪਲੇ। ਸਭ ਤੋਂ ਵੱਧ ਪ੍ਰਸਿੱਧ ਵਿਚੋਂ ਅਸੀਂ ਲੂ ਸਨ, ਗੋ ਮੋ ਜੋ, ਮਾਓ ਚੰਨ, ਬਾਅ ਸਿੰਨ ਤੇ
ਲਾਓ ਛੀ ਦਾ ਨਾਂ ਲੈ ਸਕਦੇ ਹਾਂ, ਜੋ ਬਦੇਸ਼ੀ ਪ੍ਰੰਪਰਾ ਤੋਂ ਪ੍ਰਭਾਵਤ ਹੋਏ, ਪਰ ਜਿਹਨਾਂ ਨੇ ਪ੍ਰੰਪਰਕ ਚੀਨੀ
ਸਾਹਿਤ ਦੀ ਕਸ਼ਟਾਂ-ਮਾਰੀ ਟਰੇਨਿੰਗ ਪ੍ਰਾਪਤ ਕੀਤੀ। ਇਸ ਤਰ੍ਹਾਂ ਦੇ ਬਹੁ ਸਭਿਆਚਾਰੀ ਪਿਛੋਕੜ ਦਾ
ਡੂੰਘਾ ਅਰਥ ਸੀ, ਤਿਸ ਨੇ ਉਹਨਾਂ ਨੂੰ ਚੀਨੀ ਮਿੱਟੀ ਵਿਚ ਪੱਕਾ ਪੈਰ ਧਰਾਵਾ ਦਿੱਤਾ, ਤੇ ਇਸ
ਵਿਸ਼ਵਾਸ ਲਈ ਵੀ ਹੌਸਲਾ ਦਿੱਤਾ, ਜਿਸ ਨਾਲ ਉਹ ਬਦੇਸ਼ੀ ਖੁਰਾਕ ਤੋਂ ਵੀ ਮਨ-ਮਰਜ਼ੀ ਨਾਲ ਲਾਭ
ਉਠਾ ਸਕਣਾ। ਉਹਨਾਂ ਦੀ ਮਹਾਨਤਾ ਇਸ ਇੱਕੋ ਹੀ ਤੱਥ ਵਿਚੋਂ ਨਿਕਲਦੀ ਹੈ। ਜਿਹਨਾਂ ਲੇਖਕਾਂ ਨੇ

ਨਵੇਂ ਚੀਨੀ ਸਾਹਿਤ ਦੀ ਉਸਾਰੀ ਵਿਚ ਹਿੱਸਾ ਪਾਇਆ, ਉਹਨਾਂ ਸੰਸਾਰ ਸਾਹਿਤ ਨੂੰ ਵੀ ਵਿਕਸਿਤ ਕੀਤਾ।

ਫਿਰ ਵੀ ਚਾਰ ਮਈ ਦੀ ਲਹਿਰ ਤੋਂ ਆਰੰਭ ਹੋ ਕੇ, ਚੀਨੀ ਸਾਹਿਤਕ ਹਲਕਿਆਂ ਵਿਚ ਇੱਕ ਵਾਦ-ਵਿਵਾਦ ਚੱਲ ਰਿਹਾ ਹੈ। ਵਿਰੋਧ ਦਾ, ਕੇਂਦਰੀ ਨੁਕਤਾ ਇਹ ਹੈ ਕਿ ਕੀ ਚੀਨੀ ਸਾਹਿਤਕਾਰਾਂ ਨੂੰ ਦੂਸਰੀਆਂ ਪਰੰਪਰਾਵਾਂ ਤੋਂ ਪ੍ਰਭਾਵਤ ਹੋਣਾ ਚਾਹੀਦਾ ਹੈ ਜਾਂ ਆਪਣੇ ਪਰੰਪਰਾਈ ਵਿਰਸੇ ਲਈ ਖੜਨਾ ਚਾਹੀਦਾ ਹੈ। ਕਈ ਵਾਰ ਬਹਿਸ ਏਨੀ ਉੱਚੀ ਸੁਰ ਵਾਲੀ ਹੋ ਜਾਂਦੀ ਹੈ ਕਿ ਦੋਵੇਂ ਧਿਰਾਂ ਅਤਿ ਤੀਕ ਚਲੇ ਜਾਂਦੀਆਂ ਹਨ। ਇੱਕ ਧਿਰ ਰਾਸ਼ਟਰੀ ਪ੍ਰੰਪਰਾ ਦੀ ਸ਼ੁੱਧਤਾ ਤੇ ਜ਼ੋਰ ਦਿੰਦੀ ਤਾਂ ਦੂਸਰੀ ਚੀਨੀ ਸਾਹਿਤ ਦੇ ਮੁਕੰਮਲ ਪੱਛਮੀ ਕਰਨ ਤੇ। ਮੈਂ ਕਿਸੇ ਨਾਲ ਵੀ ਸਹਿਮਤ ਨਹੀਂ। ਦੋਵੇਂ ਹੀ ਇਹ ਗੱਲ ਭੁੱਲ ਜਾਂਦੇ ਹਨ ਕਿ ਇਹ ਰਚਨਾ ਹੈ, ਨਕਲ ਨਹੀਂ, ਜੋ ਕਿ ਸਾਹਿਤ ਦਾ ਉਦੇਸ਼ ਹੈ, ਖਾਸ ਤੌਰ ਤੇ ਪ੍ਰੀਵਰਤਸ਼ੀਲ ਸਾਹਿਤ ਦਾ। ਮੈਂ ਵਿਚਲੇ ਰਾਹ ਦਾ ਸਮਰਥੱਕ ਹਾਂ, ਜੋ ਵੀ ਸਿਹਤ ਮੰਦ ਹੈ, ਲਾਹੇਵੰਦਾ ਹੈ, ਉਸ ਦੀ ਚੀਨ ਵਿਚ ਵਰਤੋਂ ਕਰਨੀ ਚਾਹੀਦੀ ਹੈ, ਭਾਵੇਂ ਇਹ ਬਦੇਸ਼ੀ ਹੋਵੇ ਜਾਂ ਕੁਝ ਹੋਰ। ਅਸੂਲ ਵਿਚ ਭਾਵੇਂ ਕੋਈ ਚੋਣ ਕਰ ਵੇਖੇ, ਬਦੇਸ਼ਾਂ ਦੀ ਹਰ ਚੀਜ਼ ਤੋਂ ਅਣਭਿਜ ਨਹੀਂ ਰਿਹਾ ਜਾ ਸਕਦਾ ਤੇ ਨਾ ਹੀ ਹਰ ਚੀਨੀ ਚੀਜ਼ ਤੋਂ। ਇਸ ਦੇ ਉਲਟ ਕੋਈ ਚੀਜ਼ ਜੋ ਨਿਕੰਮੀ ਜਾਂ ਪਤਨਸ਼ੀਲ ਪ੍ਰਤੀਤ ਹੁੰਦੀ ਹੈ, ਉਹ ਵੱਡੇ ਰਚਨਾਕਾਰ ਦੇ ਹੱਥਾਂ ਦੀ ਪਾਣ ਚੜ੍ਹਨ ਨਾਲ ਵੱਖਰਾ ਹੀ ਰੂਪ ਧਾਰ ਲੈਂਦੀ ਹੈ। ਇਸ ਲਈ ਸਭ ਤੋਂ ਮਹੱਤਵ ਪੂਰਨ ਗੱਲ ਰਚਨਾ ਕਰਨ ਦੀ ਹੈ, ਤੇ ਹਮੇਸ਼ਾ ਹੀ ਕੁਝ ਸਿਰਜਣ ਦੀ।

ਸਾਹਿਤ ਅਜਿਹੀ ਰਚਨਾ ਹੈ ਜੋ ਸਮੇਂ ਤੇ ਸਾਰੀਆਂ ਕੌਮੀ ਤੇ ਭੂਗੋਲਿਕ ਸਰਹੱਦਾਂ ਟੱਪ ਜਾਂਦੀ ਹੈ। ਇਹ ਸ਼੍ਰੇਣੀਆਂ ਦੇ ਅੰਤਰ, ਤੇ ਕੌਮਾਂ ਦੇ ਫੋਕੇ ਫਰਕਾਂ ਨੂੰ ਢਾਹ ਦਿੰਦੀ ਹੈ ਤੇ ਸਭ ਲੋਕਾਂ ਦੀ ਭਾਵਨਾ ਨੂੰ ਪ੍ਰਗਟ ਕਰਦੀ ਹੈ। ਇਹ ਪਾਠਕ ਨੂੰ ਨਰਮ ਬਣਾਉਂਦੀ, ਜਗਾਉਂਦੀ ਤੇ ਨਿੱਘ ਦਿੰਦੀ ਹੈ ਤੇ ਮਨੁੱਖ ਨੂੰ ਨਵੇਂ ਨਿਸ਼ਾਨਿਆਂ ਲਈ ਜਾਗ੍ਰਿਤ ਕਰਦੀ ਹੈ। ਹਰ ਸਾਹਿਤ ਅਵੱਸ਼ ਤੌਰ ਤੇ ਰਾਸ਼ਟਰੀ ਤੇ ਸਥਾਨਕ ਹੁੰਦਾ ਹੈ, ਪਰ ਇਸ ਨਾਲ ਵਿਸ਼ਾਲ ਪ੍ਰਸੰਸਾ ਉੱਤੇ ਰੋਕ ਨਹੀਂ ਲੱਗ ਜਾਂਦੀ। ਸਾਰੇ ਪੱਖ ਸੋਚਦਿਆਂ, ਜੋ ਵਾਦਵਿਵਾਦ ਚੀਨੀ ਸਾਹਿਤਕ ਹਲਕਿਆਂ ਵਿਚ ਚਿੰਤਾ ਦਾ ਕਾਰਨ ਬਣਿਆ ਰਿਹਾ ਹੈ, ਇਹ ਨਿੱਕਾ ਤੇ ਨਗੂਣਾ ਪ੍ਰਤੀਤ ਹੁੰਦਾ ਹੈ। ਇਹ ਆਪਣੇ ਭੈੜੇ ਰੂਪ ਵਿਚ ਦੂਸ਼ਣਾਂ ਤੀਕ ਨਿੱਘਰ ਜਾਂਦਾ ਰਿਹਾ ਹੈ ਤੇ ਇਸ ਨਾਲ ਚੀਨੀ ਸਾਹਿਤਕ ਪੌਣ ਨੂੰ ਪਲੀਤ ਕਰਨ ਵਿਚ ਹਿੱਸਾ ਪੈਂਦਾ ਹੈ।

ਹੁਣ ਮੈਂ ਪਿਛਲੇ ਦਹਾਕੇ ਦੀਆਂ ਆਦਰ-ਭਰੀਆਂ ਪ੍ਰਾਪਤੀਆਂ ਵੱਲ ਆਉਂਦਾ ਹਾ। ਨਿਰਸੰਦੇਹ ਸਮੇਂ ਦੇ ਸਮੁੰਦਰ ਵਿਚ ਇੱਕ ਦਹਾਕਾ ਪਾਣੀ ਦੇ ਤੁਪਕੇ ਜਿੰਨਾ ਹੁੰਦਾ ਹੈ, ਪਰ ਇਹ ਵਿਸ਼ੇਸ਼ ਦਹਾਕਾ ਚੀਨੀ ਸਾਹਿਤ ਲਈ ਮਹੱਤਵ ਪੂਰਨ ਹੈ ਕਿ ਅਸੀਂ ਇਸ ਦੀ ਲੰਮਾਈ ਨੂੰ ਇਸ ਦੇ ਮਹੱਤਵ ਨਾਲ ਨਹੀਂ ਮਿਣ ਸਕਦੇ। ਇਸ ਦਹਾਕੇ ਵਿਚ, ਚੀਨੀ ਸਾਹਿਤ ਦੀ ਵਿਸ਼ੇਸ਼ ਪਛਾਣ ਸਥਾਪਤ ਹੋਈ ਹੈ। ਹੁਣ ਇਸ ਨੂੰ ਰਾਜਨੀਤੀ ਦਾ ਵਿਸਥਾਰ ਨਹੀਂ ਸਮਝਿਆ ਜਾਂਦਾ, ਸਗੋਂ ਦੁਬਾਰਾ ਇੱਕ ਕਲਾ ਮਨੁੱਖੀ ਪ੍ਰਕਿਰਤੀ ਦਾ ਬੁਲਾਵਾ ਤੇ ਸੁਰਜਾਤਮਿਕ ਸਿਰਜਣਾ ਦਾ ਪ੍ਰਗਟਾਵਾ ਸਮਝਿਆ ਜਾਂਦਾ ਹੈ। ਹੁਣ ਜਦੋਂ ਰਾਜਸੀ ਬੰਦਸ਼ਾਂ ਦੂਰ ਹੋ ਗਈਆਂ ਹਨ। ਇਸ ਨੇ ਦੁਬਾਰਾ ਸੁੰਦਰਤਾ ਦੀ ਆਵਾਜ਼, ਜੀਵਨ ਦੀ ਵਿਆਖਿਆ ਤੇ ਇਤਿਹਾਸ ਨੂੰ ਦਸਤਾਵੇਜ਼ੀ ਰੂਪ ਦੇਣ ਦਾ ਆਪਣਾ ਮੌਲਿਕ ਕਰਤੱਵ ਸੰਭਾਲਿਆ ਹੈ।

ਇਹ ਤਬਦੀਲੀ ਏਨੀ ਜਾਨਦਾਰ ਤੇ ਤੇਜ਼ ਹੈ ਕਿ ਇੱਕ ਵਾਰ ਫੇਰ ਸੰਸਾਰ ਸਾਹਿਤ ਚੀਨ ਦੇ ਲੇਖਕਾਂ ਲਈ ਪ੍ਰੇਰਨਾ ਬਣ ਗਿਆ ਹੈ। ।ਹਨਾਂ ਦਸਾਂ ਸਾਲਾਂ ਵਿਚ ਚੀਨੀ ਲੇਖਕਾਂ ਨੇ ਵਿਭਿੰਨ ਭਾਂਤ ਦੀ ਦਿਲਚਸਪੀ ਨੂੰ ਵਿਕਸਿਤ ਕੀਤਾ ਹੈ। ਜਿਵੇਂ ਕਿ ਉਹਨਾਂ ਦੀਆਂ ਲਿਖਤਾਂ ਵਿਚੋਂ ਪ੍ਰਤੀਤ ਹੁੰਦਾ ਹੈ। ਕੋਈ ਆਪਣੇ ਜ਼ਾਤੀ ਤਜਰਬੇ ਤੇ ਨਿਰਭਰ ਹੋਣ ਲੱਗਦਾ ਹਨ, ਕੋਈ ਰਵਾਇਤੀ ਜੀਵਨ ਦੇ ਵਿਹਾਰਾਂ ਨੂੰ ਮੰਨਦੇ ਹਨ, ਜਦ ਕਿ ਬਾਕੀ ਦੇ ਨਵੇਂ ਵਿਸ਼ਿਆਂ ਰੂਪਾਂ ਤੇ ਤਕਨੀਕਾਂ ਦਾ ਬੜੇ ਜੋਸ਼ ਨਾਲ ਤਜਰਬੇ ਕਰਦੇ ਹਨ। ਸੰਸਾਰ ਵਿਚ ਵਧਦੀ ਇਹ ਨਵੀਂ ਦਿਲਚਸਪੀ ਵਿਭਿੰਨ ਭਾਂਤ ਦੀ ਹੈ, ਜੋ ਕਲਾ ਤੇ ਮਾਨਵੀ ਸ਼ਾਸ਼ਤਰਾਂ ਤੋਂ ਤੁਰਦੀ ਕਈ ਭਾਂਤ ਦੀਆਂ ਸਾਹਿਤ ਸ਼ੈਲੀਆਂ ਤੇ ਤਕਨੀਕਾਂ ਜਿਵੇਂ ਬਿੰਬਵਾਦ, ਚਿੰਨਵਾਦ, ਊਲ-ਜਲੂਦਵਾਦ, ਚੇਤਨਾ ਦੀ ਲਹਿਰ ਤੇ ਜਾਦੂਮਈ ਯਥਾਰਥਵਾਦ ਤੀਕ ਫੈਲੀ ਹੋਈ



ਹੈ। ਇਹ ਖੋਜ ਮਈ ਯਤਨਾਂ ਰਾਹੀਂ ਚੀਨੀ ਲੇਖਕਾਂ ਨੇ ਆਪਣੇ ਆਪ ਨੂੰ ਵਿਸ਼ਾਲ [illegible] ਨਹੀਂ ਕੀਤਾ, ਸਗੋਂ ਵਖਰੇਵੇਂ ਦੇ ਤਾਜ਼ਾ ਨੁਕਤੇ ਵੀ ਲੱਭੇ ਹਨ। ਸੰਸਾਰ ਦੀਆਂ ਮਹਾਨ ਸਾਹਿਤਕ ਹਸਤੀਆ ਵਿਚੋਂ ਉਹ ਸਭ ਤੋਂ ਵੱਧ ਫਰਾਂਜ਼ ਕਾਫਕਾ ਤੇ ਸਟੀਫਿਨ ਜ਼ਵਿੱਗ ਦੀ ਸ਼ਲਾਘਾ ਕਰਦੇ ਹਨ। ਇਹ ਦੋਵੇਂ ਹੀ ਆਸਟਰੀਅਨ ਲੇਖਕ ਹਨ ਜਿਨ੍ਹਾਂ ਨੇ ਚੀਨੀ ਰਚਨਾਤਮਿਕ ਮਨ ਤੇ ਵੱਡਾ ਪ੍ਰਭਾਵ ਪਾਇਆ ਹੈ।

ਇਸ ਤਰ੍ਹਾਂ ਦਾ ਸਾਹਿਤ ਤਿੱਖੇ ਰੂਪ ਵਿਚ ਪਹਿਲੀ ਹੋਂਦ ਨਾਲੋਂ ਵੱਖਰਾ ਦਿਸਦਾ ਹੈ ਜਿਹੜਾ ਕਿ ਝੂਠੀ ਮਹਿਮਾਂ ਤੇ ਰਾਜਸੀ ਉਪਦੇਸ਼ ਵਿਚ ਢਾਲਿਆ ਹੁੰਦਾ ਸੀ। ਅਜਿਹੇ ਭਾਂਤ ਦੇ ਯਥਾਰਥਵਾਦ ਵਿਚ ਜੋ ਬਦਲਦੇ ਯਥਾਰਥ ਨਾਲ ਕਦਾਚਿਤ ਬਦਲਦਾ ਨਹੀਂ ਸੀ। ਜਿਵੇਂ ਕਿ ਹੁਣ ਇਸ ਦਹਾਕੇ ਨੇ ਵਿਸ਼ਿਆਂ ਰੂਪਾਂ ਤੇ ਸ਼ੈਲੀਆਂ ਦਾ ਪ੍ਰਫੁਲਣ ਵੇਖਿਆ ਹੈ। ਹੁਣ ਚੀਨੀ ਲੇਖਕ ਨੂੰ ਆਪਣੀ ਚੋਣ ਦੀ ਆਜ਼ਾਦੀ ਦਾ ਹੱਕੀ ਦਾਹਵਾ ਮੁੜ ਪ੍ਰਾਪਤ ਹੋ ਗਿਆ ਹੈ। ਉਹ ਨਵੇਂ ਰੂਪਾਂ ਤੇ ਸ਼ੈਲੀਆਂ ਵਿਚ ਤਜਰਬੇ ਕਰਨ ਦਾ ਫੈਸਲਾ ਕਰ ਸਕਦਾ ਹੈ ਤੇ ਹਰ ਵਿਸ਼ੇ ਤੇ ਲਿਖ ਸਕਦਾ ਹੈ, ਭਾਵੇਂ ਇਹ ਸ਼ਹਿਰ ਹੋਵੇ, ਜਾਂ ਪੇਂਡੂ ਜੀਵਨ, ਸਮਾਜੀ ਵਿਰੋਧ, ਆਮ ਲੋਕ, ਅਵਚੇਤਨ ਆਪਾ ਜਾਂ ਪੇਂਡੂ ਜਾਂ ਨਵੀਂ ਪੀੜੀ ਦਾ ਮਨੋਵਿਗਿਆਨ ਹੋਵੇ, ਉਹ ਚੀਨ ਦੇ ਆਰਥਕ ਸੁਧਾਰਾਂ ਬਾਰੇ ਉਤਸ਼ਾਹ ਰੱਖੇ ਜਾਂ ਆਪਣੇ ਸ਼ੀਸ਼ ਮਹੱਲ ਵਿਚ ਜਾ ਬੈਠੇ ਤੇ ਬਿਨਾਂ ਕਾਰਨ ਦੇ ਪੀੜ ਦੀ ਸ਼ਿਕਾਇਤ ਕਰੇ। ਅੱਜ ਚੀਨੀ ਲੇਖਕਾਂ ਦੀ ਜਥੇਬੰਦੀ ਦੇ 3000 ਮੈਂਬਰ ਹਨ, ਜਿਹਨਾਂ ਵਿਚੋਂ ਬਹੁ-ਗਿਣਤੀ ਇਹਨਾਂ ਦਸਾਂ ਸਾਲਾਂ ਵਿਚ ਪ੍ਰਸਿਧ ਹੋਈ ਹੈ।

ਸਾਹਿਤ ਦੇ ਇੱਕ ਆਲੋਚਕ ਹੋਣ ਦੇ ਨਾਤੇ ਮੈਂ ਅਨੁਭਵ ਕਰਦਾ ਹਾਂ ਕਿ ਕਿ ਚੀਨੀ ਸਾਹਿਤ ਪਹਿਲਾਂ ਹੀ ਆਪ ਸਹੇੜੀ ਇਕੱਲਤਾ ਵਿੱਚੋਂ ਬਾਹਰ ਆ ਚੁੱਕਾ ਹੈ ਤੇ ਸੰਸਾਰ ਸਾਹਿਤ ਦੇ ਭਾਗ ਵਜੋਂ ਆਪਣੇ ਪੈਰਾਂ ਤੇ ਖਲੋਣਾ ਸ਼ੁਰੂ ਕਰ ਰਿਹਾ ਹੈ। ਸਾਫ ਸ਼ਬਦਾਂ ਵਿਚ ਮੈਂ ਪੂਰੀ ਤਰ੍ਹਾਂ ਉਸ ਗੱਲ ਨਾਲ ਸਤੁੰਸ਼ਟ ਨਹੀਂ ਜੋ ਚੀਨ ਦੇ ਸਾਹਿਤਕ ਹਲਕਿਆਂ ਵਿਚ ਵਾਪਰਿਆ ਹੈ, ਨਾ ਮੇਰਾ ਇਹ ਇਰਾਦਾ ਹੈ ਕਿ ਇਸ ਦਹਾਕੇ ਦੀਆਂ ਪ੍ਰਾਪਤੀਆਂ ਨੂੰ ਵਧਾ-ਚੜ੍ਹਾ ਕੇ ਪੇਸ਼ ਕਰਾਂ। ਕੋਈ ਵੀ ਇਸ ਤੱਥ ਨੂੰ ਰੱਦ ਨਹੀਂ ਕਰ ਸਕਦਾ ਕਿ ਬਹੁਤ ਦੇਰ ਨਹੀਂ ਹੋਈ, ਜਦੋਂ ਚੀਨ ਇਕ ਵੱਖਰੇ ਸੰਸਾਰ ਵਿਚ ਸੀ, ਜਿੰਨ੍ਹਾਂ ਬਾਰੇ ਕਿ ਉਹ ਤਿਆਰ ਸਨ ਜਦੋਂ ਉਹ ਲਿਖਦੇ ਹਨ ਆਪਣੇ ਚਿੱਥਣ ਨਾਲੋਂ ਵੱਡੀ ਬਦੇਸ਼ੀ ਪ੍ਰੇਰਨਾ ਦੀ ਬੁਰਕੀ ਨੂੰ ਦੰਦ ਮਾਰਦੇ ਹਨ ਤੇ ਕਈ ਵਾਰ ਉਹ ਰਚਨਾਤਮਿਕ ਨਾਲੋਂ ਨਕਲਈ ਵਧੇਰੇ ਹੁੰਦੇ ਹਨ। ਨਵੇਂ ਖਿਆਲਾਂ ਤੇ ਸਿਧਾਂਤਾਂ ਦਾ ਹੜ੍ਹ ਜੋ ਲੇਖਕਾਂ ਦੀ ਨਵੀਂ ਫਸਲ ਆਮ ਕਰਕੇ ਪੇਸ਼ ਕਰਦੀ ਹੈ, ਉਹਨਾਂ ਨੂੰ ਗੰਭੀਰਤਾ ਨਾਲ ਹਜ਼ਮ ਨਹੀਂ ਕੀਤਾ ਹੁੰਦਾ ਤੇ ਇਹ ਇਹਨਾਂ ਦੇ ਪੱਛਮੀ ਮੌਲਿਕ ਲਿੱਖਤਾਂ ਵਿਚ ਖੁਰਾ ਨੱਪਿਆ ਜਾ ਸਕਦਾ ਹੈ। ਕਈ ਅਤਿ ਦੇ ਕੇਸਾ ਵਿਚ ਚੀਨੀ ਪਾਠਕ ਨਾਲ ਏਨਾ ਭੱਦਾ ਵਿਹਾਰ ਕੀਤਾ ਜਾਂਦਾ ਹੈ ਕਿ ਪੱਛਮੀ ਖੁਰਾਕ ਧੱਕੇ ਨਾਲ ਉਸ ਦੇ ਗਲੇ ਵਿਚ ਧੱਕ ਦਿੱਤੀ ਜਾਂਦੀ ਹੈ। ਮਿਸਾਲ ਵਜੋਂ ਸਾਰੇ ਜੀਵਨ ਨੂੰ ਪਾਸੇ ਰੱਖ, ਬਿਨਾਂ ਕਾਰਨ ਤੋਂ ਸਵੈ-ਤਰਸ ਤੇ ਆਤਮ ਪੂਜਾ ਦੀ ਭਾਵਨਾਂ ਨੂੰ ਪੇਸ਼ ਕੀਤਾ ਜਾਂਦਾ ਹੈ। ਕਈ ਪੂਰੇ ਪੈਰੇ ਮਿਲ ਜਾਣਗੇ ਜਿਹਨਾਂ ਵਿਚ ਕੋਈ ਵਸਤੂ ਨਹੀਂ ਹੁੰਦੀ, ਜਿਸ ਵਿਚ ਭਾਸ਼ਾ ਦੇ ਕੁਦਰਤੀ ਵਹਾਅ ਵਿਚ ਵਿਘਨ ਪਾਇਆ ਗਿਆ ਹੁੰਦਾ ਹੈ ਜਾਂ ਸਾਰੇ ਹੀ ਵਿਸ਼ਰਾਮ ਚਿੰਨ ਹਟਾ ਦਿੱਤੇ ਗਏ ਹੁੰਦੇ ਹਨ, ਜਦੋਂ ਕਿ ਸਾਨੂੰ ਉਹਨਾਂ ਸਮੱਸਿਆਵਾਂ ਦੇ ਪੇਸ਼ ਕਰਨ ਦੀ ਆਜ਼ਾਦੀ ਦੇਣੀ ਚਾਹੀਦੀ ਹੈ, ਜਿਹੜੀਆਂ ਸਭਿਆਤਾਵਾਂ ਆਪੋ ਵਿਚ ਸੰਚਾਰ ਕਰਦੀਆਂ ਜਾ ਆਪਸ ਵਿਚ ਟਕਰਾਉਂਦੀਆਂ ਹਨ, ਤੇ ਸਾਨੂੰ ਉਹਨਾ ਗੰਭੀਰ ਪ੍ਰਤੀਕਰਮਾ ਨੂੰ ਅਣਡਿੱਠ ਨਹੀਂ ਕਰਨਾ ਚਾਹੁੰਦਾ ਜਿਹੜੇ ਚੀਨੀ ਪਾਠਕਾਂ ਵਿਚ ਉਪਜਦੇ ਹਨ।

ਇਹ ਸਮੱਸਿਆਵਾਂ ਸਿਰਫ ਇਹ ਗੱਲ ਸਪਸ਼ਟ ਕਰਦੀਆਂ ਹਨ ਕਿ ਚੀਨ ਦਾ ਨਵਾਂ ਸਾਹਿਤ ਹਾਲੀ ਸੰਕਰਾਂਤੀ ਪੜਾਅ ਵਿਚੋਂ ਲੰਘ ਰਿਹਾ ਹੈ ਤੇ ਇਸ ਨੇ ਹਾਲੀ ਪ੍ਰਪੱਕਤਾ ਪ੍ਰਾਪਤ ਕਰਨੀ ਹੈ। ਪੂਰੀ ਉਚਾਈ ਦੇ ਖਲੋਣ ਲਈ, ਇਸ ਵਾਸਤੇ ਬਹੁਤ ਸਾਰੀ ਰਚਨਾਤਮਿਕ ਸ਼ਕਤੀ ਤੇ ਮਿਹਨਤ ਲੱਗੇਗੀ। ਇਹ ਆਸ ਕਰਨੀ ਚਾਹੀਦੀ ਹੈ ਕਿ ਇਹ ਉਦੇਸ਼ ਨੇੜ ਭਵਿੱਖ ਵਿਚ ਪੂਰਾ ਕਰ ਲਿਆ ਜਾਵੇਗਾ ਤੇ ਪ੍ਰਪੱਕਤਾ ਦੀ ਸੁਗੰਧੀ ਵਾਲਾ ਨਵਾਂ ਸਾਹਿਤ ਜੋ ਆਪਣੇ ਸਮੇਂ ਦੇ ਅਨੁਕੂਲ ਤੇ ਵੱਖਰੇ ਚੀਨੀਪੁਣੇ ਦੀ ਪਛਾਣ ਵਾਲਾ ਹੋਵੇਗਾ, ਸੰਸਾਰ ਸਾਹਿਤ ਨੂੰ ਵੱਡਾ ਦੇਣ ਦੇਵੇਗਾ। ***(ਚੀਨੀ ਸਾਹਿਤ ਤ੍ਰੈ-ਮਾਸਕ ਵਿਚੋਂ)***

## ਬਾਜ਼ ਨੂੰ ਕਾਬੂ ਕਰਨਾ/ਜ਼ਹਾਓ ਡੇਨੀਅਨ

ਨਾਟਕਕਾਰ ਚੰਨ ਬਹੁਤਾ ਕੰਮ ਕਰਨ ਕਰ ਕੇ ਅਖ਼ੀਰ ਬੀਮਾਰ ਹੋ ਜਾਂਦਾ ਹੈ। ਉਸ ਦੇ ਟੀ. ਵੀ. ਨਾਟਕ ਦੀ ਪੜਤਾਲ ਹੁੰਦੀ ਹੈ, ਤਾਈਦ ਹੁੰਦੀ ਹੈ, ਨਿਘੋਰਾਂ ਕੱਢੀਆਂ ਜਾਂਦੀਆਂ ਹਨ, ਆਲਚੋਨਾ, ਬਹਿਸ, ਸਲਾਹ ਮਸ਼ਵਰਾ, ਤਸੀਹੇ, ਆਗਿਆ। ਇਨਕਾਰ, ਭੰਨ-ਤੋੜ, ਸਾਂਝ ਭਿਆਲੀ, ਪੁਨਰ ਸੁਰਜੀਤੀ, ਪੁਨਰ ਆਗਿਆ, ਮੁਕਰਨਾ, ਹਮਲਾ, ਮੱਕਾਰੀ ਫਿਰ ਇਨਕਾਰ, ਇਲਜ਼ਾਮ ਤਰਾਸ਼ੀ, ਤੰਗੀ, ਕਰੂਪ ਕਰਨਾ, ਰੁੱਖਾ-ਵਿਹਾਰ, ਠੰਢਾ-ਤੱਤਾ ਹੋਣਾ, ਤਿੰਨ ਸਾਲ, ਤਿੰਨ ਮਹੀਨੇ, ਤਿੰਨ ਦਿਨਾਂ ਤੀਕ ਨਾਂਹ ਤੇ ਨਾਂਹ। ਫਿਰ ਲਿਖਣਾ, ਛੇ ਸੰਪਾਦਕਾਂ ਵੱਲੋਂ ਸਤਾਈ ਵਾਰ ਲਗਨ ਨਾਲ ਦੁਬਾਰਾ ਲਿਖਣਾ ਤੇ ਅਖ਼ੀਰ ਇਸ ਦੀ ਫਿਲਮ ਬਣਾਉਣ ਦਾ ਇਸ਼ਾਰਾ ਮਿਲਦਾ ਹੈ।

ਪਰ ਮਾਨਸਿਕ ਤੇ ਸਰੀਰਕ ਤੌਰ ਤੇ, ਥੱਕ ਟੁੱਟ ਕੇ ਅਖ਼ੀਰ ਚੰਨ ਡਿੱਗ ਪੈਂਦਾ ਹੈ ਤੇ ਤਾਜ਼ੀ ਹਵਾ, ਉਡਦੇ ਚਿੱਟੇ ਬੱਦਲਾਂ ਤੇ ਨਿਰਮਲ ਆਕਾਸ਼ ਵਿਚ ਉਡਦੇ ਬਾਜ਼ਾਂ ਤੇ ਬੇਅੰਤ ਹਰੇ ਘਾਹ ਨੂੰ ਤੱਕਣ ਲਈ ਨਿਕਲ ਤੁਰਦਾ ਹੈ। ਹਰਿਆਵਲ ਜੋ ਜੀਵਨ ਦਾ ਸੋਮਾ ਹੈ ਤੇ ਤੱਕਣ ਵਾਲੇ ਨੂੰ ਕੁਦਰਤ ਕੋਲ ਲੈ ਆਉਂਦੀ ਹੈ।

ਉਹ ਇੱਕ ਪੁਰਾਣੇ ਸ਼ਿਕਾਰੀ ਜਾਮੂਲੇ ਨੂੰ ਮਿਲਦਾ ਹੈ ਤੇ ਉਸ ਦੇ ਨਵੇਂ ਉਸਰੇ 'ਬੀਜਿੰਗ ਬੰਗਲੇ' ਵਿਚ ਠਹਿਰਦਾ ਹੈ, ਇਸ ਬੰਗਲੇ ਦਾ ਇਹ ਨਾਂ ਇਸ ਦੀ ਸ਼ੈਲੀ ਕਾਰਨ ਪਿਆ ਹੈ। ਇਸ ਦੀ ਚੋੜੀ ਛੱਤ, ਲਾਲ ਇੱਟਾਂ ਤੇ ਪਹਿਲਾਂ ਹੀ ਤਿਆਰ ਢਾਂਚੇ ਕਾਰਨ, ਜਿਹੜਾ ਬੀਜਿੰਗ ਦੇ ਨੇੜਲਾ ਹਿੱਸਿਆ ਤੋਂ ਨਕਲ ਕੀਤਾ ਜਾਂਦਾ ਹੈ ਭਾਵੇਂ ਕਿ ਚੰਨ ਨੇ ਪੁਰਾਣੇ ਬੈਲ-ਗੱਡੇ ਜਾਂ ਮੰਗੋਲੀਅਨ ਤੰਬੂ ਨੂੰ ਵਧੇਰਾ ਪਸੰਦ ਕਰਨਾ ਸੀ।

ਹਰ ਰੋਜ਼ ਜਾਮੂਲੇ ਘੋੜਾ ਤੇ ਨਿਕਲਦਾ ਹੈ। ਗੁੱਟ ਤੇ ਆਪਣੇ ਬਾਜ਼ ਨੂੰ ਬਿਠਾਈ ਸ਼ਿਕਾਰ ਤੇ ਨਿਕਲਦਾ ਹੈ, ਇਹ ਖ਼ੂਖਾਰ ਪੰਛੀ ਸਿਰਫ ਸਹੇ, ਲੂੰਬੜੀਆਂ ਤੇ ਬੱਗੜ ਬਿੱਲੇ ਹੀ ਨਹੀਂ ਫੜਦਾ ਸਗੋਂ ਆਪਣੇ ਤਿੱਖੇ ਪੰਜਿਆਂ ਨਾਲ ਮਿਰਗਾਂ ਨੂੰ ਅੰਨ੍ਹਿਆਂ ਕਰ ਸੁਟਦਾ ਹੈ।

ਜਿਹੜੀ ਗੱਲ ਚੰਨ ਨੂੰ ਪ੍ਰੇਸ਼ਾਨ ਕਰਦੀ ਹੈ ਉਹ ਇਹ ਕਿ ਬਾਜ਼ ਕਦੇ ਵੀ ਜਾਮੂਲੇ ਤੋਂ ਬਿਨਾਂ ਨਾ ਕਦੇ ਉਡਦਾ ਹੈ ਤੇ ਨਾਹੀ ਕੁਝ ਖਾਂਦਾ ਹੈ।

"ਬਾਜ਼ ਉਹ ਚੀਜ਼ ਕਿਉਂ ਨਹੀਂ ਖਾਂਦਾ ਜੋ ਮੈਂ ਖਵਾਉਂਦਾ ਹਾਂ" ਚੰਨ ਪੁੱਛਦਾ ਹੈ।

"ਇਸ ਨੂੰ ਸਿਖਿਅਤ ਕੀਤਾ ਗਿਆ ਹੈ ਕਿ ਨਾ ਖਾਵੇ" ਜਾਮੂਲੇ ਮਾਣ ਨਾਲ ਉੱਤਰ ਦਿੰਦਾ ਹੈ।

ਉਸ ਦਿਨ ਜਾਮੂਲੇ ਨੇ ਦੋ ਹਰਨਾਂ ਦੀਆਂ ਆਤੜੀਆਂ ਨੂੰ ਵੱਡੀ ਖ਼ਾਲੀ ਟੋਕਰੀ ਨਾਲ ਤੇ ਸਣ ਦੇ ਧਾਗੇ ਤੇ ਸੂਤ ਨਾਲ ਘੁੱਟ ਕੇ ਬੰਨ੍ਹ ਦਿੱਤਾ ਹੈ ਤੇ ਉਸ ਨੂੰ ਘਰ ਦੀ ਛੱਤ ਤੇ ਰੱਖ ਦਿੰਦਾ ਹੈ।

ਛੇਤੀ ਹੀ ਇਕ ਜਵਾਨ ਬਾਜ਼ ਪ੍ਰਗਟ ਹੁੰਦਾ ਹੈ ਤੇ ਸਿਰਾਂ ਤੇ ਘੁੰਮਣ ਲੱਗਦਾ ਹੈ। ਇਹ ਆਂਤੜੀਆਂ ਦੇ ਗੁੱਛੇ ਤੇ ਨਜ਼ਰ ਮਾਰਦਾ ਹੈ ਤੇ ਹਵਾਈ ਜਹਾਜ਼ ਵਾਂਗ ਚੁੱਭੀ ਮਾਰਦਾ ਹੈ ਛੱਤ ਤੇ ਪਹੁੰਚ ਆਪਣੇ ਤਾਕਤਵਰ ਪਹੁੰਚੇ ਆਂਤੜੀਆਂ ਵਿਚ ਖੁਭੋ ਦਿੰਦਾ ਹੈ, ਜਿਸ ਨਾਲ ਛੇ ਇੰਚ ਘੇਰੇ ਹੀ ਟੋਕਰੀ ਬੱਝੀ ਹੁੰਦੀ ਹੈ ਤੇ ਆਕਾਸ਼ ਵਿਚ ਉੱਚਾ ਉੜ ਜਾਂਦਾ ਹੈ।

ਬਾਜ਼ ਨਾਲ ਵੱਡਾ ਦਾਅ ਖੇਡਿਆ ਗਿਆ ਹੈ। ਪਹਿਲਾਂ ਇਸ ਦੇ ਪਹੁੰਚੇ ਗੰਢਾਂ ਨੂੰ ਪਕੜਦੇ ਹਨ ਫਿਰ ਇਸ ਦੇ ਪੈਰਾਂ ਦੇ ਤਰਾਜ਼ੂ ਸਣ ਦੀਆਂ ਦੀਆਂ ਗੁੰਝਲਾਂ ਵਿਚ ਫਸ ਜਾਂਦੇ ਹਨ ਜਦ ਕਿ ਉਸ ਦਾ



ਹੰਕਾਰ ਤੇ ਭੁੱਖ ਉਸ ਨੂੰ ਆਂਤੜੀਆਂ ਨੂੰ ਥੱਲੇ ਸੁਟਣ ਤੋਂ ਵਰਜਦੀਆਂ ਹਨ। ਜੋ ਵੱਡੀ ਟੋਕਰੀ ਨਾਲ ਉੱਡਣਾ ਔਖਾ ਹੈ ਤਾਂ ਇਸ ਤੋਂ ਵੀ ਵੱਧ ਬੁਰਾ ਹੇਠਲੀਆਂ ਨਦੀਆਂ, ਘਾਹ ਦਾ ਮੈਦਾਨ ਬਿਰਖ ਤੇ ਪਿੰਡ ਵੇਖਣਾ ਹੈ। ਹੇਠਾਂ ਤੋਂ ਉਹਨਾਂ ਤੋਂ ਡਰਦਾ ਇਹ ਉੱਚਾ ਹੀ ਉੜਦਾ ਜਾਂਦਾ ਹੈ ਤੇ ਸਾਹੋ ਸਾਹ ਹੋਇਆ ਮੁੜਕੇ ਨਾਲ ਭਿੱਜਾ ਆਪਣੀਆਂ ਨਜ਼ਰਾਂ ਸਿਤਾਰਿਆਂ ਤੇ ਟਿਕਾਈ ਮੂੰਹ ਵਿਚੋਂ ਝੱਗ ਛੱਡਦਾ ਹੈ। ਖੰਭ ਤੇ ਟੋਕਰੀ ਪ੍ਰੇਸ਼ਾਨੀ ਪੈਦਾ ਕਰਦੇ ਹਨ ਤੇ ਚੱਕਰ, ਤੇ ਪਿਛਲੇ ਪਾਸੇ ਦੀਆਂ ਰੰਗ ਬਿਜਲਈ ਤਰੰਗਾਂ ਸਾਹਮਣੀਆਂ ਬਿਜਲਈ ਤਰੰਗਾਂ ਜਾਂ ਇਕ ਦੂਜੀ ਨੂੰ ਕੱਟਦੀਆਂ ਤਰੰਗਾਂ ਏਨੀਆ ਗੁੰਝਲਦਾਰ ਹੁੰਦੀਆਂ ਹਨ ਕਿ ਬਾਜ਼ ਦੀ ਗੱਲ ਛੱਡੋ। ਇਹਨਾਂ ਦੇ ਭੇਤ ਜਾਨਣ ਲਈ ਡਾ. ਕੁਈਨ ਅਕਸੈਰੀ ਵਰਗੇ ਹਵਾਈ-ਉਡਾਣ-ਵਿਗਿਆਨ ਸਾਗਰ ਨੂੰ ਤੀਹ ਸਾਲ ਲੱਗਣਗੇ। ਇਸ ਦੀ ਪੂਛ ਸੰਤੁਲਨ ਕਾਇਮ ਰੱਖਣ ਤੇ ਅੱਗੇ ਜਾਣ ਲਈ ਆਪਣੀ ਯੋਗਤਾ ਗਵਾ ਬਹਿੰਦੀ ਹੈ ਤੇ ਇਸ ਦਾ ਮੂੰਹ ਖਤਰਨਾਕ ਬਣ ਜਾਂਦਾ ਹੈ।

ਨਾਟਕ ਲੇਖਕ ਲਈ ਇਹ ਸਾਰਾ ਕੁਝ ਅੱਖਾਂ ਖੋਲ੍ਹਣ ਵਾਲਾ ਹੈ। ਉਤਾਂਹ ਵੇਖਦੇ ਹੋਏ ਉਹ ਬਾਜ਼ ਦੀ ਥਾਂ ਸਵੈ-ਚਲਿੱਤ ਟੋਕਰੀ ਵੇਖ ਕੇ ਹੈਰਾਨ ਹੋ ਜਾਂਦਾ ਹੈ ਜਿਹੜੀ ਤਸ਼ਤਰੀ ਵਾਂਗ ਜਾਂ ਬਾਹਰਲੇ ਪੁਲਾੜ ਵਿਚੋਂ ਕੋਈ ਹੋਰ ਚੀਜ਼ ਪ੍ਰਤੀਤ ਹੁੰਦੀ ਹੈ, ਜੋ ਜਾਮੂਲੇ ਦੀ ਛੱਤ ਉੱਤੇ, ਬਿਨਾਂ ਸਿਰ ਤੋਂ ਉੱਡਦੀ ਸੀ,

ਜਾਮੂਲੇ ਆਪਣੀਆਂ ਅੱਖਾਂ ਨੂੰ ਥੋਹੜਾ ਕੁ ਮੀਟਦਾ ਹੈ ਸਿਗਰਿਟ ਪੀ ਕੇ ਦੁੱਧ ਵਾਲੀ ਚਾਹ ਪੀਂਦਾ ਬਾਜ਼ ਵੱਲ ਤੱਕਦਾ ਹੀ ਨਹੀਂ ਤੇ ਬੜੇ ਭਰੋਸੇ ਨਾਲ ਭਵਿਖ ਬਾਣੀ ਕਰਦਾ ਹੈ, 'ਉਸ ਸਾਰੇ ਸਾਮਾਨ ਨਾਲ ਉਹ ਇੱਕ ਘੰਟੇ ਤੋਂ ਵੱਧ ਉੱਪਰ ਨਹੀਂ ਠਹਿਰ ਸਕੇਗਾ।'

ਉਹ ਠੀਕ ਆਖਦਾ ਹੈ। ਟੋਕਰੀ ਉਹਨਾਂ ਤੋਂ ਸੌ ਗਜ਼ ਦੀ ਦੂਰੀ ਤੇ ਆਣ ਲੱਥਦੀ ਹੈ ਤੇ ਬਾਜ਼ ਮੁੜਕੇ ਨਾਲ ਗੜੁੱਚ ਥੱਕਿਆ ਹੋਇਆ ਜਾਮੂਲੇ ਦੇ ਰਹਿਮ ਤੇ ਹੁੰਦਾ ਹੈ।

ਉਹ ਬਾਜ਼ ਨੂੰ ਛਤਰੀ ਤੇ ਬਿਠਾਉਂਦਾ ਹੈ ਤੇ ਇੱਕ ਲੱਤ ਨਾਲ ਬੰਨ੍ਹ ਦਿੰਦਾ ਹੈ ਇਹ ਇੱਕ ਝੂਲੇ ਵਾਂਗ ਹੈ ਜੋ ਇੱਕ ਸੋਟੀ ਦੋ ਰੱਸੀਆ ਨਾਲ ਬੱਧੀ ਲਮਕਦੀ ਹੈ। ਕਦੇ ਕਦੇ ਉਹ ਇਸ ਨੂੰ ਹੂਟਾ ਦੇ ਦਿੰਦਾ ਹੈ ਤੇ ਇਹ ਕਈ ਮਿੰਟ ਝੂਲਦੀ ਰਹਿੰਦੀ ਹੈ, ਤਾ ਕਿ ਬਾਜ਼ ਟਿੱਕ ਨਾ ਸਕੇ ਤੇ ਨਾ ਹੀ ਸੌਂ ਸਕੇ। ਭਾਵੇਂ ਇਹ ਕਿੰਨਾ ਹੀ ਥੱਕਿਆ ਹੋਵੇ ਤੇ ਇਸ ਨੂੰ ਸੋਟੀ ਘੁੱਟ ਕੇ ਪਕੜਨੀ ਪੈਂਦੀ ਹੈ ਤੇ ਆਪਣੇ ਪੀੜ ਕਰਦੇ ਖੰਭਾਂ ਨਾਲ ਇਸ ਦਾ ਸੰਤੁਲਨ ਕਾਇਮ ਰੱਖਣਾ ਪੈਂਦਾ ਹੈ। ਰਾਤ ਨੂੰ ਉਹ ਝੂਲੇ ਲਾਗੇ ਇਕ ਬਿਜਲੀ ਦਾ ਬਲਬ ਲਟਕਾ ਦਿੰਦਾ ਹੈ। ਜੋ ਪ੍ਰੇਸ਼ਾਨ ਕਰਦਾ ਹੈ, ਕਿਉਂਕਿ ਇਹ ਡਰਦਾ ਹੈ ਕਿ ਕਿਤੇ ਇਸ ਦੇ ਖੰਭ ਸੜ ਨਾ ਜਾਣ। ਨਤੀਜੇ ਵਜੋਂ ਇਹ ਸਾਰੀ ਰਾਤ ਸੌਣ ਦੀ ਜੁਰਅਤ ਨਹੀਂ ਕਰਦਾ। ਅਸਲੀ ਤਸੀਹੇ ਅਗਲੇ ਦਿਨ ਆਰੰਭ ਹੁੰਦੇ ਹਨ।

ਬਾਜ਼ ਆਪਣੀਆਂ ਅੱਖਾਂ ਬੜੀ ਮੁਸ਼ਕਿਲ ਨਾਲ ਖੁਲ੍ਹੀਆਂ ਰੱਖਦਾ ਹੈ। ਜਦੋਂ ਹੀ ਉਹ ਉਂਘਲਾਉਣ ਲਗਦਾ ਹੈ, ਜਾਮੂਲੇ ਇਸ ਨੂੰ ਇਕ ਵੇਲ ਨਾਲ ਸੱਟ ਮਾਰਦਾ ਹੈ। ਅਣਕਿਆਸਿਆ ਦੁਖ! ਇਹ ਟਾਹਣੀ ਨੂੰ ਘੂਰਦਾ ਹੈ, ਤੇ ਲੜਨ ਲਈ ਅਹੁਲਦਾ ਹੈ। ਤੀਸਰੇ ਦਿਨ ਨੀਂਦਰੇ ਕਾਰਨ ਇਸ ਦੀਆਂ ਅੱਖਾਂ ਲਾਲ ਹੋ ਜਾਂਦੀਆਂ ਹਨ। ਅੱਧ-ਭੁੱਖਾ, ਇਹ ਖੁਰਾਕ ਲਈ ਤਰਸਦਾ ਚੀਂ ਚੀਂ ਕਰਨ ਲੱਗਦਾ ਹੈ।

ਇੱਕ ਗਵਾਂਢੀ ਸਹਾਇਤਾ ਲਈ ਆਣ ਪ੍ਰਗਟ ਹੁੰਦਾ ਹੈ। ਉਹ ਸਣ ਦੇ ਧਾਗੇ ਦਾ ਇੱਕ ਗੋਲਾ ਤਿਲਾਂ ਦੇ ਤੇਲ ਵਿਚ ਭਿਉਂਦਾ ਹੈ ਤੇ ਭੁੱਖੇ ਬਾਜ਼ ਨੂੰ ਖਵਾਉਂਦਾ ਹੈ, ਜੋ ਟਿੱਕੇ ਹੀ ਘੁੱਟ ਨਾਲ ਅੰਦਰ

ਲੰਘਾ ਲੈਂਦਾ ਹੈ ਇਸ ਗੱਲ ਤੋਂ ਬੇਖਬਰ ਕਿ ਧਾਗੇ ਦਾ ਇੱਕ ਸਿਰਾ ਗਵਾਂਢੀ ਦੇ ਹੱਥਾਂ ਵਿਚ ਹੈ। ਇੱਕ ਮਿੰਟ ਬਾਅਦ ਉਹ ਇਸ ਨੂੰ ਬਾਹਰ ਨੂੰ ਖਿੱਚਣ ਲੱਗਦਾ ਹੈ ਤੇ ਵਿਚਾਰੇ ਜਾਨਵਰ ਦੇ ਅੰਦਰਲੇ ਭਾਗ ਨੂੰ ਝਟਕਾ ਦਿੰਦਾ ਹੈ, ਜਿਸ ਨਾਲ ਅਖੀਰ ਉਸ ਦੀਆਂ ਚਿੱਟੀਆਂ ਚਿੱਟੀਆਂ ਅੱਖਾਂ ਬਾਹਰ ਨਿਕਲਦੀਆਂ ਹਨ ਤੇ ਉਸ ਦੀਆਂ ਆਂਦਰਾ ਤੇ ਮਿਹਦੇ ਵਿਚੋਂ ਚਰਬੀ ਤੇ ਲਹੂ ਬਾਹਰ ਖਿਚੀਦਾ ਹੈ।

ਬਾਜ਼ ਇੱਕ ਬੰਦੇ ਦਾ ਦੂਸਰੇ ਨਾਲੋਂ ਨਿਖੇੜਾ ਕਰ ਕਰਦਾ ਹੈ ਤੇ ਪਿੱਛੋ ਜਦੋਂ ਗਵਾਂਢੀ ਇਸ ਨੂੰ ਸਹੇ ਦਾ ਮਾਸ ਖਵਾਉਂਦਾ ਹੈ ਤਾਂ ਉਹ ਛੂਹੰਦਾ ਤੱਕ ਨਹੀਂ। ਇੱਕ ਹੋਰ ਗਵਾਂਢੀ ਤੇ ਫਿਰ ਇੱਕ ਹੋਰ ਉਸ ਨੂੰ ਖਵਾਉਂਦਾ ਹੈ ਤੇ ਡੋਰ ਨੂੰ ਖਿੱਚਦਾ ਹੈ ਤੇ ਅਖੀਰ, ਇਹ ਬਾਜ਼ ਉਹਨਾਂ ਸਾਹਿਆ ਤੋਂ ਹੀ ਕੋਈ ਚੀਜ਼ ਖਾਣੋਂ ਨਾਂਹ ਕਰ ਦਿੰਦਾ ਹੈ।

ਸਿਰਫ ਉਦੋ ਹੀ ਜਾਮੂਲੇ ਬਾਜ਼ ਦੀ ਮੁੜੀ ਹੋਈ ਚੁੰਝ ਆਪਣੇ ਅੰਗੂਠੇ ਤੇ ਉਂਗਲੀ ਨਾਲ ਖੋਲਦਾ ਹੈ ਤੇ ਇਸ ਨੂੰ ਲਹੂ ਚੋਂਦਾ ਬੱਕਰੇ ਦਾ ਮਾਸ ਖਵਾਉਂਦਾ ਹੈ। ਇਹ ਡੋਰ ਵੀ ਕਠੋਰ ਪੀੜ ਨਾਲੋਂ ਸੁਹਾਵਣੀ ਤਬਦੀਲੀ ਹੈ। ਸਾਜ਼ਿਸ਼ ਨੂੰ ਸਮਝਣ ਤੋਂ ਅਣਜਾਣ ਬੇਵਕੂਫ ਬਾਜ਼ ਅੱਥਰੂ ਵਹਾਉਂਦਾ ਆਪਣੇ ਬਚਾਉਣ ਵਾਲੇ ਨੂੰ ਪਛਾਣ ਲੈਂਦਾ ਹੈ।

ਖੂੰਖਾਰ ਬਾਜ਼ ਸਿਧਾਇਆ ਜਾ ਚੁੱਕਾ ਹੈ ਤੇ ਉਹ ਸਹਿਆਂ ਲੂਬੜੀਆਂ ਤੇ ਲੱਕੜ-ਬੱਗਿਆਂ ਦਾ ਆਗਿਆਕਾਰ ਸ਼ਿਕਾਰੀ ਬਣ ਜਾਂਦਾ ਹੈ। ਇਹ ਜਿੰਨਾ ਭੁੱਖਾ ਹੁੰਦਾ ਹੈ ਓਨੀ ਹੀ ਤੇਜ਼ੀ ਨਾਲ ਘਰ ਵਾਪਸ ਮੁੜਦਾ ਹੈ ਕਿਉਂਕਿ ਸਿਰਫ ਮਾਲਕ ਹੀ ਦਰਦ ਕਰਨ ਵਾਲੀ ਰੱਸੀ ਤੋਂ ਬਿਨਾਂ ਇਸ ਨੂੰ ਖੁਰਾਕ ਦੇਵੇਗਾ।

ਛੇਤੀ ਹੀ ਬੁੱਢਾ ਬਾਜ਼ ਮਰ ਜਾਂਦਾ ਹੈ ਤੇ ਉਸ ਨੂੰ ਅਜਾਇਬ ਘਰ ਨੂੰ ਵੇਚਣ ਲਈ ਘੋੜੇ ਤੇ ਲਿਜਾਇਆ ਜਾਂਦਾ ਹੈ।

ਚੰਨ ਨੂੰ ਨਵਾਂ ਅਨੁਭਵ ਪ੍ਰਾਪਤ ਹੁੰਦਾ ਹੈ ਤੇ ਉਹ ਮੁੜ ਪੈਰਾਂ ਸਿਰ ਹੋਇਆ ਘਾਹ ਦੇ ਮੈਦਾਨ ਨੂੰ ਤਿਆਗ ਵਾਪਸ ਆ ਜਾਂਦਾ ਹੈ। *(ਬੀਜਿੰਗ 14 ਮਈ, 1987) ਚੀਨੀ ਸਾਹਿਤ, ਬਸੰਤ ਅੰਕ 1989 ਵਿਚੋਂ ਅੰਗ੍ਰੇਜ਼ੀ ਵਿਚੋਂ ਅਨੁਵਾਦ : ਹ.ਸ.ਹ.)*

---

## ਹਾਈ ਫਾਂਗ ਨੂੰ ਜਾਦਿਆਂ

*/ਗਾਊ-ਮੋ-ਗਊ*

ਹਰ ਪਿੰਡ ਦੇ ਸਿਰੇ ਤੇ
ਸ਼ਹੀਦਾਂ ਦਾ ਕਬਰਸਤਾਨ ਹੈ
ਅਸੀਂ ਇਸ ਦਾ ਸਤਿਕਾਰ ਕਰਦੇ ਹਾਂ
ਤੇ ਇਹ ਥਾਂ ਸਾਨੂੰ ਸੋਚਣ ਲਈ ਮਜਬੂਰ ਕਰਦੀ ਹੈ
ਕਿ ਕੋਈ ਨਵੀਂ ਚੀਜ਼ ਸਿਰਜਣੀ
ਕਿੰਨੀ ਮੁਸ਼ਕਲ ਹੁੰਦੀ ਹੈ।
ਇਹ ਉੱਤਰੀ ਵੀਤ ਨਾਮ ਹੈ
ਪਰ ਇਹ ਕੋਰੀਆ ਵੀ ਹੋ ਸਕਦਾ ਸੀ
ਸੂਰਮਿਆਂ ਦੇ ਲਹੂ ਨੇ
ਹਰ ਥਾਂ ਤੇ
ਝੰਡਿਆਂ ਨੂੰ ਗੂੜ੍ਹਾ ਲਾਲ ਰੰਗ ਚਾੜ੍ਹ ਦਿੱਤਾ ਹੈ।

□





## ਗਰਮੀਆਂ ਦਾ ਤਜਰਬਾ/*ਗੇ ਫੂਜੁਈ*

—1—

ਮੈਂ ਆਪਣੇ ਪਿਛਲੇ ਜਨਮ ਦਿਨ 'ਤੇ 32 ਸਾਲ ਦਾ ਹੋ ਗਿਆ ਸੀ। ਇਹ ਸਭ ਕੁਝ ਗਰਮੀਆਂ ਵਿਚ ਵਾਪਰਿਆ। ਉਸ ਸਮੇਂ ਤੋਂ ਲੱਗ ਕੇ ਮੈਨੂੰ ਕਈ ਵਾਰ ਇਕ ਅਨੁਭਵ ਹੋਇਆ ਹੈ, ਜਿਵੇਂ ਇਕ ਤਰ੍ਹਾਂ ਦੀ ਸਮਾਧੀ ਦੀ ਅਵਸਥਾ ਵਿਚ ਹੋਵਾਂ, ਇਕ ਅਜੀਬ ਭਾਵਨਾ ਮੇਰੇ ਮਨ ਵਿਚ ਰੜਕਦੀ ਰਹਿੰਦੀ ਹੈ, ਮਿਠਾਸ, ਕੁੜੱਤਣ ਤੇ ਖਟਾਸ ਦੀ...... ?

ਮੇਰੇ ਪਰਿਵਾਰ ਵਿਚ ਦੋ ਮੈਂਬਰ ਹਨ। ਮੇਰੀ ਚਾਰ ਸਾਲ ਦੀ ਧੀ ਸ਼ਾ-ਸ਼ਾ ਤੇ ਮੈਂ ਖੁਦ। ਪਿਛਲੀ ਬਸੰਤ ਰੁੱਤੇ, ਮੈਂ ਤਿੰਨ ਕਮਰਿਆਂ ਦਾ ਸੈੱਟ ਪ੍ਰਾਪਤ ਕਰਨ ਵਿਚ ਸਫਲ ਹੋ ਗਿਆ ਸੀ। ਜਿਸਦੇ ਅੱਗੇ ਤੇ ਪਿੱਛੇ ਬਰਾਂਡੇ ਸਨ। ਫਿਰ ਮੈਂ ਚੌਧਰ ਸਮਝਣ ਲੱਗਾ ਕਿ ਸਮੁੰਦਰ ਪਾਰ ਦੀ ਸੂਬਾਈ ਚੀਨੀ ਐਸੋਸੀਏਸ਼ਨ ਦਾ ਮੈਂਬਰ ਹੋਣਾ ਫੋਕੀ ਚੌਧਰ ਹੀ ਨਹੀਂ ਸੀ।

ਪਰ ਖੁੱਲ੍ਹੇ ਕਮਰਿਆਂ ਨੇ ਮੇਰੇ ਲਈ ਮੁਸ਼ਕਿਲ ਵੀ ਪੈਦਾ ਕੀਤੀ। ਉਹਨਾਂ ਦੀ ਸੰਭਾਲ ਕਰਨ ਲਈ ਮੈਨੂੰ ਕਾਫੀ ਤਾਕਤ ਤੇ ਸਮਾਂ ਖਰਚ ਕਰਨਾ ਪੈਂਦਾ। ਪਹਿਲਾਂ ਮੇਰੇ ਕੋਲ ਬਾਰਾਂ ਮੁਰੱਬਾ ਮੀਟਰ ਦੀ ਮਿਣਤੀ ਦਾ ਇਕ ਕਮਰਾ ਸੀ, ਵਿਚਕਾਰ ਖਲੋਅ ਕੇ ਚਾਰੇ ਪਾਸੇ ਘੁੰਮ ਕੇ ਸਾਫ ਕਰ ਸਕਦਾ ਸੀ। ਪਰ ਨਵੀਂ ਥਾਂ ਉਸ ਕਿਡੰਰਗਾਰਡਨ ਤੋਂ ਕਾਫੀ ਦੂਰ ਸੀ, ਜਿਥੇ ਕਿ ਸ਼ਾ ਸ਼ਾ ਹਰ ਰੋਜ਼ ਜਾਂਦੀ ਸੀ। ਜਦ ਮੈਂ ਉਸ ਨੂੰ ਲੈਣ ਜਾਂਦਾ ਹਾਂ ਤਾਂ ਮੈਨੂੰ ਦੋ ਵਾਰ ਬੱਸਾਂ ਬਦਲਣੀਆਂ ਪੈਂਦੀਆਂ ਹਨ। ਪਰ ਇਹ ਸ਼ਹਿਰ ਦਾ ਸਭ ਤੋਂ ਵਧੀਆ ਕਿੰਡਰਗਾਰਡਨ ਹੈ, ਤੇ ਸਮੁੰਦਰ ਪਾਰੋਂ ਦੇ ਚੀਨੀ ਹੋਣ ਦੇ ਮੇਰੇ ਅਹੁਦੇ ਕਾਰਨ ਮੈਂ ਸ਼ਾ ਸ਼ਾ ਨੂੰ ਉਥੇ ਭੇਜ ਸਕਦਾ ਸੀ। ਤੀਜੀ ਔਖ ਯੈਂਗ-ਨਾ ਨਾਂ ਦੀ ਇਕ ਸੈਲਾਨੀ ਔਰਤ ਦੀ ਹੈ, ਜੋ ਮੈਨੂੰ ਅਚਾਨਕ ਹੀ ਇੱਕ ਮਿਤਰ ਦੇ ਘਰ ਟੱਕਰੀ ਸੀ। ਜਦ ਮੈਂ ਕਮਰਾ ਬਦਲਿਆ ਤੇ ਉਹ ਝਾਤੀ ਮਾਰਨ ਆਈ ਸੀ ਤੇ ਉਸ ਵੇਲੇ ਤੋਂ ਲੱਗ ਕੇ ਅਕਸਰ ਹੀ ਆਉਂਦੀ ਜਾਂਦੀ ਹੈ। ਸ਼ਾਇਦ ਉਸ ਨੂੰ ਔਖ ਸਮਝਣਾ ਠੀਕ ਨਹੀਂ ਹੈ।

ਯੈਂਗ-ਨਾ ਬਹੁਤ ਸੁੰਦਰ ਹੈ।

ਮੇਰੀ ਸਾਬਕਾ ਪਤਨੀ ਵੀ ਬੜੀ ਸੁੰਦਰ ਸੀ। ਮੈਨੂੰ ਯਾਦ ਹੈ ਕਿ ਇਕ ਵਾਰ ਇਕ ਪਾਰਕ ਵਿਚ ਮੈਂ ਇਕ ਨੌਜਵਾਨ ਜੋੜਾ ਵੇਖਿਆ ਸੀ ਜੋ ਹੱਥ ਵਿਚ ਹੱਥ ਪਾਈ ਤਸਵੀਰ ਖਿਚਾਉਣ ਲਈ ਖਲੋਤਾ ਸੀ। ਨੌਜਵਾਨ ਕੁੜੀ ਕੁਝ ਬਦਸੂਰਤ ਸੀ, ਤੇ ਨੌਜਵਾਨ ਆਦਮੀ ਪਤਲਾ ਤੇ ਨਿੱਕਾ ਸੀ। ਪਰ ਮੈਂ ਇਸ ਦ੍ਰਿਸ਼ ਤੋਂ ਪ੍ਰਭਾਵਤ ਹੋਇਆ ਸੀ ਤੇ ਇਹ ਸੋਚਦਾ ਸੀ ਕਿ ਸ਼ਾਇਦ ਅਸਲੀ ਪਿਆਰ ਬਦਸੂਰਤ ਜੋੜਿਆਂ ਵਿਚ ਹੀ ਹੁੰਦਾ ਹੈ। ਸ਼ਾ-ਸ਼ਾ ਦੀ ਮਾਂ ਸਦਾ ਹੀ ਆਪਣਾ ਮਨਪਸੰਦ ਗੀਤ ਗੁਣਗੁਣਾਉਂਦੀ ਹੁੰਦੀ ਸੀ। "ਪਿਆਰ ਇਕ ਆਵਾਗਰਦ ਯਾਤਰੀ ਹੈ, ਜਾਂ ਉਹ ਆਕਾਸ਼ ਵਿਚ ਆਜ਼ਾਦ ਉਡਦਾ ਪੰਛੀ ਹੈ।" ਉਹ ਸੋਚਦਾ ਸੀ ਕਿ ਇਹ ਗੀਤ ਭਾਰਤੀ ਫਿਲਮ 'ਕਾਰਮੇਨ' ਵਿਚੋਂ ਸੀ। ਇਕ ਸਾਲ ਪਹਿਲਾਂ ਜਦ ਅਸੀਂ ਨਾਗ੍ਰਿਕ ਮੁਆਮਲਿਆਂ ਦੇ ਦਫਤਰ ਵਿਚ ਤਲਾਕ ਨੂੰ ਅੰਤਮ ਰੂਪ ਦੇ ਕੇ ਨਿਕਲੇ, ਉਹ ਮੁੜੀ ਤੇ ਮੁਸਕਰਾ ਕੇ ਮੈਨੂੰ ਕਹਿਣ ਲੱਗੀ "ਕੀ ਤੂੰ ਮੈਨੂੰ ਨਿਸ਼ਾਨੀ ਵਜੋਂ ਭੂਰੇ ਬੂਟ ਖਰੀਦ ਦੇਵੇਂਗਾ ? ਇਹ ਇਹਨਾਂ ਹੀ ਦਿਨਾਂ ਵਿਚ ਆਏ ਹਨ। ਅਸੀਂ ਫਿਰ ਕਦੇ ਵੀ ਖਰੀਦੋ-ਫਰੋਖ਼ਤ ਕਰਨ ਇਕੱਠੇ ਨਹੀਂ ਜਾਵਾਂਗੇ" ਕਿਉਂਕਿ ਡੀਪਾਰਟਮੈਂਟ ਸਟੋਰ ਬਿਊਰੋ ਦੇ ਉਲਟ ਪਾਸੇ ਵੱਲ ਸੀ। ਮੈਂ ਉਸ ਦੀ ਮੰਗ ਪੂਰੀ ਕਰ ਦਿੱਤੀ।

ਮੈਂ ਬੱਤੀ ਸਾਲਾਂ ਦਾ ਸੀ, ਪਰ ਪਿਆਰ ਦਿਆਂ ਮਾਮਲਿਆਂ ਵਿਚ ਮੈਂ ਪਹਿਲਾਂ ਹੀ ਆਪਣੇ ਆਪ ਨੂੰ ਨਿਰਾਸ਼ਾਵਾਦੀ ਸਾਬਤ ਕਰ ਚੁੱਕਾ ਸੀ। ਖੇਡਾਂ ਦੇ ਮੁਕਾਬਲੇ ਅਸਲੀ ਖੇਡਾਂ ਹਨ, ਜੋ ਨੰਬਰਾਂ ਪੱਖੋਂ ਸਕਿੰਟਾਂ ਤੇ ਮਿਲੀ-ਮੀਟਰਾਂ ਵਿਚ ਮਿਣੀਆਂ ਜਾ ਸਕਦੀਆਂ ਹਨ। ਪਿਆਰ ਅਗਿਆਨਤਾ ਤੇ ਵੇਗਮਈ

ਜਜ਼ਬੇ ਦੀ ਉਪਜ ਹੁੰਦਾ ਹੈ। ਹੁਣ ਤੁਸੀਂ ਇਸ ਵਿਚ ਪੈਸਾ, ਸਮੁੰਦਰ-ਪਾਰਲੇ ਸੰਬੰਧ ਤੇ ਘਰ ਵੀ ਸ਼ਾਮਿਲ ਕਰ ਸਕਦੇ ਹੋ। ਮੈਂ ਬਿਨਾਂ ਵਿਆਹ ਤੋਂ ਰਹਿਣ ਦਾ ਫੈਸਲਾ ਕੀਤਾ ਤੇ ਜਿਸ ਬਾਰੇ ਵੀ ਦੂਸਰੇ ਸਿਫਾਰਿਸ਼ ਕਰਦੇ ਜਾਂ ਕੋਈ ਖੁਦ ਹੀ ਵਾਕਫੀ ਦਿੰਦਾ, ਰੱਦ ਕਰਨ ਦਾ ਫੈਸਲਾ ਕਰ ਲਿਆ। ਨਿਰਸੰਦੇਹ ਮੈਂ ਇਸ ਬਾਰੇ ਯੈਂਗ-ਨਾ ਨੂੰ ਸੰਕੇਤ ਕੀਤੇ ਸਨ।

ਯੈਂਗ-ਨਾ ਖਿੱਚ ਪਾਊ ਜਵਾਨ ਔਰਤ ਸੀ ਜਿਹੜੀ ਜਦ ਮੇਰੇ ਵੱਲ ਤੱਕਦੀ ਤਾਂ ਆਪਣਾ ਸਿਰ ਪਿੱਛੇ ਨੂੰ ਝੁਕਾ ਲੈਂਦੀ। ਫਿਰ ਉਹ ਮੁਸਕਰਾਉਂਦੀ ਤੇ ਦਿਲ ਖਿਚਵੀਆਂ ਰੇਖਾਵਾਂ ਉਸ ਦੇ ਮੂੰਹ ਦੇ ਕੋਨਿਆਂ ਤੇ ਦਿਸਣ ਲੱਗਦੀਆਂ। ਉਸ ਨੇ ਕਿਹਾ, "ਤੂੰ ਬਦਕਿਸਮਤ ਰਿਹਾ ਹੈਂ।"

ਨਹੀਂ, ਮੈਂ ਕਹਿਣਾ ਚਾਹੁੰਦਾ, ਮੈਂ ਮਾੜੀ ਕਿਸਮਤ ਤੋਂ ਬਚ ਨਿਕਲਿਆ ਹਾਂ। ਯੈਂਗ-ਨਾ ਦੇ ਭਰਵੱਟੇ ਕੋਮਲ ਤੇ ਸੁੰਦਰ ਰੇਖਾਵਾਂ ਵਿਚ ਧਿਆਨ ਨਾਲ ਬਣਾਏ ਗਏ ਹੁੰਦੇ ਸਨ। ਮੈਂ ਉਮੀਦ ਕਰਦਾ ਸੀ ਕਿ ਉਹ ਮੇਰੀ ਲਈ ਹੋਰ ਬਦਕਿਸਮਤੀ ਲੈ ਕੇ ਨਹੀਂ ਸੀ ਆਈ।

—2—

ਕਿਉਂਕਿ ਮੈਂ ਸੂਬਾਈ ਟੀਮ ਦਾ ਬਾਸਕਟ ਬਾਲ ਕੋਚ ਸੀ, ਮੇਰਾ ਟਾਈਮ ਟੇਬਲ ਟਰੇਨਿੰਗ ਪ੍ਰੋਗਰਾਮ ਦੇ ਅਨੁਸਾਰ ਹੁੰਦਾ ਸੀ, ਮੈਂ ਅਕਸਰ ਹੀ ਕਿੰਡਰਗਾਰਡਨ ਤੋਂ ਆਪਣੀ ਬੱਚੀ ਨੂੰ ਲਿਜਾਣ ਵਿਚ ਆਖਰੀ ਬੰਦਾ ਹੁੰਦਾ ਸੀ।

ਇਕ ਹਨੇਰੀ ਵਾਲੇ ਦਿਨ ਜੋ ਕਿ ਮਈ ਵਿਚ ਉਤਰੀ ਚੀਨ ਵਿਚ ਆਮ ਹੀ ਹੁੰਦਾ ਹੈ, ਸਾਡੀ ਟਰੇਨਿੰਗ ਦਾ ਸੈਸ਼ਨ ਛੇਤੀ ਮੁੱਕ ਗਿਆ। ਜਦੋਂ ਮੈਂ ਕਿੰਡਰ ਗਾਰਡਨ ਪਹੁੰਚਿਆ, ਬੱਚਿਆਂ ਨੇ ਸ਼ਾਮ ਦਾ ਖਾਣਾ ਹਾਲੀ ਖਤਮ ਹੀ ਕੀਤਾ ਸੀ ਤੇ ਉਹ ਵਿਹੜੇ ਵਿਚ ਖੇਡ ਰਹੇ ਸੀ, ਪਰ ਉਹਨਾਂ ਦੀਆਂ ਅੱਖਾਂ ਬੂਹੇ ਤੇ ਲੱਗੀਆਂ ਹੁੰਦੀਆਂ ਸਨ, ਜਦੋਂ ਹੀ ਮਾਪੇ ਆਉਂਦੇ ਤਾਂ ਉਹ ਥਾਂ ਖੁਸ਼ੀ ਭਰੇ ਰੌਲੇ ਨਾਲ ਭਰ ਜਾਂਦੀ।

ਸ਼ਾ-ਸ਼ਾ ਖੇਡ ਮੈਦਾਨ ਵਿਚ ਨਹੀਂ ਸੀ। ਇਸ ਲਈ ਮੈਂ ਤੀਸਰੀ ਜਮਾਤ ਦੇ ਕਮਰੇ ਵਿਚ ਗਿਆ। ਜਿਥੋਂ ਕਿ ਬੱਚੇ ਇਕ ਦਾਇਰੇ ਵਿਚ ਇਕੱਠੇ ਹੋ ਕੇ ਨੱਚ ਤੇ ਗਾ ਰਹੇ ਸਨ।

ਛੋਟੇ ਬਾਲੋ, ਤਾੜੀ ਮਾਰੋ
ਇਕ ਦੂਜੇ ਦੇ ਪਿੱਛੇ ਚੱਲੋ
ਗੱਲਾਂ-ਬਾਤਾਂ ਮੱਤ ਕਰੋ
ਇਕ ਰਬੜ ਦੀ ਗੇਂਦ ਵਾਂਗਰਾ
ਦਾਇਰੇ ਦੇ ਵਿਚ ਘੁੰਮੀ ਜਾਉ।

"ਸ਼ਾ ਸ਼ਾ ਤੇਰੇ ਪਿਤਾ ਜੀ ਆ ਗਏ ਹਨ।" ਜਵਾਨ ਅਧਿਆਪਕਾ ਨੇ ਧੀਮੀ ਆਵਾਜ਼ ਵਿਚ ਖੇਡ ਰਹੇ ਬੱਚਿਆਂ ਨੂੰ ਸੱਦਿਆ। ਮੈਂ ਉਸ ਨੂੰ ਪਹਿਲਾਂ ਕਦੇ ਵੇਖਿਆ ਨਹੀਂ ਸੀ। ਸ਼ਾਇਦ ਉਹ ਨਵੀਂ ਸੀ।

ਆਪਣਾ ਸਿਰ ਮੋੜਦੇ ਹੋਏ ਸ਼ਾ-ਸ਼ਾ ਦਾਇਰੇ ਵਿਚੋਂ ਸਿੱਧੀ ਹੀ ਨਿਕਲ ਤੁਰੀ ਤੇ ਨੱਚਣ ਵਾਲੇ ਗਰੁੱਪ ਦੀ ਮਰਿਯਾਦਾ ਭੰਗ ਕਰ ਦਿੱਤੀ। ਬਿਨਾਂ ਸ਼ਬਦ ਬੋਲੇ ਦੇ ਮੈਂ ਉਸ ਨੂੰ ਕਮਰੇ ਵਿਚੋਂ ਬਾਹਰ ਲੈ ਤੁਰਿਆ।

"ਮਿਸਟਰ ਵੈਂਗ, ਮਿਸਰ ਵੈਂਗ, ਕ੍ਰਿਪਾ ਕਰਕੇ ਇਕ ਮਿੰਟ ਰੁਕੋ", ਜਵਾਨ ਅਧਿਆਪਕ ਨੇ ਅਵਾਜ਼ ਮਾਰੀ। ਸ਼ਾ ਸ਼ਾ ਦੀ ਵਰਦੀ ਦੀ ਮੁਰੰਮਤ ਹੋਣ ਵਾਲੀ ਹੈ। ਕੀ ਤੁਸੀਂ ਉਸ ਦੀ ਮਾਂ ਨੂੰ ਇਸ ਬਾਰੇ ਕਹੋਗੇ ?" ਠੀਕ ਹੈ, ਠੀਕ ਹੈ, ਮੈਂ ਘੁਸਰ ਮੁਸਰ ਕੀਤੀ।

"ਮੇਰੀ ਮਾਂ ਨਹੀਂ ਹੈ, ਡੈਡੀ ਮੰਮੀ ਦਾ ਤਲਾਕ ਹੋਇਆ ਹੋਇਆ ਹੈ।" ਸ਼ਾ ਸ਼ਾ ਨੇ ਕਿਹਾ।

ਮੇਰੀ ਧੀ ਸੱਚ ਆਖ ਰਹੀ ਸੀ। ਪਰ ਉਸ ਨੇ ਮੈਨੂੰ ਕਸੂਤੀ ਸਥਿਤੀ ਵਿਚ ਫਸਾ ਦਿੱਤਾ ਸੀ।

"ਉਹ, ਮੈਨੂੰ ਅਫਸੋਸ ਹੈ, ਮੈਨੂੰ ਪਤਾ ਨਹੀਂ ਸੀ। ਮੈਂ ਇਹ ਕਲਾਸ ਥੋੜ੍ਹਾ ਚਿਰ ਪਹਿਲਾਂ ਹੀ ਸਾਂਭੀ



ਹੈ।" ਅਧਿਆਪਕਾ ਦਾ ਚਿਹਰਾ ਲਾਲ-ਸੂਹਾ ਹੋ ਗਿਆ ਤੇ ਉਹ ਮੇਰੇ ਨਾਲੋਂ ਵੀ ਕਸੂਤੀ ਫਸੀ ਵਿਖਾਈ ਦਿੱਤੀ।

"ਠੀਕ ਹੈ, ਮੈਂ ਇਸ ਦੀ ਮੁਰੰਮਤ ਕਰ ਦਿਆਂਗਾ, ਮੈਂ ਅਸਲ ਵਿਚ ਬੜਾ ਘੌਲੀ ਹਾਂ।" ਮੈਂ ਉਸ ਨੂੰ ਧੀਰਜ ਦੇਣ ਦਾ ਯਤਨ ਕੀਤਾ।

ਬੱਸ ਵਿਚ ਘਰ ਪਰਤਦੇ ਮੈਂ ਸ਼ਾ-ਸ਼ਾ ਨੂੰ ਪੁੱਛਿਆ, "ਤੇਰੀ ਨਵੀਂ ਟੀਚਰ ਦਾ ਨਾਂ ਕੀ ਹੈ?"

ਉਸ ਨੇ ਆਪਣੇ ਮੋਢੇ ਸੰਗੋੜੇ। ਸ਼ਾ-ਸ਼ਾ ਦੀ ਅਧਿਆਪਕਾ ਨੂੰ ਸੁੰਦਰ ਨਹੀਂ ਸੀ ਆਖਿਆ ਜਾ ਸਕਦਾ। ਉਸ ਦੀਆਂ ਅੱਖਾਂ ਵੱਡੀਆਂ ਨਹੀਂ ਸਨ। ਉਸ ਦਾ ਮੱਥਾ ਤੰਗ ਸੀ ਤੇ ਉਹ ਪ੍ਰਚਲਤ ਪੱਧਰ ਅਨੁਸਾਰ ਕੁਝ ਭਾਰੀ ਸੀ। ਉਸ ਦਾ ਮੂੰਹ ਵੀ ਕੁਝ ਲੰਮਾ ਸੀ। ਪਰ ਉਸ ਦਾ ਨੱਕ ਸੁੰਦਰ ਸੀ, ਤੇ ਜਦ ਉਹ ਦੌੜਦੀ ਸੀ ਤਾਂ ਬੜੀ ਸ਼ਾਨ ਨਾਲ ਹਿੱਲਦਾ ਸੀ। ਉਹ ਕਮਰੇ ਵਿਚ ਨੱਸ ਕੇ ਵੜਦੀ ਤੇ ਨਿਕਲਦੀ ਸੀ ਤੇ ਮੈਂ ਸੋਚਣ ਤੋਂ ਰਹਿ ਨਹੀਂ ਸੀ ਸਕਦਾ ਕਿ ਆਪਣੀਆਂ ਲੰਮੀਆਂ ਲੱਤਾਂ ਨਾਲ ਉਹ, ਕੁਝ ਸਿਖਲਾਈ ਬਾਅਦ ਸੌ ਮੀਟਰ ਦੀ ਦੌੜ ਦਾ 12.5 ਮਿੰਟ ਦਾ ਰੀਕਾਰਡ ਤੋੜ ਸਕਦੀ ਸੀ।

ਘਰ ਵਾਪਸ ਮੁੜ, ਚਾਵਲ ਸਟੋਵ ਤੇ ਰੱਖ, ਮੈਂ ਉਸ ਦੇ ਕੱਪੜਿਆਂ ਦੀ ਮੁਰੰਮਤ ਕਰਨ ਲੱਗ ਪਿਆ। ਸ਼ਾ ਸ਼ਾ ਨਿੱਕੇ ਸਟੂਲ ਤੇ ਬੈਠ ਗੰਢੇ ਕੱਟਣ ਲੱਗੀ, ਜਿਸ ਨਾਲ ਉਸ ਦੀਆਂ ਅੱਖਾਂ ਵਿਚੋਂ ਪਾਣੀ ਆ ਗਿਆ। ਮੈਂ ਪੌੜੀਆਂ ਵਿਚੋਂ ਪੈਰਾਂ ਦਾ ਖੜਾਕ ਸੁਣਿਆਂ। ਮੈਂ ਜਾਣਦਾ ਸੀ ਕਿ ਇਹ ਯੈਂਗ ਨਾ ਹੈ ਤੇ ਮੈਂ ਤੁਰੰਤ ਕੱਪੜੇ ਪਰੇ ਰੱਖ ਦਿੱਤੇ। ਮੈਨੂੰ ਡਰ ਸੀ ਕਿ ਉਹ ਵੇਖ ਕੇ ਉਹੀ ਗੱਲ ਦੁਹਰਾਵੇਗੀ। ਕਿਸ ਨੂੰ ਖਬਰ ਕਿ ਇਸ ਦੇ ਕੀ ਅਰਥ ਸਨ। "ਏ ! ਤੂੰ ਹੈ ਈ ਬਦਕਿਸਮਤ।"

ਯੈਂਗ-ਨਾ ਬੂਹੇ ਵਿਚ ਖਲੋਤੀ ਮੁਸਕਰਾ ਰਹੀ ਸੀ, ਉਸ ਨੇ ਉੱਚੀ-ਅੱਡੀ ਵਾਲੀ ਚਿੱਟੀ ਜੁੱਤੀ ਪਾਈ ਹੋਈ ਸੀ ਤੇ ਜੜਾਊ ਪਿੰਨ ਨਾਲ ਚਿੱਟਾ ਸਵੈਟਰ ਪਾਇਆ ਹੋਇਆ ਸੀ। ਉਸ ਦੀ ਸਕਰਟ ਕਾਲੀ ਮਖ਼ਮਲ ਦੀ ਬਣੀ ਹੋਈ ਸੀ, ਜਿਸ ਤੇ ਸੋਨੇ-ਰੰਗੀ ਲੈਸ ਲੱਗੀ ਹੋਈ ਸੀ। ਉਸ ਦੇ ਲੰਮੇ ਕਾਲੇ ਵਾਲ ਖੁੱਲ੍ਹੇ ਲਮਕਦੇ ਸੀ। ਜਿਹਨਾਂ ਨੂੰ ਚਿੱਟੇ ਲੰਮੇ ਕਲਿਪਾਂ ਨਾਲ ਬੱਧਾ ਹੋਇਆ ਸੀ। ਉਸ ਦੀਆਂ ਅੱਖਾਂ ਚਮਕਦਾਰ ਸਨ ਤੇ ਉਸ ਨੂੰ ਇਸ ਦਾ ਅਹਿਸਾਸ ਸੀ। ਸ਼ਾਇਦ ਮੇਰੀ ਤੱਕਣੀ ਨੇ ਉਸ ਨੂੰ ਦੱਸ ਦਿੱਤਾ ਸੀ। ਹਰ ਪੱਖੋਂ ਉਸ ਦਾ ਚਿਹਰਾ ਸਿਹਤ ਕਾਰਨ ਲੋਅ ਪਿਆ ਕਰਦਾ ਸੀ ਤੇ ਉਹ ਭਰੋਸੇ ਨਾਲ ਡੁੱਲ੍ਹ ਡੁੱਲ੍ਹ ਪੈ ਰਹੀ ਸੀ।

ਆਪਣਾ ਬਨੌਟੀ ਮਗਰਮੱਛ ਦਾ ਬਣਿਆ ਬੈਗ ਲਹਿਰਾਉਂਦੀ ਯੈਂਗ-ਨਾ ਨੇ ਹਸਾਉਣੇ ਰੂਪ ਵਿਚ ਸਿਰ ਝੁਕਾਇਆ ਤੇ ਮੁਸਕਰਾਉਂਦਿਆਂ ਆਖਿਆ, ਮੈਂ ਫਿਰ ਹਾਜ਼ਰ ਹਾਂ "ਅੰਦਰ ਆ ਜਾਵਾਂ।"

ਉਹ ਮੇਰੇ ਅੱਗੇ ਅੱਗੇ ਫਰੰਟ-ਰੂਮ ਵਿਚ ਗਈ ਤੇ ਆਪਣੇ ਬੈਗ ਵਿਚੋਂ ਪੈਕ ਕੀਤੇ ਬੜੇ ਸੁੰਦਰ ਚਾਕਲੇਟ ਕੱਢੇ।

"ਇਹ ਸ਼ਾ-ਸ਼ਾ ਦੇ ਜਨਮ ਦਿਨ ਦਾ ਤੁਹਫਾ ਹੈ। ਇਹ ਸਵਿਟਜ਼ਰਲੈਂਡ ਦੇ ਬਣੇ ਹੋਏ ਨੇ।"

"ਪਰ ਸ਼ਾ-ਸ਼ਾ ਦਾ ਜਨਮ-ਦਿਨ ਤਾਂ ਅਗਲੇ ਮਹੀਨੇ ਦੀ ਸੋਲਾਂ ਨੂੰ ਹੈ, ਹਾਲੀ ਮਹੀਨਾ ਪਿਆ ਹੈ।" ਮੈਂ ਆਖਿਆ।

"ਸੱਚੀ ਏ" ਉਹ ਹੱਸੀ। ਉਸ ਦਾ ਬਾਰ ਬਾਰ ਹੱਸਣਾ ਕੁਝ ਗੈਰ-ਕੁਦਰਤੀ ਲੱਗਦਾ ਸੀ, ਜਿਹੜਾ ਸਿਰਫ ਪ੍ਰਭਾਵ ਲਈ ਕੀਤਾ ਜਾਂਦਾ ਸੀ। ਉਹ ਮਨ-ਆਈ ਮੌਜ ਵਿਚ ਸ਼ੁਰੂ ਹੋ ਕੇ ਹੱਸਣਾ ਰੋਕ ਸਕਦੀ ਸੀ। "ਫਿਰ ਮੈਨੂੰ ਅਗਲੇ ਮਹੀਨੇ ਦੁਬਾਰਾ ਆਉਣਾ ਪਵੇਗਾ। ਹਰ ਵਾਰ ਜਦੋਂ ਮੈਂ ਏਥੇ ਆਉਂਦੀ ਹਾਂ ਤਾਂ ਮੈਨੂੰ ਬਹਾਨਾ ਲੱਭਣ ਲਈ ਦਿਮਾਗ ਲੜਾਉਣਾ ਪੈਂਦਾ ਹੈ। ਤੂੰ ਸੱਚ ਹੀ ਅਸੰਭਵ ਹੈਂ।"

ਉਹ ਸਲੀਕੇ ਨਾਲ ਬੈਠ ਗਈ, ਤੈਨੂੰ ਆਪਣੇ ਸਮੁੰਦਰ ਪਾਰਲੇ ਪੈਸਿਆਂ ਨਾਲ ਨਵਾਂ ਫਰਨੀਚਰ ਦਾ ਸੈੱਟ ਖ੍ਰੀਦਣਾ ਚਾਹੀਦਾ ਹੈ। ਮੈਂ ਤੈਨੂੰ ਦੱਸਾਂਗੀ ਕਿ ਕੀ ਖਰੀਦਣਾ ਹੈ।

"ਮੈਂ ਅਸਪਸ਼ਟ ਜਿਹਾ ਉਤਰ ਦੇ ਕੇ ਸਿਰ ਹਿਲਾ ਦਿੱਤਾ, "ਕਿਸੇ ਵੇਲੇ ਫੇਰ" ਕਦੋਂ ਜਦੋਂ ਤੂੰ ਮੈਨੂੰ

ਆਪਣੇ ਵਿਆਹ ਤੇ ਸੱਦੇਂਗਾ ?" ਉਹ ਫਿਰ ਹੱਸਣ ਲੱਗੀ। ਮਖੌਲ ਸੁਣ ਮੈਨੂੰ ਗੁੱਸਾ ਆਇਆ। ਉਸੇ ਵਕਤ ਮੈਂ ਪਾਣੀ ਉਬਲਦਾ ਸੁਣਿਆਂ। "ਮੈਂ ਜਾਂਦਾ ਹਾਂ ਤੇ ਖਾਣਾ ਪਕਾਉਂਦਾ ਹਾਂ।" ਕੀ ਤੂੰ ਬੁਰਾ ਤਾਂ ਨਹੀਂ ਮਨਾਏਂਗੀ ਜੇ ਮੈਂ ਕੁਝ ਸਮੇਂ ਲਈ ਤੈਨੂੰ ਤੇਰੇ ਤੇ ਛੱਡ ਦੇਵਾਂ ?"

"ਜਾਓ" ਉਹ ਉਠ ਖਲੋਤੀ ਤੇ ਬਾਲ ਕੋਨੀ ਵੱਲ ਤੁਰ ਪਈ। ਮੈਂ ਇਹ ਗੱਲ ਪਸੰਦ ਨਾ ਕੀਤੀ ਕਿ ਉਹ ਉਥੇ ਖਲੋਵੇ, ਜਿਥੇ ਹੋਰ ਲੋਕ ਬਾਹਰੋਂ ਉਸ ਨੂੰ ਵੇਖ ਸਕਣ।

"ਕੀ ਤੂੰ ਨਵੀਂ ਟੇਪ ਸੁਣਨਾ ਪਸੰਦ ਕਰੇਂਗਾ ? ਇਕ ਪ੍ਰਸਿੱਧ ਜਾਪਾਨੀ ਗੀਤਕਾਰ ਯਾਮਾਗੂਚੀ ਮੋਮੋਈ ਦੀ ਹੈ।"

ਉਸ ਨੇ ਟੇਪ-ਰੀਕਾਰਡ ਚਾਲੂ ਕਰ ਦਿੱਤਾ, ਪਰ ਫਿਰ ਅਚਾਨਕ ਹੀ ਕਿਹਾ, "ਮੈਂ ਖਾਣਾ ਪਕਾਉਂਦੀ ਹਾਂ। ਮੈਂ ਕੋਈ ਵਧੀਆ ਚੀਜ਼ ਬਣਾਵਾਂਗੀ। ਕੀ ਤੇਰੇ ਸਲੀਪਰ ਹਨ ? ਮੈਂ ਆਪਣੀ ਜੁੱਤੀ ਬਦਲਣੀ ਚਾਹੁੰਦੀ ਹਾਂ।"

ਮੇਰੇ ਸਲੀਪਰ ਪਾ ਕੇ ਇੰਝ ਤੁਰਦੀ ਹੋਈ, ਜਿਵੇਂ ਇਹ ਉਸ ਦੀ ਥਾਂ ਹੋਵੇ। ਇਸ ਦਾ ਆਖਰ ਮਤਲਬ ਕੀ ਸੀ ?

"ਮੈਂ ਕੁਝ ਸੇਵੀਆਂ (ਨੂਡਲਜ਼) ਤੇ ਆਂਡੇ ਬਣਾਉਣਾ ਚਾਹੁੰਦੀ ਸੀ। ਇਹ ਸੌਖਾ ਕੰਮ ਹੈ।"

"ਉਹ, ਤੂੰ ਸੱਚ ਹੀ ਬਦਕਿਸਮਤ ਹੈ।" ਹਉਕਾ ਭਰਦੀ ਨੇ, ਉਸ ਇੱਕ ਬੈਂਤ ਦੀ ਕੁਰਸੀ ਚੁੱਕੀ ਤੇ ਬਾਲਕੋਨੀ ਵੱਲ ਤੁਰ ਗਈ।

—3—

ਸ਼ਾ-ਸ਼ਾ ਕੁਝ ਖਬਤੀ ਬੱਚੀ ਹੈ, ਜਿਹੜੀ ਸਾਡੇ ਪਰਿਵਾਰਕ ਝਗੜਿਆਂ ਦੇ ਪ੍ਰਛਾਵੇਂ ਹੇਠ ਵੱਡੀ ਹੋਈ ਸੀ। ਜਦੋਂ ਉਹ ਇੱਕ ਸਾਲ ਦੀ ਸੀ ਮੈਂ ਹੀ ਉਸ ਦੀ ਦੇਖ-ਭਾਲ ਕੀਤੀ ਸੀ ਤੇ ਉਸ ਨੂੰ ਸੌਂ ਜਾਣ ਲਈ ਦਿਲਾਸਾ ਦਿੰਦਾ ਰਹਿੰਦਾ ਸੀ। "ਇਹ ਚੰਗੀ ਕੁੜੀ ਹੈ। ਰੋ ਨਾ, ਰੋਵੀਂ ਨਾ। ਤੇਰੀ ਮੰਮੀ ਨਾਚ ਲਈ ਗਈ ਹੋਈ ਹੈ। ਜਦ ਉਹ ਵੱਡੀ ਹੋਈ ਉਸ ਅਕਸਰ ਮਾਂ ਨੂੰ ਕਹਿੰਦਿਆਂ ਸੁਣਦੀ, "ਪਰੇ ਚੱਲੀ ਜਾ ਤੇ ਆਪਣੇ 'ਪਿਆਰੇ' ਡੈਡੀ ਨੂੰ ਵੇਖ।" ਜਾਂ ਮੇਰੇ ਵਲੋਂ "ਕਿ ਜਾ ਆਪਣੀ ਮਾਂ ਕੋਲ ਜਾ" ਸ਼ਾ-ਸ਼ਾ ਦਾ ਸੁਭਾਅ ਗੁਸੈਲ ਸੀ। ਜਦੋਂ ਵੀ ਉਸ ਦਾ ਰੌਅ ਖਰਾਬ ਹੁੰਦਾ ਉਹ ਚੀਕਾਂ ਮਾਰਨ ਡਹਿ ਪੈਂਦੀ, ਭਾਵੇਂ ਸਾਡੇ ਪ੍ਰਾਹੁਣੇ ਬੈਠੇ ਹੋਣ ਜਾਂ ਨਾ। ਜਦ ਉਹ ਦੋ ਸਾਲ ਦੀ ਹੋਈ, ਉਸ ਨੂੰ ਪਤਾ ਲੱਗ ਗਿਆ ਸੀ ਕਿ ਚੀਜ਼ਾਂ ਤੋੜ ਕੇ ਆਪਣੀਆਂ ਸ਼ਿਕਾਇਤਾਂ ਕਿਵੇਂ ਦਰਜ ਕਰਾਉਣੀਆਂ ਹਨ। ਉਸ ਦੀ ਮਾਂ ਤੇ ਮੈਂ ਹੈਰਾਨ ਹੋਏ ਜਦੋਂ ਅਸੀਂ ਪਹਿਲੀ ਵਾਰ ਉਸ ਨੂੰ ਇੰਝ ਕਰਦੇ ਵੇਖਿਆ, ਪਰ ਅਸੀਂ ਕੀ ਕਹਿ ਸਕਦੇ ਸੀ। ਉਹ ਸਾਡੀ ਨਕਲ ਹੀ ਤਾਂ ਕਰ ਰਹੀ ਸੀ।

ਸਾਡੇ ਤਲਾਕ ਨੂੰ ਸਾਲ ਹੋ ਗਿਆ ਸੀ। ਮੈਂ ਡਰਦਾ ਸੀ ਕਿ ਉਸ ਨੇ ਇੱਕ ਵਾਰ ਵੀ ਆਪਣੀ ਮਾਂ ਬਾਰੇ ਨਹੀਂ ਸੀ ਪੁੱਛਿਆ। ਉਸ ਦੇ ਮਨ ਵਿਚ ਕਿਤੇ ਧੁੰਧਲੀ ਥਾਂ ਸੀ, ਬੜੀ ਹੀ ਵੱਡੀ ਕੋਈ ਗੁਫਾ ਸੀ ਨਿਰਸੰਦੇਹ। ਜਦ ਮੈਂ ਅੱਧੀ ਰਾਤ ਨੂੰ ਕਦੇ ਕਦੇ ਜਾਗ ਉਠਦਾ ਤਾਂ ਮੈਂ ਆਪਣੇ ਨਾਲ ਸੁੱਤੇ ਗੁਦਗੁਦੇ ਬੱਚੇ ਨੂੰ ਵੇਖਦਾ ਤੇ ਗੁਨਾਹਗਾਰ ਅਨੁਭਵ ਕਰਦਾ। ਇਹ ਉਸ ਦਾ ਕਸੂਰ ਨਹੀਂ ਸੀ। ਅਸੀਂ ਦੋਵੇਂ ਹੀ ਦੋਸ਼ੀ ਸੀ।

ਫਿਰ ਇਕ ਦਿਨ, ਸ਼ਾਇਦ ਨਵੇਂ ਟੀਚਰ ਨਾਲ ਗੱਲ ਕਰਨ ਦੇ ਅੱਧੇ ਮਹੀਨੇ ਬਾਅਦ, ਮੈਂ ਇਕ ਵਾਰ ਫੇਰ ਸ਼ਾ-ਸ਼ਾ ਨੂੰ ਲਿਆਉਣ ਵਿਚ ਲੇਟ ਹੋ ਗਿਆ ਸੀ। ਰਾਹ ਵਿਚ ਮੈਂ ਲਾਲ ਭਕਾਨਾ ਖਰੀਦ ਲਿਆ।

"ਸ਼ਾ-ਸ਼ਾ, ਭਕਾਨੇ ਵੱਲ ਵੇਖ, ਕੀ ਇਹ ਅਸਜਰਜ ਨਹੀਂ। ਮੈਂ ਉਸ ਦਾ ਜੀ ਪ੍ਰਚਾਉਣ ਦਾ ਯਤਨ ਕੀਤਾ।



ਸ਼ਾ-ਸ਼ਾ ਨੇ ਲੰਮਾ ਮੂੰਹ ਬਣਾ ਕੇ ਖਾਸ ਧਿਆਨ ਨਾ ਦਿੱਤਾ, ਪਰ ਟੀਚਰ ਨੇ ਭਕਾਨਾਂ ਲੈ ਲਿਆ ਤੇ ਪੁੱਛਿਆ "ਕੀ ਇਹ ਆਕਾਸ਼ ਤੀਕ ਉੱਡ ਸਕਦਾ ਹੈ ?"

ਮੈਂ ਸੋਚਿਆ ਕਿ ਟੀਚਰ ਬੱਚੇ ਨਾਲੋਂ ਵੀ ਵੱਧ ਬਚਗਾਨਾ ਲੱਗਦੀ ਸੀ "ਹਾਂ" ਮੈਂ ਕਿਹਾ।

"ਸ਼ਾ-ਸ਼ਾ ਏਧਰ, ਫੜ ਕੇ ਰੱਖੀਂ।" ਟੀਚਰ ਨੇ ਡੋਰ ਨੂੰ ਸ਼ਾ ਸ਼ਾ ਦੀ ਉਂਗਲ ਨਾਲ ਵਲ ਦਿੱਤਾ, "ਕੀ ਤੈਨੂੰ ਇਹ ਚੰਗਾ ਨਹੀਂ ਲੱਗਦਾ।"

"ਧੰਨਵਾਦ ਤੁਹਾਡਾ, ਡੈਡੀ" ਸ਼ਾ ਸ਼ਾ ਨੇ ਮੇਰੇ ਵੱਲ ਵੇਖਿਆ। ਉਹ ਭਕਾਨੇ ਨੂੰ ਵੇਖਣ ਦੀ ਥਾਂ ਇਹ ਗੱਲ ਕਹਿਣ ਵਿਚ ਵਧੇਰੇ ਫਿਕਰ ਕਰਦੀ ਪ੍ਰਤੀਤ ਹੁੰਦੀ ਸੀ। ਇਹਨਾਂ ਸਾਧਾਰਨ ਸ਼ਬਦਾਂ ਨੂੰ ਸੁਣ ਕੇ ਮੇਰੇ ਦਿਲ ਨੂੰ ਥੋੜ੍ਹਾ ਜਿਹਾ ਧੱਕਾ ਲੱਗਾ। ਮੇਰੀ ਧੀ ਹੁਣ ਚੰਗੀਆਂ ਆਦਤਾਂ ਸਿੱਖਣ ਲੱਗ ਪਈ ਸੀ। ਪਹਿਲਾਂ ਉਹ ਸਾਊ ਪੁਣੇ ਪ੍ਰਤੀ ਬੇਪ੍ਰਵਾਹ ਹੁੰਦੀ ਸੀ। ਉਹ ਉਹਨਾਂ ਖਡੌਣਿਆਂ ਪ੍ਰਤੀ ਵੀ ਲਾਪ੍ਰਵਾਹ ਹੁੰਦੀ ਸੀ ਜੋ ਮੈਂ ਖਰੀਦ ਕੇ ਲਿਆਉਂਦਾ ਸੀ ਤੇ ਕਈ ਵਾਰ ਉਹ ਪਰੇ ਸੁੱਟ ਦਿੰਦੀ ਸੀ।

ਮੈਂ ਉਸ ਨੂੰ ਚੁੰਮਣਾ ਚਾਹੁੰਦਾ ਸੀ ਪਰ ਟੀਚਰ ਮੇਰੇ ਨਾਲੋਂ ਇਕ ਕਦਮ ਅੱਗੇ ਸੀ। ਉਸ ਨੇ ਸ਼ਾ-ਸ਼ਾ ਨੂੰ ਘੁੱਟ ਲਿਆ। ਮੂੰਹ ਚੁੰਮਿਆ ਤੇ ਕਿਹਾ, "ਸ਼ਾ-ਸ਼ਾ ਚੰਗੀ ਕੁੜੀ ਹੈ। ਤੂੰ ਬੜੀ ਹੁਸ਼ਿਆਰ ਹੈ।"

ਉਸ ਘੜੀ ਤੋਂ ਲੱਗ ਕੇ, ਮੈਂ ਸ਼ਾ-ਸ਼ਾ ਦੀ ਟੀਚਰ ਨੂੰ ਪਸੰਦ ਕਰਨਾ ਸ਼ੁਰੂ ਕਰ ਦਿੱਤਾ।

ਮੈਂ ਕੁਝ ਲਾਪ੍ਰਵਾਹ ਬਾਪ ਹਾਂ। ਇਕ ਵਾਰ ਮੈਂ ਸ਼ਾ-ਸ਼ਾ ਦੇ ਕੱਪੜਿਆਂ ਦਾ ਇਕ ਬਟਨ ਵੇਖਿਆ ਜਿਸ ਦੀ ਥਾਂ ਕੋਈ ਹੋਰ ਲਾ ਦਿੱਤਾ ਗਿਆ ਸੀ ਤੇ ਇਕ ਹੋਰ ਮੌਕੇ ਮੈਂ ਉਸ ਦੀ ਕਮੀਜ਼ ਦੀ ਡੋਰੀ ਵੇਖੀ ਜੋ ਨਵੇਂ ਸਿਰਿਓਂ ਲਾਈ ਹੋਈ ਸੀ। ਤੇ ਮੈਨੂੰ ਪਤਾ ਲੱਗ ਗਿਆ ਕਿ ਸ਼ਾ-ਸ਼ਾ ਦੀ ਟੀਚਰ ਚੰਗੀ ਤੇ ਸਮਰਪਿਤ ਅਧਿਆਪਕਾ ਸੀ। ਫਿਰ ਵੀ ਯੌਂਗ-ਨਾ ਦੇ ਗੋੜਿਆਂ ਨੇ ਮੈਨੂੰ ਵਿਸ਼ੇਸ਼ ਤੇਜ ਪ੍ਰਦਾਨ ਕੀਤਾ ਤੇ ਚੌਕਸ ਰਹਿਣ ਲਈ ਚਿਤਾਵਨੀ ਦਿੱਤੀ।

ਉਸ ਦਿਨ ਟਰੇਨਿੰਗ ਆਮ ਨਾਲੋਂ ਲੰਮੀ ਸੀ, ਤੇ ਜਦ ਮੈਂ ਨਹਾ ਰਿਹਾ ਸੀ, ਪਾਣੀ ਮੁੱਕ ਗਿਆ ਤੇ ਉਸ ਲਈ ਸ਼ਾ-ਸ਼ਾ ਨੂੰ ਕਿੰਡਰਗਾਰਡਨ ਤੋਂ ਲਿਆਉਣ ਲਈ ਇੱਕ ਘੰਟਾ ਲੇਟ ਹੋ ਗਿਆ। ਸਿਰਫ ਸ਼ਾ-ਸ਼ਾ ਤੇ ਉਸ ਦੀ ਟੀਚਰ ਹੀ ਜਮਾਤ ਵਿਚ ਸਨ। ਉਹ ਇਕ ਦੂਸਰੇ ਵੱਲ ਮੂੰਹ ਕਰੀ, ਸਟੂਲਾਂ ਤੇ ਬੈਠੀਆਂ ਬਾਲ-ਗੀਤ ਗਾ ਰਹੀਆਂ ਸਨ ਤੇ ਹੱਥਾਂ ਨਾਲ ਤਾੜੀ ਮਾਰ ਰਹੀਆਂ ਸਨ।

ਚੱਪੂ ਚਲਾਓ, ਬੇੜੀ ਦੇ ਚੱਪੂ ਚਲਾਓ
ਦਾਦੀ ਦੇ ਪੁਲ ਲਾਗੇ ਜਾਓ
ਨਾ ਮੈਂ ਨ ਰੋਈ, ਨਾ ਮੈਂ ਇਲਤੀ
ਦਾਦੀ ਨਾਲ ਪਿਆਰ ਬੁਲਾਵੇ।

ਸ਼ਰਾਰਤ ਨਾਲ ਮੈਂ ਖਿੜਕੀ ਲਾਗੇ ਖਲੋਅ ਉਹਨਾਂ ਨੂੰ ਵੇਖਣ ਲੱਗਾ। ਸ਼ਾ-ਸ਼ਾ ਸਿੱਧੀ ਹੋ ਕੇ ਬੈਠੀ ਸੀ ਤੇ ਕਹਿਣ ਲੱਗੀ, "ਅਧਿਆਪਕ ਜੀ, ਕੀ ਤੁਸੀਂ ਮੇਰੀ ਦਾਦੀ ਨੂੰ ਜਾਣਦੇ ਹੋ ?"

ਨੌਜਵਾਨ ਟੀਚਰ ਨੇ ਕਿਹਾ, "ਨਹੀਂ ਮੈਂ ਨਹੀਂ ਜਾਣਦੀ। ਕੀ ਉਹ ਤੈਨੂੰ ਪਿਆਰ ਕਰਦੀ ਹੈ।"

ਸ਼ਾ-ਸ਼ਾ ਨੇ ਕਿਹਾ, "ਹਾਂ, ਉਹ ਕਰਦੀ ਹੈ। ਉਹ ਅਮਰੀਕਾ ਵਿਚ ਰਹਿੰਦੀ ਹੈ। ਮੇਰੀ ਜੁੱਤੀ ਵੇਖੋ। ਇਹ ਦਾਦੀ ਨੇ ਮੇਰੇ ਲਈ ਲਿਆਂਦੀ ਸੀ।"

ਸ਼ਾ-ਸ਼ਾ ਨੇ ਪਹਿਲਾਂ ਇਕ ਪੈਰ ਉਤਾਂਹ ਚੁੱਕਿਆ ਤੇ ਫਿਰ ਦੂਸਰਾ। ਜਦੋਂ ਮੈਂ ਜਮਾਤ ਦੇ ਕਮਰੇ ਵਿਚ ਪੈਰ ਪਾਇਆ, ਉਹ ਤੁਰੰਤ ਛਾਲ ਮਾਰ ਕੇ ਉੱਠੀ ਤੇ ਟੀਚਰ ਨੇ ਉਸ ਦੇ ਕੱਪੜੇ ਠੀਕ ਕਰਨ ਵਿਚ ਮਦਦ ਕੀਤੀ।

ਮੈਂ ਮੁਆਫੀ ਮੰਗੀ, "ਮੈਨੂੰ ਅਫਸੋਸ ਹੈ ਕਿ ਮੈਂ ਤੁਹਾਨੂੰ ਏਨੀ ਦੇਰ ਲਈ ਉਡੀਕ ਵਿਚ ਰੱਖਿਆ।"

ਟੀਚਰ ਸਿਰਫ ਮੁਸਕਰਾਈ ਤੇ ਪੁੱਛਿਆ, "ਤੁਸੀਂ ਕਿੱਥੇ ਰਹਿੰਦੇ ਹੋ।"

"ਦੱਖਣੀ ਜੌਰ. ਸ਼ਾਨ ਗਲੀ ਵਿਚ।"

"ਫਿਰ ਸੌਖੀ ਗੱਲ ਹੈ। ਮੇਰਾ ਪਰਿਵਾਰ ਵੀ ਉਥੇ ਹੀ ਰਹਿੰਦਾ ਹੈ, ਤੁਹਾਨੂੰ ਖੇਡ ਐਸੋਸੀਏਸ਼ਨ ਤੋਂ ਆਪਣਾ ਰਾਹ ਛੱਡ ਕੇ ਦੂਰ ਜਾਣਾ ਪੈਂਦਾ ਹੈ। ਮੇਰੇ ਲਈ ਸ਼ਾ-ਸ਼ਾ ਨੂੰ ਘਰ ਲਿਆਉਣਾ ਚੰਗਾ ਰਹੇਗਾ।"

ਮੈਂ ਨਿਰਮਾਣਤਾ ਨਾਲ ਇਨਕਾਰ ਕਰ ਦਿੱਤਾ। ਉਸ ਨੂੰ ਕਸ਼ਟ ਦੇਣ ਦੀ ਚਿੰਤਾ ਕਾਰਨ ਨਹੀਂ ਸਗੋਂ ਆਪਣੇ ਆਪ ਨੂੰ ਹੋਰ ਮੁਸੀਬਤ ਵਿਚ ਪਾਉਣ ਦੀ ਚਿੰਤਾ ਤੋਂ ਬਚਣ ਲਈ। ਉਸ ਵਿਸ਼ੇਸ਼ ਤੇਜ ਨੇ ਮੈਨੂੰ ਚੌਕਿਸ ਕਰ ਦਿੱਤਾ ਸੀ।

"ਬੱਚੇ ਨੂੰ ਲਿਜਾਣ ਲਈ ਬੱਸਾਂ ਵਿਚ ਬੜੀ ਭੀੜ ਹੁੰਦੀ ਹੈ। ਅਗਲੀ ਵੇਰ ਮੈਂ ਸਵਖਤੇ ਆਵਾਂਗਾ। ਤੁਹਾਡਾ ਬਹੁਤ ਧੰਨਵਾਦ।"

ਸ਼ਾ-ਸ਼ਾ ਨੇ ਹੱਥਾਂ ਦੀ ਤਾੜੀ ਮਾਰੀ ਤੇ ਉੱਚੀ ਸਾਰੀ ਬੋਲੀ "ਡੈਡੀ ਵੀ 'ਧੰਨਵਾਦ ਕਰਦਾ ਹਾਂ' ਆਖਦੇ ਹਨ।" ਅਸੀਂ ਸਾਰੇ ਹੱਸੇ ਤੇ ਖਿਚਾਅ-ਭਰਿਆ ਵਾਤਾਵਰਨ ਨਰਮ ਹੋ ਗਿਆ।

ਭਾਵੇਂ ਮੈਂ ਉਸ ਦੀ ਪੇਸ਼ਕਸ਼ ਰੱਦ ਕਰ ਦਿੱਤੀ ਸੀ, ਪਰ ਫਿਰ ਵੀ ਉਸ ਨੇ ਮੈਨੂੰ ਆਵਾਜ਼ ਮਾਰੀ।

ਸ਼ਾ-ਸ਼ਾ ਨੂੰ ਟਾਨਸਲ ਦੀ ਤਕਲੀਫ ਸੀ ਤੇ ਉਹ ਕਿੰਡਰ ਗਾਰਡਨ ਨਹੀਂ ਸੀ ਜਾ ਸਕਦੀ। ਅਗਲੇ ਦਿਨ, ਮੇਰੇ ਬੂਹੇ ਤੇ ਅਣ-ਕਿਆਸੀ ਦਸਤਕ ਹੋਈ। ਇਹ ਟੀਚਰ ਸੀ।

ਮੇਰੇ ਘਰ ਦੀ ਬੁਰੀ ਹਾਲਤ ਸੀ। ਬਿਸਤਰਾ ਠੀਕ ਨਹੀਂ ਸੀ ਕੀਤਾ ਹੋਇਆ। ਪਲੇਟਾਂ ਜੂਠੀਆਂ ਪਈਆਂ ਸਨ। ਕਮਰੇ ਦੇ ਵਿਚਕਾਰ ਝਾੜੂ ਪਿਆ ਸੀ ਤੇ ਕੱਪੜੇ ਕੁਰਸੀਆਂ ਤੇ ਸੁੱਟੇ ਪਏ ਸਨ। ਮੈਂ ਕਦੇ ਵੀ ਘਰ ਦਾ ਕੰਮ ਕਰਨ ਵਿਚ ਚੰਗਾ ਨਹੀਂ ਸੀ।

ਸ਼ਾ-ਸ਼ਾ ਨੇ ਕਿਹਾ, "ਤੁਸੀਂ ਮੇਰੇ ਲਈ ਕੀ ਲਿਆਏ ਹੋ ?"

ਕੈਸਾ ਬੱਚਾ ਹੈ ਜੋ ਚੀਜ਼ਾਂ ਮੰਗ ਰਿਹਾ ਹੈ। ਟੀਚਰ ਨੇ ਆਪਣੇ ਕਈ ਰੰਗਾਂ ਵਾਲੇ ਉਸ ਬਸਤੇ ਵਿਚੋਂ ਪਲਾਸਟਿਕ ਦਾ ਥੈਲਾ ਕੱਢਿਆ। ਸ਼ਾ-ਸ਼ਾ ਨੇ ਕਿਹਾ, 'ਇਸ ਵਿਚ ਕੀ ਹੈ ?'

"ਮੇਰਾ ਤੈਰਾਕੀ ਸੂਟ" ਉਸ ਨੇ ਇਸ ਨੂੰ ਪਾਸੇ ਰੱਖ ਦਿੱਤਾ ਤੇ ਚਿੱਟੇ ਕਾਗਜ਼ਾਂ ਦਾ ਦੱਥਾ ਬਾਹਰ ਕੱਢਿਆ ਤੇ ਕਿਹਾ, "ਇਹ ਤੇਰੇ ਲਈ ਹਨ। ਕੀ ਤੈਨੂੰ ਪਤਾ ਹੈ ਕਾਹਦੇ ਲਈ ਹਨ।"

"ਚਿੱਟੇ ਕਾਗਜ਼" ਸ਼ਾ-ਸ਼ਾ ਨੇ ਕਾਗਜ਼ ਲਏ ਤੇ ਉਹਨਾਂ ਵੱਲ ਨਿਰਾਸਤਾ ਨਾਲ ਵੇਖਿਆ।

"ਤੂੰ ਗਲਤ ਹੈਂ। ਇਹ ਨਿੱਕਾ ਕੁੱਤਾ ਹੈ, ਇਹ ਕਿਸ਼ਤੀ ਇਹ ਡੱਡੂ ਤੇ ਊਠ ਹੈ। ਉਹ ਬੁੱਢਾ ਕੁੱਬਾ ਹੈ। ਤੂੰ ਇਹ ਮੇਰੇ ਵੱਲ ਕਰ ਕੇ ਵਿਖਾ।"

ਉਹ ਕਾਗਜ਼ਾਂ ਦੇ ਵੱਖ ਵੱਖ ਸ਼ਕਲਾਂ ਵਿਚ ਤਹਿ ਕਰਨ ਵਿਚ ਮਾਹਰ ਸੀ ਤੇ ਉਸ ਹੌਲੀ ਹੌਲੀ ਉਨ੍ਹਾਂ ਨੂੰ ਬਿਸਤਰੇ ਤੇ ਵਿਛਾ ਦਿੱਤਾ।

ਆਪਣੇ ਮਨ ਨੂੰ ਇਕਾਗਰ ਕਰ, ਮੈਂ ਟੀ. ਵੀ ਚਲਾ ਦਿੱਤਾ। ਅੱਜ ਯੂ. ਐਸ. ਐਸ. ਆਰ. ਤੇ ਯੂ. ਐਸ. ਏ. ਵਿਚਕਾਰ ਸੰਸਾਰ ਦੇ ਵਿਦਿਆਰਥੀਆਂ ਦਾ ਬਾਸਕਟ ਬਾਲ ਦੇ ਮੈਚ ਦਾ ਵੀ. ਡੀ. ਓ. ਆ ਰਿਹਾ ਹੈ। ਕਿਉਂਕਿ ਮੇਰੀ ਨੌਕਰੀ ਬਾਸਕਟ ਬਾਲ ਬਾਰੇ ਸੀ, ਉਹ ਮੈਚ ਮੈਨੂੰ ਵੇਖਣ ਦੀ ਲੋੜ ਸੀ।

ਕੁਝ ਚਿਰ ਬਾਅਦ ਟੀਚਰ ਅੰਦਰ ਆਈ ਤੇ ਪੁਛਿਆ, "ਮਿਸਟਰ ਵੈਂਗ, ਕੀ ਤੇਰੇ ਕੋਲ ਫਲੀਆਂ ਹਨ।"

ਮੇਰੇ ਕੋਲ ਸੋਇਆ ਬੀਨ ਦੀਆਂ ਹਰੀਆਂ ਫਲੀਆਂ ਦੇ 10 ਡੱਬੇ ਸਨ, ਪਰ ਮੇਰੇ ਕੋਲ Mung Beans ਨਹੀਂ ਸਨ। "ਨਹੀਂ ਮੇਰੇ ਕੋਲ ਨਹੀਂ" ਮੈਂ ਉੱਤਰ ਦਿੱਤਾ।

"ਖੈਰ, ਕੀ ਤੇਰੇ ਕੋਲ, ਹੱਥ ਵਾਲੀ ਪਤੀਲੀ ਹੈ ?"

"ਹਾਂ-ਰਸੋਈ ਵਿਚ। "ਕੀ ਸ਼ੱਟ ਮਾਰੀ ਹੈ!" ਮੈਂ ਟੀ. ਵੀ. ਤੋਂ ਹਿੱਲਣਾ ਨਹੀਂ ਸੀ ਚਾਹੁੰਦਾ। ਗਿਆਰਾਂ ਨੰਬਰ ਵਾਲੇ ਅਮਰੀਕੀ ਨੇ ਪਿਛਲੇ ਹੱਥ ਨਾਲ ਕਿੰਨੀ ਸੁੰਦਰ ਸ਼ਾਟ ਮਾਰੀ ਸੀ। ਕਿਸੇ ਤਕੜੇ



ਖਿਡਾਰੀ ਨੂੰ ਅਜੇਹਾ ਕਰਨ ਲਈ ਕਈ ਸਾਲਾਂ ਦੀ ਟਰੇਨਿੰਗ ਚਾਹੀਦੀ ਸੀ। ਫਿਰ ਉਸ ਨੇ ਇਕ ਬਲਾਕ ਬਣਵਾਇਆ ਤੇ ਆਪਣੀ ਪਿੱਛੇ ਹੌਲੀ ਹੌਲੀ ਖੇਡਦਾ ਦੁਬਾਰਾ ਸ਼ਾਟ ਮਾਰਨ ਲਈ ਵਧਿਆ।"

"ਅਧਿਆਪਕ ਜੀ" ਸ਼ਾ-ਸ਼ਾ ਆਪਣੇ ਕਮਰੇ ਵਿਚੋਂ ਚੀਕੀ। "ਮੈਂ ਆ ਰਹੀ ਹਾਂ" ਉਸ ਖੁਸ਼ੀ ਖੁਸ਼ੀ ਉੱਤਰ ਦਿੱਤਾ। ਉਹ ਬਿਲਕੁਲ ਮੇਰੇ ਪਿੱਛੇ ਖਲੋਤੀ ਸੀ ਤੇ ਖੇਡ ਤੇ ਮੋਹਤ ਹੋਈ ਪਈ ਸੀ। ਸ਼ਾ-ਸ਼ਾ ਦਾ ਬੁਲਾਵਾ ਸੁਣ ਉਹ ਮੁਸਕਰਾਈ। ਮੈਂ ਕੁਝ Mung Beans ਫਲੀਆਂ ਲਿਆਂਦੀਆਂ ਹਨ। ਸ਼ਾ-ਸ਼ਾ ਨੂੰ ਮੂੰਗ ਦੀਆਂ ਫਲੀਆਂ ਬੜੀਆਂ ਪਸੰਦ ਹੁੰਦੀਆਂ ਹਨ। "ਤੇਰੀ ਸਾਸ ਪੈਨ, ਦਸਤੀ ਵਾਲੀ ਪਤੀਲੀ' ਕਿੱਥੇ ਹੈ ?" ਮੈਂ ਰਸੋਈ ਵੱਲ ਭੱਜਿਆ ਤੇ ਉਸ ਨੂੰ ਪੈਨ ਦਿੱਤਾ ਤੇ ਟੀ. ਵੀ. ਵੱਲ ਕਾਹਲੀ ਨਾਲ ਆਇਆ। "ਇਹ ਸ਼ਾ-ਸ਼ਾ ਦੇ ਬੀਮਾਰ ਹੋਣ ਦਾ ਵਧੀਆ ਵਕਤ ਨਹੀਂ ਹੈ।" ਉਸ ਨੇ ਠਹਾਕਾ ਮਾਰਿਆ।

ਜਦ ਪਤੀਲੀ ਪੂਰੀ ਉਬਲ ਰਹੀ ਸੀ। ਟੀਚਰ ਘੁੰਮਦੀ ਰਹੀ, ਸ਼ਾ-ਸ਼ਾ ਨੂੰ ਧੀਰਜ ਦਿੰਦੀ ਤੇ ਕਦੇ ਕਦੇ ਟੀ. ਵੀ. ਵੇਖ ਲੈਂਦੀ। ਮੇਰਾ ਘਰ ਉਸ ਦੇ ਰੁਝੇਵੇਂ ਭਰੀਆਂ ਪੈੜਾਂ ਤੇ ਨਿੱਘੇ ਹਾਸੇ ਨਾਲ ਭਰਿਆ ਪਿਆ ਸੀ।

ਅਮਰੀਕਾ ਦੀ ਟੀਮ ਜਿੱਤ ਗਈ। ਸ਼ਾ ਸ਼ਾ ਨੇ ਫਲੀਆਂ ਦੀ ਪੁੜੀ ਮੁਕਾ ਲਈ ਸੀ ਤੇ ਸੌਂ ਗਈ ਸੀ। ਮੈਨੂੰ ਪਤਾ ਲੱਗਾ ਕਿ ਟੀਚਰ ਨੇ ਕਮਰਿਆਂ ਨੂੰ ਸਾਫ ਕਰ ਦਿੱਤਾ ਸੀ। ਹੁਣ ਉਹ ਜਾਣ ਵਾਲੀ ਸੀ। ਅਚਾਨਕ ਹੀ ਮੈਂ ਅਨੁਭਵ ਕੀਤਾ ਕਿ ਮੈਨੂੰ ਉਸ ਦੇ ਨਾਂ ਦਾ ਵੀ ਪਤਾ ਨਹੀਂ ਸੀ।

"ਤੁਹਾਡਾ ਨਾਂ ਕੀ ਹੈ ?"

"ਮੈਨੂੰ ਮੀਕਵਿੰਗ ਕਿਹਾ ਕਰੋ।" ਉਸ ਨੇ ਮੁਸਕਰਾਹਟ ਨਾਲ ਜਵਾਬ ਦਿੱਤਾ। ਕਈ ਵਾਰ ਤੁਸੀਂ ਮੁਕੰਮਲ ਆਨੰਦ ਦਾ ਅਨੁਭਵ ਕਰਦੇ ਹੋ, ਸ਼ਾਇਦ ਚੰਗੀ ਵਾਈਨ ਪੀਣ ਕਾਰਨ, ਚੰਗਾ ਸੰਗੀਤ ਸੁਣਨ ਕਾਰਨ ਜਾਂ ਚੰਗੀ ਫਿਲਮ ਵੇਖਣ ਕਾਰਨ। ਅੱਜ ਦੀ ਰਾਤ ਮੈਂ ਸਭ ਤੋਂ ਵਧੀਆ ਖੇਡਿਆ ਗਿਆ ਬਾਸਕਟ ਬਾਲ ਦਾ ਮੈਚ ਵੇਖਿਆ ਜੋ ਮੈਂ ਪਹਿਲਾਂ ਕਦੇ ਵੇਖਿਆ ਨਹੀਂ ਸੀ। ਮੈਂ ਟੀਚਰ ਨੂੰ ਪੁੱਛਿਆ। "ਤੁਹਾਡੀ ਇਸ ਟੀ. ਵੀ. ਬਾਰੇ ਕੀ ਰਾਏ ਹੈ ?" ਉਸ ਪ੍ਰਸ਼ਨ ਨਾਲ ਮੈਂ ਵਿਖਾਵਾ ਕਰ ਰਿਹਾ ਸੀ ਕਿਉਂਕਿ ਮੇਰਾ ਰੌਅ ਏਨਾ ਚੰਗਾ ਸੀ।

"ਇਹ ਬਹੁਤ ਸੁੰਦਰ ਹੈ। ਰੰਗਦਾਰ ਟੀ. ਵੀ. ਵੇਖ ਕੇ, ਕੋਈ ਵੀ ਕਾਲਾ ਚਿੱਟਾ ਟੀ. ਵੀ. ਪਸੰਦ ਨਹੀਂ ਕਰਦਾ। ਕੀ ਇਹ ਮਹਿੰਗਾ ਸੀ ?"

ਮੈਂ ਉਸ ਨੂੰ ਮੁੱਲ ਦੱਸਿਆ। ਉਹ ਹੈਰਾਨ ਹੋਈ। "ਇਹ ਬਹੁਤ ਜ਼ਿਆਦਾ ਹੈ। ਜੇ ਮੇਰੀ ਤਨਖਾਹ ਨਾ ਵਧੇ, ਤਾਂ ਮੈਨੂੰ ਇਹ ਖਰੀਦਣ ਲਈ, ਪੰਜ ਸਾਲ ਦੀ ਬਚਤ ਲੋੜੀਂਦੀ ਹੋਵੇਗੀ।" ਉਹ ਫਿਰ ਹੱਸੀ ਤੇ ਮੈਂ ਅਨੁਭਵ ਕੀਤਾ ਕਿ ਉਹ ਕਿੰਨਾ ਖੁਸ਼ਗਵਾਰ ਸੀ। "ਮੈਂ ਜਾ ਰਹੀ ਹਾਂ। ਮੈਂ ਕੱਲ੍ਹ ਰਾਤ ਆਵਾਂਗੀ।"

"ਤੁਹਾਨੂੰ ਖੇਚਲ ਦੇਣ ਲਈ ਮੈਨੂੰ ਅਫਸੋਸ ਹੈ।" ਇਹ ਕਹਿ ਕੇ ਮੈਨੂੰ ਤੁਰੰਤ ਅਫਸੋਸ ਜਿਹਾ ਹੋਇਆ। ਇਸ ਪਿੱਛੋਂ ਮੈਂ ਉਸ ਵੱਲ ਖਾਸ ਧਿਆਨ ਨਾ ਦਿੱਤਾ।

ਅਗਲੇ ਦਿਨ ਮੈਂ ਤਿਆਰ ਹੋਇਆ ਤੇ ਬਰਫ ਦੀਆਂ ਪੰਜ ਸਲਾਈਆਂ ਲਿਆਂਦੀਆਂ ਤਾਂਕਿ ਉਸ ਲਈ ਜਿਵੇਂ ਕਿ ਯੈਂਗ-ਨਾ ਨੇ ਮੈਨੂੰ ਸਿਖਾਇਆ ਸੀ, ਆਈਸ ਕ੍ਰੀਮ ਬਣਾਈ ਜਾ ਸਕੇ।

ਲਾਲ ਤੇ ਹਰੀਆਂ ਰੌਸ਼ਨੀ-ਬੱਤੀਆਂ ਇੱਕ ਦੂਜੀ ਤੋਂ ਪਿੱਛੋਂ ਜਗ-ਬੁਝ ਰਹੀਆਂ ਸਨ ਤੇ ਸੰਧਿਆ ਦੀਆਂ ਗਲੀਆਂ ਸ਼ੋਰ ਤੇ ਜੋਸ਼ ਨਾਲ ਗਹਿਮਾ-ਗਹਿਮ ਸਨ। ਦੂਰ ਪਰੇ ਮੈਂ ਮੀ-ਕਵਿੰਗ ਨੂੰ, ਤਿੱਖੀ ਚਾਲੇ ਮੋੜ ਮੁੜਦੇ ਵੇਖਿਆ ਤੇ ਉਸ ਦੇ ਸ਼ਕਤੀਸ਼ਾਲੀ ਫੁਰਤੀਲੇ ਕਦਮ ਚਮਕਦਾਰ ਰੌਸ਼ਨੀਆਂ ਵਿਚ ਦਿਸ ਨਹੀਂ ਰਹੇ ਸਨ।

—4—

ਅੰਤ ਤੇ ਮੈਂ ਫੈਸਲਾ ਕੀਤਾ ਕਿ ਜੇ ਮੇਰੀ ਟਰੇਨਿੰਗ ਦੇਰ ਨਾਲ ਮੁੱਕੀ ਮੈਂ ਉਸ ਨੂੰ ਸ਼ਾ-ਸ਼ਾ ਨੂੰ ਘਰ ਲੈ ਆਉਣ ਲਈ ਕਹਾਂਗਾ। ਮੈਂ ਬਾਲ ਕੋਨੀ ਤੇ ਖਲੋ ਉਹਨਾਂ ਦੀ ਉਡੀਕ ਕਰਦਾ ਤੇ ਮੀ-ਕਵਿੰਗ ਨੂੰ ਸ਼ਾ-ਸ਼ਾ ਦਾ ਹੱਥ ਫੜੀ ਮੋੜ ਤੋਂ ਮੁੜਦੇ ਤੱਕਦਾ। ਪਿੱਛੋਂ ਮੈਂ ਆਪਣੀ ਮਰਿਯਾਦਾ ਬਦਲ ਲਈ। ਪਹਿਲਾਂ ਮੈਂ ਕਿੰਡਰ ਗਾਰਡਨ ਨੂੰ ਫੋਨ ਕਰ ਦਿੰਦਾ ਹੁੰਦਾ ਸੀ, ਜੇ ਮੇਰੇ ਜਾਣ ਤੇ ਸ਼ਾ-ਸ਼ਾ ਨੂੰ ਲਿਆਉਣ ਲਈ ਵਕਤ ਹੁੰਦਾ। ਹੁਣ ਮੈਂ ਘੱਟ ਹੀ ਫੋਨ ਕਰਦਾ ਤੇ ਇਸ ਦੀ ਥਾਂ ਹਰ ਸ਼ਾਮ ਬਾਲ ਕੋਨੀ ਤੇ ਉਹਨਾਂ ਦੀ ਉਡੀਕ ਕਰਦਾ।.

ਹੁਣ ਇਕ ਨਵੀਂ ਚਿੰਤਾ ਮੈਨੂੰ ਤੰਗ ਕਰਨ ਲੱਗੀ ਕਿ ਕੀ ਮੈਂ ਮੀਕਿਆਂਗ ਨੂੰ ਘਰ ਦੀ ਚਾਬੀ ਦੇਵਾਂ ਕਿ ਨਾ। ਇਹ ਗੰਭੀਰ ਫੈਸਲਾ ਸੀ।

ਯੌਂਗ-ਨਾ ਅਜੇ ਵੀ ਹਫਤੇ ਵਿਚ ਦੋ ਵਾਰ ਮੇਰੇ ਘਰ ਦਾ ਗੇੜਾ ਮਾਰਦੀ। ਉਹ ਮੀਕਿੰਗ ਨੂੰ ਟੱਕਰੀ ਨਹੀਂ ਸੀ ਕਿਉਂਕਿ ਮੀਕਿੰਗ ਸ਼ਾ-ਸ਼ਾ ਨੂੰ ਪੌੜੀਆਂ ਵਿਚ ਛੱਡ ਜਾਂਦੀ ਤੇ ਅੰਦਰ ਨਾ ਆਉਂਦੀ। ਉਹ ਗੰਭੀਰ ਸੀ ਤੇ ਸਿਰਫ ਆਪਣੇ ਕੰਮ ਵਿਚ ਦਿਲਚਸਪੀ ਰੱਖਦੀ ਸੀ।

ਮੀਂਹ ਵਾਲੇ ਇਕ ਦਿਨ ਮੇਰੇ ਮਹਿਕਮੇ ਨੇ, ਬਦੇਸ਼ ਜਾਣ ਤੋਂ ਪਹਿਲਾਂ ਸਾਡੇ ਟਰੇਨਿੰਗ ਪ੍ਰੋਗਰਾਮ ਨੂੰ ਵਿਚਾਰਨ ਲਈ ਇਕ ਲੰਮੀ ਮੀਟਿੰਗ ਕੀਤੀ। ਪਿੱਛੋਂ ਮੈਂ ਘਰ ਨੂੰ ਕਾਹਲੀ ਨਾਲ ਭੱਜਾ ਆਇਆ ਤੇ ਵੇਖਿਆ ਕਿ ਮੀ ਕਵਿੰਗ ਸ਼ਾ-ਸ਼ਾ ਨੂੰ ਗਾਉਣਾ ਸਿਖਾ ਰਹੀ ਸੀ। "ਆਓ, ਇਸ ਨੂੰ ਦੁਬਾਰਾ ਗਾਈਏ।"

ਨਿੱਕੀ ਅਲਾਰਮ ਘੜੀ ਡਿੰਗ ਡਿੰਗ
ਸਾਡਾ ਨਿੱਕਾ ਕਮਰਾ, ਵਿੰਗ ਵਿੰਗ

ਕੱਪੜੇ ਭਿੱਜੇ ਹੋਏ, ਦੋਵੇਂ ਸਾਹਮਣੇ ਵਾਲੇ ਕਮਰੇ ਵਿਚ ਬੈਠੀਆਂ ਸਨ। ਮੀ ਕਵਿੰਗ ਨੇ ਸ਼ਾ ਸ਼ਾ ਨੂੰ ਜੱਫੀ ਪਾ ਲਈ ਤੇ ਵਕਤ ਕੱਟਣ ਲਈ ਉਸ ਦਾ ਨਿੱਕਾ ਹੱਥ ਫੜ ਲਿਆ। ਮੈਨੂੰ ਉਹਨਾਂ ਨੇ ਉਦੋਂ ਹੀ ਤੱਕਿਆ ਜਦੋਂ ਮੈਂ ਉਹਨਾਂ ਦੇ ਸਾਹਮਣੇ ਜਾ ਖਲੋਤਾ।

ਮੀ-ਕਵਿੰਗ ਕਾਹਲੀ ਨਾਲ ਪੈਰਾਂ ਸਿਰ ਉੱਠ ਖਲੋਤੀ ਤੇ ਆਪਣੀ ਭਿੱਜੀ ਪੁਸ਼ਾਕ ਨੂੰ ਸਿੱਧਿਆਂ ਕੀਤਾ। ਉਸ ਦੀ ਸ਼ਕਲ ਸੁੰਦਰ ਸੀ ਭਰਪੂਰ ਤੇ ਖਿਡਾਰੀਆਂ ਵਰਗੀ, ਇਕ ਪੇਸ਼ਾਵਰ ਤੈਰਾਕ ਵਰਗੀ।

"ਸ਼ਾ-ਸ਼ਾ ਤੇਰੇ ਡੈਡੀ ਆ ਗਏ।"

ਸ਼ਾ-ਸ਼ਾ ਦੀਆਂ ਅੱਖਾਂ ਨਾਰਾਜ਼ਗੀ ਨਾਲ ਸੁੰਘੜ ਗਈਆਂ।

"ਅਸੀਂ ਮੁਦੱਤ ਤੋਂ ਤੁਹਾਡੀ ਉਡੀਕ ਕਰ ਰਹੇ ਹਾਂ। ਅਸੀਂ ਠੰਢ ਨਾਲ ਮਰ ਹੀ ਚੱਲੇ ਸੀ।" ਮੀ-ਕਵਿੰਗ ਦੀ ਹਲਕੀ ਸੁਰ ਵਾਲੀ ਅਸਪੱਸ਼ਟ ਸ਼ਿਕਾਇਤ ਨਾਲ ਖਿਚਾਅ ਭਰਿਆ ਵਾਤਾਵਰਨ ਖਿੰਡ-ਪੁੰਡ ਗਿਆ।

ਉਹ ਮੁਸ਼ਕਲਾਂ ਤੇ ਮੁਸੀਬਤਾਂ ਨੂੰ ਹਲਕੇ ਢੰਗ ਨਾਲ ਮਖੌਲ ਵਜੋਂ ਟਾਲ ਦਿੰਦੀ ਸੀ। ਮੈਂ ਵੇਖਿਆ ਕਿ ਠੰਢ ਨਾਲ ਉਸ ਦੇ ਬੁੱਲ੍ਹ ਜਾਮਨੀ ਰੰਗੇ ਹੋ ਗਏ ਸਨ।

ਜਦੋਂ ਮੈਂ ਸ਼ਾ ਸ਼ਾ ਨੂੰ ਆਪਣੀਆਂ ਬਾਹਾਂ ਵਿਚ ਲਿਆ ਉਸ ਦੇ ਨਿੱਕੇ ਹੱਥ ਬਰਫ਼ ਵਰਗੇ ਲੱਗੇ। ਹੁਣ ਉਹ ਗੱਲ ਮੇਰੇ ਮੂੰਹੋਂ ਨਿਕਲ ਗਈ, ਜੋ ਮੈਂ ਪਹਿਲਾਂ ਖੁਦ ਕਹਿਣ ਤੋਂ ਝਿਜਕਦਾ ਰਿਹਾ ਸੀ। "ਮੀ-ਕਵਿੰਗ, ਮੇਰਾ ਖਿਆਲ ਹੈ, ਚੰਗਾ ਹੋਵੇ ਮੈਂ ਇਕ ਚਾਬੀ ਤੁਹਾਨੂੰ ਦੇਵਾਂ।

ਉਹ ਹੱਸੀ। "ਇਹ ਤੁਸੀਂ ਕਿਵੇਂ ਕਰੋਗੇ ? ਮੈਂ ਹੋਏ ਨੁਕਸਾਨਾਂ ਨੂੰ ਪੂਰਾ ਕਿਵੇਂ ਕਰਾਂਗੀ ਜੇ ਤੁਹਾਡੀ ਕੋਈ ਚੀਜ਼ ਚੋਰੀ ਹੋ ਗਈ ਮੈਂ ਸ਼ਾਇਦ ਕੀਮਤ ਨਾ ਦੇ ਸਕਾਂ। ਮੇਰੀ ਤਨਖਾਹ ਕਿਸੇ ਘਾਟ ਨੂੰ ਪੂਰਾ ਨਹੀਂ ਕਰ ਸਕੇਗੀ।"

ਉਸ ਨੇ ਜੋ ਕਿਹਾ, ਉਸ ਦੇ ਕੋਈ ਡੂੰਘੇ ਅਰਥ ਸਨ। ਉਸ ਦੇ ਗੱਲ ਕਰਨ ਦੇ ਅੰਦਾਜ਼ ਵਿਚ ਕੁਝ ਨਿਰਫਲਤਾ ਤੇ ਮਨਮੋਹਣਾਪਨ ਸੀ। ਉਸ ਅਲਵਿਦਾ ਕਹੀ ਤੇ ਕਾਹਲੀ ਕਾਹਲੀ ਪੌੜੀਆਂ ਉੱਤਰ



ਗਈ, ਸ਼ਾਇਦ ਇਸ ਗੱਲ ਤੋਂ ਡਰਦੀ ਕਿ ਉਸ ਨੂੰ ਕੋਈ ਫੈਸਲਾ ਕਰਨਾ ਪਵੇਗਾ, ਜਿਹੜਾ ਉਸ ਦੀ ਬਾਕੀ ਦੀ ਜ਼ਿੰਦਗੀ ਨੂੰ ਪ੍ਰਭਾਵਤ ਕਰੇਗਾ। ਉਸ ਦੇ ਮਨ ਵਿਚ ਸਪੱਸ਼ਟ ਭਾਂਤ ਕੋਈ ਗੁੰਝਲ ਸੀ।

ਕਾਰੀ ਡੋਰ ਵਿਚੋਂ ਪੈਰਾਂ ਦਾ ਖੜਾਕ ਆਇਆ। ਇਹ ਯੌਂਗ-ਨਾ ਸੀ। ਉਸ ਦੀ ਕਾਲੇ ਰੰਗ ਦੀ ਰੇਸ਼ਮੀ ਵਾਟਰ-ਪਰੂਫ ਬਰਸਾਤੀ ਵਿਚੋਂ ਪਾਣੀ ਦੇ ਤੁਪਕੇ 'ਚੋਂ ਰਹੇ ਸਨ। ਉਹ ਠਾਠ ਵਾਲੀ ਲੱਗਦੀ ਸੀ, ਉਸ ਦਾ ਚਿਹਰਾ ਗੋਰਾ ਤੇ ਅੱਖਾਂ ਵੱਡੀਆਂ ਸਨ। "ਮੈਂ ਫਿਰ ਹਾਜ਼ਰ ਹਾਂ-ਕੀ ਮੇਰਾ ਸਵਾਗਤ ਹੈ।" ਉਸ ਨੇ ਮੁਸਕਰਾਉਂਦੇ ਹੋਏ ਕਿਹਾ। ਮੈਂ ਬੂਹਾ ਖੋਲ੍ਹਿਆ। "ਅੰਦਰ ਆ ਜਾ। ਮੈਂ ਵੀ ਹੁਣੇ ਹੀ ਆਇਆ ਹਾਂ।"

"ਕੀ ਪੌੜੀਆਂ ਵਿਚ ਖਲੋਤੀ ਕੁੜੀ ਕਿੰਡਰ ਗਾਰਡਨ ਵਿਚ ਨਰਸ ਲੱਗੀ ਹੈ ? ਯੌਂਗ-ਨਾ ਨੇ ਆਪਣਾ ਟੋਪ ਲਾਹਿਆ ਤੇ ਇਕ ਆਬਸ਼ਾਰ ਵਰਗੇ ਉਸ ਦੇ ਵਾਲ ਹੇਠਾਂ ਖੁੱਲ੍ਹ ਕੇ ਡਿੱਗ ਪਏ।

"ਉਹ ਉੱਥੇ ਟੀਚਰ ਹੈ।"

"ਇਹ ਨਰਸ ਤੇ ਟੀਚਰ ਵਿਚ ਉਥੇ ਕਿੰਡਰ ਗਾਰਡਨ ਵਿਚ ਕੀ ਫਰਕ ਹੈ ? ਇਹ ਇਕੋ ਹੀ ਚੀਜ਼ ਹਨ।" ਉਸ ਨੇ ਘਿਰਣਾ ਨਾਲ ਕਿਹਾ। ਮੈਂ ਹੈਰਾਨ ਹੋਇਆ ਕਿ ਵਾਟਰ-ਸਪਲਾਈ ਕੰਪਨੀ ਵਿਚਲੀ ਆਪਣੀ ਕਾਮੇ ਦੀ ਨੌਕਰੀ ਬਾਰੇ ਉਹ ਕੀ ਸਮਝਦੀ ਹੈ।

ਮੈਂ ਚੁੱਪ-ਚਾਪ ਆਪਣਾ ਘਰ ਦਾ ਨਿਤਾ ਪ੍ਰਤੀ ਕੰਮ ਕਰੀ ਗਿਆ। ਸ਼ਾ-ਸ਼ਾ ਦੇ ਕੱਪੜੇ ਬਦਲਣ ਵਿਚ ਸਹਾਇਤਾ ਕੀਤੀ, ਤੌਲੀਏ ਨਾਲ ਉਸ ਦੇ ਵਾਲ ਸੁਕਾਏ ਤੇ ਫਿਰ ਆਂਡਿਆਂ ਤੇ ਸੇਵੀਆਂ ਪਕਾਉਣ ਲਈ ਪਾਣੀ ਧਰਿਆ। ਸ਼ਾ-ਸ਼ਾ ਟੀ. ਵੀ. ਵੇਖ ਰਹੀ ਸੀ, ਭਾਵੇਂ ਕਿ ਉਹ ਆਮ ਕਰਕੇ ਬਹੁਤਾ ਧਿਆਨ ਨਹੀਂ ਸੀ ਦਿੰਦੀ। ਉਹ ਹਰਮਨ-ਪਿਆਰੇ ਸੰਗੀਤ ਦੀਆਂ ਟੇਪਾਂ ਲਿਆ ਕੇ ਸੁਣਨਾ ਪਸੰਦ ਕਰਦੀ ਸੀ। "ਕੋਈ ਬੁਰਾ ਨਹੀਂ" ਉਸ ਦਾ ਇਹਨਾਂ ਸਾਰੀਆਂ ਚੀਜ਼ਾਂ ਬਾਰੇ ਮੁਹਾਵਰਾ ਹੁੰਦਾ ਸੀ ਤੇ ਮੈਂ ਹੈਰਾਨ ਹੁੰਦਾ ਸੀ ਕਿ ਉਸ ਦੇ ਮੂੰਹੋਂ ਕਿਹੜੇ ਕਾਰਨ "ਵਧੀਆ" ਸ਼ਬਦ ਨਿਕਲਦਾ ਹੋਵੇਗਾ। ਜਦ ਮੈਂ ਆਪਣੇ ਖਿਆਲਾਂ ਵਿਚ ਡੁੱਬਾ ਹੋਇਆ ਸੀ, ਪਾਣੀ ਉਬਲਣ ਲੱਗ ਪਿਆ ਸੀ। ਸਟੋਵ ਤੋਂ ਇਸ ਨੂੰ ਹੇਠਾਂ ਲਾਹ ਮੈਂ ਯੌਂਗ-ਨਾ ਨੂੰ ਤੱਕਣ ਲਈ ਮੁੜਿਆ ਜੋ ਰਸੋਈ ਦੇ ਬੂਹੇ ਤੇ ਝੁਕੀ ਹੋਈ ਸੀ। ਉਸ ਦਾ ਸਿਰ ਉੱਚਾ ਸੀ ਉਸ ਦੀਆਂ ਵੱਡੀਆਂ ਅੱਖਾਂ ਅੱਥਰੂਆਂ ਨਾਲ ਭਰੀਆਂ ਹੋਈਆਂ ਸਨ।

"ਤੁਸੀਂ ਮੈਨੂੰ ਪਸੰਦ ਨਹੀਂ ਕਰਦੇ। ਕੀ ਕਰਦੇ ਹੋ ?"

ਮੈਂ ਅਸਲ ਵਿਚ ਉਸ ਵੇਲੇ ਉਸ ਦੇ ਪ੍ਰਸ਼ਨ ਦਾ ਉੱਤਰ ਨਹੀਂ ਸੀ ਦੇ ਸਕਦਾ। ਉਹ ਫਿਲਮੀ ਸਟਾਰ ਦੀ ਕਲੰਡਰ ਫੋਟੋ ਪ੍ਰਤੀਤ ਹੁੰਦੀ ਸੀ। ਮੈਂ ਪ੍ਰਸੰਸਾ ਲਈ ਇਸ ਨੂੰ ਕੰਧ ਉੱਤੇ ਲਟਕਾ ਸਕਦਾ ਸੀ। ਪਰ ਸਾਡੇ ਵਿਚ ਅਸਲੀ ਸੰਬੰਧ ਨਹੀਂ ਸਨ। ਭਾਵੇਂ ਉਹ ਖੁਸ਼ ਸੀ ਜਾਂ ਨਹੀਂ ਯਾਂਗ-ਨਾ ਸਦਾ ਹੀ ਸੁਹਣੀ ਲੱਗਦੀ ਸੀ। ਉਸ ਦੀ ਦਿੱਖ ਸੁੰਦਰ ਸੀ ਪਰ ਉਹ ਮਜ਼ਬੂਤ ਇਸਤਰੀ ਨਹੀਂ ਸੀ।

ਸ਼ਾ-ਸ਼ਾ ਦੀ ਮਾਂ ਸੁੰਦਰ ਸੀ, ਪਰ ਉਹ ਹਰ ਸਮੇਂ ਇਸ ਰੱਬੀ-ਦਾਤ ਦੇ ਤਬਾਹ ਹੋ ਜਾਣ ਦੀ ਚਿੰਤਾ ਵਿਚ ਡੁੱਬੀ ਰਹਿੰਦੀ ਸੀ। ਉਸ ਲਈ ਅਸਲ ਵਿਚ ਇਹ ਇਕ ਬੋਝ ਬਣ ਗਈ ਸੀ। ਉਸ ਦੀ ਸੁੰਦਰਤਾ ਉਸ ਦੀ ਦਿੱਖ ਵਿਚ ਸੀ, ਉਸ ਦੀਆਂ ਜਜ਼ਬਾਤੀ ਅੱਖਾਂ ਵਿਚ ਉਸ ਦੇ ਸੁਹਣੇ ਨੱਕ ਤੇ ਕੂਲੇ ਬੁੱਲ੍ਹਾਂ ਵਿਚ ....। ਪਰ ਉਸ ਦਾ ਅੰਦਰਲਾ ਦਿਲ, ਖਾਲੀ, ਗਰੀਬ ਤੇ ਬੰਜਰ ਸੀ। ਉਜੜੇ ਹੋਏ ਖੂਹ ਵਾਂਗ ਜੋ ਤੁਸੀਂ ਇਸ ਤਰ੍ਹਾਂ ਦੀ ਔਰਤ ਨਾਲ ਰਹੋ, ਤਾਂ ਤੁਸੀਂ ਕਈ ਵਾਰ ਅਨੁਭਵ ਕਰਦੇ ਹੋ ਜਿਵੇਂ ਤੁਹਾਡੇ ਨਾਲ ਧੋਖਾ ਹੋਇਆ ਹੋਵੇ। ਸਿਰਫ ਅੰਦਰਲੀ ਸੁੰਦਰਤਾ, ਸਾਫ, ਕਲ-ਕਲ ਕਰਦੇ ਚਸ਼ਮੇਂ ਦੇ ਪਾਣੀ ਵਰਗੀ ਸ਼ਖਸੀਅਤ ਦੀ ਸੁੰਦਰਤਾ, ਜੋ ਸਦਾ ਵਗਦਾ ਰਹਿੰਦਾ ਹੈ ਤੇ ਤੁਹਾਨੂੰ ਜ਼ਿੰਦਗੀ ਦੇ ਨਿੱਘ ਤੇ ਮਿਠਾਸ ਬਾਰੇ ਜਾਣੂ ਕਰਾਉਂਦਾ ਹੈ।

"ਤੂੰ ਬੜੀ ਸੁੰਦਰ ਹੈ। ਤੂੰ ਖੁਸ਼ ਰਹੇਂਗੀ।" ਕੁਝ ਸੋਚ ਕੇ ਮੈਂ ਧੀਰਜ ਦਿੰਦੇ ਹੋਏ ਉਸ ਨੂੰ ਕਿਹਾ।

"ਨਹੀਂ, ਮੈਂ ਨਹੀਂ। ਤੂੰ ਖੁਸ਼ ਕਿਸਮਤ ਹੈ।" ਉਹ ਦਰਵਾਜ਼ੇ ਤੇ ਝੁਕੀ ਰਹੀ ਤੇ ਬਿਨਾਂ ਹਿੱਲੇ ਦੇ, ਮੇਰੇ ਵੱਲ ਤੱਕਦੀ ਰਹੀ।

ਹਰ ਰੋਜ਼ ਮੈਂ ਮੀ-ਕਵਿੰਗ ਨੂੰ ਦੋ ਵਾਰ ਮਿਲਦਾ, ਸਵੇਰੇ ਜਦੋਂ ਉਹ ਸ਼ਾ-ਸ਼ਾ ਨੂੰ ਲੈਣ ਆਉਂਦੀ ਤੇ
ਸ਼ਾਮ ਨੂੰ ਜਦੋਂ ਉਹ ਉਸ ਨੂੰ ਘਰ ਲਿਆਉਂਦੀ। ਮੈਂ ਸੁਚੇਤ ਤੌਰ ਤੇ ਕਈ ਵਾਰ ਉਸ ਦੀ ਪਰਖ ਕਰਨ ਦੀ
ਕੋਸ਼ਿਸ਼ ਕੀਤੀ, ਕਿਉਂਕਿ ਮੈਂ ਪੂਰੀ ਤਰ੍ਹਾਂ ਉਸ ਤੇ ਵਿਸ਼ਵਾਸ਼ ਨਹੀਂ ਸੀ ਕਰਦਾ। ਹਰ ਪੱਖੋਂ ਮੈਂ ਉਸ ਨਾਲੋਂ
ਦਸ ਸਾਲ ਵੱਡਾ ਸੀ। ਨਿਰਸੰਦੇਹ ਇਹ ਪਰਖਾਂ ਸ਼ਾ-ਸ਼ਾ ਨਾਲ ਸੰਬੰਧਤ ਸਨ। ਮੀ-ਕਵਿੰਗ ਸ਼ਾ-ਸ਼ਾ ਦੇ
ਕੱਪੜੇ ਧੋਂਦੀ, ਭਾਵੇਂ ਕਿ ਮੇਰੇ ਕੋਲ ਕੱਪੜੇ ਧੋਣ ਵਾਲੀ ਮਸ਼ੀਨ ਸੀ। ਮੀ-ਕਵਿੰਗ ਸ਼ਾ ਸ਼ਾ ਦੀਆਂ
ਘਸੀਆਂ ਜਰਾਬਾਂ ਦੀ ਮੁਰੰਮਤ ਕਰ ਦਿੰਦੀ, ਭਾਵੇਂ ਕਿ ਇਹ ਕੰਮ ਮੈਂ ਵੀ ਕਰ ਸਕਦਾ ਸੀ, ਜਾਂ ਨਵਾਂ
ਜੋੜਾ, ਖਰੀਦ ਸਕਦਾ ਸੀ। ਉਹ ਸ਼ਾ-ਸ਼ਾ ਦੇ ਵਾਲ ਧੋ ਦਿੰਦੀ। ਉਸ ਦੀਆਂ ਗੁੱਤਾਂ ਕਰ ਦਿੰਦੀ ਤੇ ਨਹੁੰ
ਕੱਟ ਦਿੰਦੀ ਤੇ ਇਕ ਵਾਰ ਉਸ ਦਾ ਐਪਰਨ (ਪੇਸ਼ ਬੰਦ) ਵੀ ਬਣਾ ਦਿੱਤਾ। ਕਿੰਡਰ ਗਾਰਡਨ ਵਿੱਚ
ਇਕ ਲਹਿਰ ਚੱਲੀ ਕਿ ਬੱਚਿਆਂ ਨੂੰ ਇਨ੍ਹਾਂ ਹੀ ਪਿਆਰ ਦਿੱਤਾ ਜਾਵੇ, ਜਿੰਨਾ ਉਹਨਾਂ ਦੀਆਂ ਮਾਵਾਂ
ਦਿੰਦੀਆਂ ਹਨ ਤੇ ਮੀ-ਕਵਿੰਗ ਨੇ ਪਹਿਲਾਂ ਹੀ ਸ਼ਾ-ਸ਼ਾ ਨੂੰ ਉਹ ਪਿਆਰ ਦੇ ਦਿੱਤਾ ਸੀ, ਜੋ ਉਹ
ਆਪਣੇ ਬੱਚਿਆਂ ਨੂੰ ਦੇ ਸਕਦੀ ਸੀ। ਉਹ ਹਰ ਪੱਖੋਂ ਇਕ ਚੰਗੀ ਮਾਂ ਵਰਗੀ ਸੀ।

ਇਕ ਦਿਨ ਜਦੋਂ ਅਸੀਂ ਗੱਪਾਂ ਮਾਰ ਰਹੇ ਸੀ, ਉਸਨੇ ਮੈਨੂੰ ਦੱਸਿਆ "ਮੇਰੇ ਪਰਿਵਾਰ ਵਿਚ ਅਸੀਂ
ਤਿੰਨ ਜਣੇ ਹਾਂ, ਮੇਰੀ ਮਾਤਾ, ਮੇਰਾ ਭਰਾ ਤੇ ਮੈਂ।" ਉਸਦਾ ਇਸ ਕਥਨ ਤੋਂ ਕੀ ਭਾਵ ਸੀ ? ਇਕ ਹੋਰਸ
ਸਮੇਂ, ਜਦੋਂ ਅਸੀਂ ਕਿੰਡਰ ਗਾਰਡਨ ਦੇ ਬੱਚਿਆਂ ਬਾਰੇ ਗੱਲਾਂ ਕਰ ਰਹੇ ਸੀ, ਉਸ ਨੇ ਕਿਹਾ, "ਸ਼ਾ-ਸ਼ਾ
ਦੀ ਮਾਂ ਨਹੀਂ। ਇਹ ਸ਼ਰਮਿੰਦਗੀ ਦੀ ਗੱਲ ਹੈ" ਕੀ ਇਹ ਸੰਕੇਤ ਸੀ ?

ਇਕ ਐਤਵਾਰ ਮੈਂ ਅਚਾਨਕ ਹੀ ਉਸ ਨੂੰ ਗਲੀ ਵਿਚ ਮਿਲਿਆ। ਮੈਨੂੰ ਪਤਾ ਲੱਗਾ ਕਿ ਉਸ ਦਾ
ਪਰ ਮੇਰੇ ਘਰ ਦੇ ਏਨਾ ਨੇੜੇ ਨਹੀਂ ਸੀ ਸਗੋਂ ਇਹ ਕਾਫੀ ਦੂਰ ਸੀ, ਸਗੋਂ ਉਸ ਬਹਾਨਾ ਬਣਾਇਆ ਸੀ
ਕਿ ਉਹ ਨੇੜੇ ਹੀ ਰਹਿੰਦੀ ਹੈ। ਅਚਾਨਕ ਮੈਨੂੰ ਮਹਿਸੂਸ ਹੋਇਆ ਕਿ ਮੈਂ ਉਸ ਦਾ ਮਨ ਪੜ੍ਹ ਸਕਦਾ ਸੀ।

ਇਕ ਵਾਰ ਮੈਂ ਪੁੱਛਿਆ, "ਕੀ ਤੂੰ ਬੱਚਿਆਂ ਤੋਂ ਅੱਕਦੀ ਨਹੀਂ ਹੈ ?" ਉਸ ਨੇ ਉੱਤਰ ਦਿੱਤਾ,
"ਨਿਰਸੰਦੇਹ" ਕਈ ਵਾਰ ਮੈਂ ਏਨੀ ਨਾਰਾਜ਼ ਹੋ ਜਾਂਦੀ ਹਾਂ ਕਿ ਮੈਂ ਚਾਹੁੰਦੀ ਹਾਂ ਉਸ ਨੂੰ ਤਾੜ ਦੇਵਾਂ। ਹਰ
ਰੋਜ਼ ਜਦੋਂ ਮੈਂ ਘਰ ਜਾਂਦੀ ਹਾਂ ਤਾਂ ਮੈਂ ਸਭ ਵਿਰਲਾਪ ਤੇ ਰੌਲੇ ਤੋਂ ਜੋ ਅਜੇ ਵੀ ਮੇਰੇ ਕੰਨਾ ਵਿਚ ਗੂੰਜਦਾ
ਹੁੰਦਾ ਹੈ, ਮੁਕਤ ਹੋ ਕੇ ਚੁੱਪ-ਚਾਪ ਬੈਠਾਂ। ਪਰ ਮੈਂ ਇਸ ਦੀ ਆਦੀ ਹੋ ਜਾਵਾਂਗੀ।" ਇਸ ਲਈ ਉਹ
ਸ਼ਾ-ਸ਼ਾ ਬਾਰੇ ਏਨੀ ਚਿੰਤਤ ਤੇ ਕਿਰਪਾਲੂ ਕਿਉਂ ਸੀ ?

...... ਹੁਣ ਉਸ ਦੇ ਮੰਤਵ ਸਾਫ ਸਪੱਸ਼ਟ ਦਿਸਦੇ ਸੀ। ਕੋਈ ਵੀ ਮੰਗੇਤਰ ਹਰ ਪੱਖੋਂ ਸੰਪੂਰਨ ਨਹੀਂ
ਹੋ ਸਕਦੀ। ਇਸ ਲਈ ਮੈਂ ਉਸਦੇ ਨੁਕਸਾਂ ਨੂੰ ਵੇਖਣ ਲੱਗ ਪਿਆ। ਮੈਂ ਫੈਸਲਾ ਕੀਤਾ ਕਿ ਪਿਆਰ ਦੇ
ਰੋਗ ਵਿਚ ਫਸਾਂਗਾ ਨਹੀਂ, ਕਿਉਂਕਿ ਮੈਂ ਇਕ ਵਾਰ ਪਿਆਰ ਦੀ ਖੱਟਾਸ ਦਾ ਸਵਾਦ ਚੱਖ ਚੁੱਕਾ ਸੀ।
ਨਿਰਸੰਦੇਹ ਉਸ ਦੀ ਨੌਕਰੀ ਆਦਰਸ਼ਕ ਸੀ। ਲੋਕ ਆਖਦੇ ਨੇ ਕਿ ਡਾਕਟਰਾਂ ਤੇ ਨਰਸਾਂ ਆਪਣੇ
ਪਤੀਆਂ ਵੱਲ ਬਹੁਤ ਧਿਆਨ ਨਹੀਂ ਦਿੰਦੀਆਂ। ਕਿਉਂਕਿ ਉਹਨਾਂ ਨੇ ਬੜਾ ਦੁੱਖ ਵੇਖਿਆ ਹੁੰਦਾ ਹੈ,
ਪਰ ਮੀਕਿਆਂਗ ਬਾਰੇ ਕਿਵੇਂ ਸੀ ? ਇਕ ਕਿੰਡਰ ਗਾਰਡਨ ਟੀਚਰ ਵਜੋਂ ਉਸ ਨੇ ਕਿੰਨੇ ਨਿੱਕੇ ਬੱਚੇ ਵੇਖੇ
ਸੀ, ਇਸ ਲਈ ਕੀ ਉਹ ਸ਼ਾ-ਸ਼ਾ ਨਾਲ ਪਿਆਰ ਕਰ ਸਕੇਗੀ। ਉਹ ਦਿਲਕਸ਼ ਤੇ ਸੀ ਪਰ ਉਸ ਵਿਚ
ਠਾਠ ਤੇ ਸ਼ਰਮ ਦੀ ਘਾਟ ਸੀ ਤੇ ਉਹ ਚੀਜ਼ਾਂ ਜਦ ਬੰਦਾ ਵੱਡੀ ਉਮਰ ਦਾ ਹੋ ਜਾਂਦਾ ਹੈ, ਤਾਂ ਬੜੀ ਜ਼ਰੂਰੀ
ਹੁੰਦੀਆਂ ਹਨ। ਕੀ ਮੇਰੀ ਮਾਂ ਉਸ ਨੂੰ ਬਾਹਰ ਗਈ ਨੂੰ ਪਸੰਦ ਕਰੇਗੀ ਤੇ ਉਸ ਦੀਆਂ ਅੱਖਾਂ ਬਹੁਤ ਹੀ
ਨਿੱਕੀਆਂ ਸਨ। ਲੋਕ ਆਖਦੇ ਨੇ ਕਿ ਦੂਹਰੀ ਤਹਿ ਵਾਲੇ ਅੱਖਾਂ ਦੇ ਛੱਪਰ ਤੇ ਮੋਟੀਆਂ ਅੱਖਾਂ ਸੁੰਦਰਤਾ
ਦੇ ਪ੍ਰਮਾਣਤ ਨੇਮ ਹਨ। ਕਿਆ ਆਦਰਸ਼ਕ ਹੁੰਦਾ ਜੇ ਮੀਕਿਆਂਗ ਦੀਆਂ ਅੱਖਾਂ ਯੈਂਗ ਨਾ ਵਰਗੀਆਂ
ਹੁੰਦੀਆਂ।



ਸ਼ਾਇਦ ਪਿਆਰ ਪੈਣ ਦੇ ਮਾਮਲੇ ਵਿਚ ਮੇਰਾ ਵਤੀਰਾ ਜ਼ਿਆਦਾ ਹੀ ਗੰਭੀਰ ਸੀ। ਸਤੰਬਰ ਵਿਚ
ਸਾਡੀ ਬਾਸਕਟ ਬਾਲ ਦੀ ਟੀਮ ਨੇ ਦੋ ਹਫਤੇ ਲਈ ਬਾਹਰ ਮੈਚ ਖੇਡਣ ਜਾਣਾ ਸੀ। ਮੈਂ ਖੁਸ਼ ਸੀ ਇਸ
ਅਵਸਰ ਕਾਰਨ ਮੈਂ ਕੋਈ ਫੈਸਲਾ ਕਰਨ ਲਈ ਮਜ਼ਬੂਰ ਹੋ ਜਾਵਾਂਗਾ। ਉਦੋਂ ਅਗਸਤ ਦੀ ਦੋ ਤਾਰੀਖ
ਸੀ। ਮੈਂ ਆਮ ਵਾਂਗ ਬਾਲ ਕੋਨੀ ਵਿਚ ਉਡੀਕਿਆ। ਮੀਕਿਆਂਗ ਨੇ ਚਿੱਟਾ ਗੋਲ-ਗਲੇ ਵਾਲਾ
ਬਲਾਊਜ਼ ਪਾਇਆ ਹੋਇਆ ਸੀ। ਉਸ ਦੀ ਸਕਰਟ ਹਰੀ ਸੀ ਤੇ ਉਸ ਨੇ ਨੀਲੇ ਰੰਗ ਦਾ ਉੱਚੀ ਅੱਡੀ
ਵਾਲਾ ਜੁੱਤੀਆਂ ਦਾ ਜੋੜਾ ਪਹਿਨਿਆਂ ਹੋਇਆ ਸੀ। ਸ਼ਾ-ਸ਼ਾ ਦਾ ਹੱਥ ਫੜੀ ਉਸ ਨੇ ਬੱਸਾਂ ਦੇ ਲੰਘ
ਜਾਣ ਦੀ ਉਡੀਕ ਕੀਤੀ ਤੇ ਫਿਰ ਗਲੀ ਪਾਰ ਕੀਤੀ। ਉਹ ਹੱਸਣਾ ਤੇ ਦੌੜਨਾ ਪਸੰਦ ਕਰਦੀ ਸੀ।
ਦੋਵੇਂ ਗੱਲਾਂ ਉਸ ਨੂੰ ਹੋਰ ਦਿਲ ਖਿਚਵਾਂ ਬਣਾਉਂਦੇ ਸਨ। ਮੈਂ ਹਿਸਾਬ ਲਾਇਆ ਕਿ ਤਿਨ ਮਿੰਟਾਂ ਵਿਚ
ਦਰਵਾਜ਼ਾ ਆ ਖੜਕਾਏਗੀ। ਮੈਂ ਉਸ ਦੇ ਪਿੱਛੇ ਖੜ ਗਿਆ ਤੇ ਜਦ ਉਹਨਾਂ ਬੂਹਾ ਖੜਕਾਇਆ ਮੈਂ
ਤੁਰੰਤ ਖੋਲ੍ਹ ਦਿੱਤਾ।

ਹੈਰਾਨ ਹੋਈ, ਉਸ ਮੁਸਕਰਾਉਂਦੀ ਹੋਈ ਨੇ ਕਿਹਾ, "ਤੁਸਾਂ ਮੈਨੂੰ ਡਰਾ ਦਿੱਤਾ। ਕੀ ਤੁਸਾਂ ਮੈਨੂੰ
ਆਉਂਦੀ ਨੂੰ ਵੇਖ ਲਿਆ ਸੀ ?"

"ਦਿੱਭ ਦ੍ਰਿਸ਼ਟੀ। ਕ੍ਰਿਪਾ ਕਰਕੇ ਅੰਦਰ ਜਾਓ।" ਉਹ ਝਿਜਕੀ। ਆਮ ਹਾਲਤਾਂ ਵਿਚ ਉਸ ਅੰਦਰ
ਨਹੀਂ ਸੀ ਆਉਣਾ। ਸ਼ਾ-ਸ਼ਾ ਨੂੰ ਅਲਵਿਦਾ ਆਖ, ਉਹ ਸਦਾ ਹੀ ਕਾਹਲੀ ਨਾਲ ਵਾਪਸ ਮੁੜ ਜਾਂਦੀ।
ਪਰ ਉਸ ਦਿਨ ਉਹ ਅੰਦਰ ਆ ਗਈ ਤੇ ਪੁੱਛਿਆ, "ਕੀ ਕੋਈ ਹੋਰ ਗੱਲ ਸੀ ? ਮੈਂ ਸਾਧਾਰਨ ਤੌਰ ਤੇ
ਪੁੱਛਿਆ।" ਕੀ ਤੁਸੀਂ ਅੱਜ ਤਰਨ ਗਏ ਸੀ ?

"ਹਾਂ ਮੈਂ ਦੁਪਹਿਰ ਦੇ ਖਾਣੇ ਵਕਤ ਜਾਂਦੀ ਹਾਂ। ਤੁਸੀਂ ਵੇਖਦੇ ਨਹੀਂ ਕਿ ਮੈਂ ਕਿੰਨੀ ਸਖਤ ਹਾਂ।"

"ਸਰਦੀ ਵਿਚ ਕਿਵੇਂ ਕਰਦੇ ਹੋ ?"

"ਮੈਂ ਸਕੇਟਿੰਗ ਲਈ ਚਲੇ ਜਾਂਦੀ ਹਾਂ।"

ਮੈਂ ਸੋਚਿਆ, ਸ਼ਾਇਦ ਉਹ ਚੰਗੀ ਸਕੇਟਰ ਵੀ ਹੋਵੇ, "ਤੁਹਾਨੂੰ ਦੋਹਾਂ ਵਿਚ ਸਭ ਤੋਂ ਵੱਧ ਚੰਗੀ
ਗੱਲ ਕਿਹੜੀ ਲੱਗਦੀ ਹੈ ? ਦੌੜਨਾ ਜਾਂ ਸਕੇਟਿੰਗ ?"

"ਮੈਂ ਦੌੜ ਪਸੰਦ ਕਰਦੀ ਹਾਂ। ਇਹ ਬਹੁਤ ਜ਼ਿਆਦਾ ਉਤੇਜਨਾ ਭਰਿਆ ਹੈ। ਮੈਂ ਉਹਨਾਂ ਲੋਕਾਂ ਦਾ
ਮੁਕਾਬਲਾ ਕਰਨਾ ਪਸੰਦ ਕਰਦੀ ਹਾਂ, ਜੋ ਤੇਜ਼ ਸਕੇਟਿੰਗ ਕਰਦੇ ਹਨ।"

ਉਸ ਦਾ ਸੁਭਾਅ ਅਪਣੱਤ ਭਰਿਆ ਸੀ ਤੇ ਉਹ ਸਹੀ ਜੋਸ਼ ਨਾਲ ਸਭ ਚੀਜ਼ਾਂ ਬਾਰੇ ਗੱਲ ਕਰਦੀ
ਸੀ। ਮੈਂ ਅਸਲ ਨੁਕਤੇ ਵੱਲ ਆਉਣ ਦਾ ਫੈਸਲਾ ਕਰ ਲਿਆ।

"ਅੱਜ ਤੋਂ ਤੀਜੇ ਦਿਨ ਨੂੰ ਮੈਂ ਬਾਸਕਟ ਬਾਲ ਦੀ ਟੀਮ ਨਾਲ ਬਾਹਰ ਜਾ ਰਿਹਾ ਸੀ। ਕੀ ਮੈਂ ਇਕ
ਰਿਆਇਤ ਮੰਗ ਲਵਾਂ ? ਕੀ ਸ਼ਾ-ਸ਼ਾ ਤੁਹਾਡੇ ਨਾਲ ਕੁਝ ਹਫਤੇ ਠਹਿਰ ਸਕਦੀ ਹੈ ?" ਮੈਂ ਉਸ ਦੇ
ਪ੍ਰਤੀਕਮ ਨੂੰ ਧਿਆਨ ਨਾਲ ਵੇਖਿਆ।

"ਸ਼ਾ-ਸ਼ਾ, ਕੀ ਤੂੰ ਮੇਰੇ ਨਾਲ ਰਹਿਣਾ ਪਸੰਦ ਕਰੇਂਗੀ ?" ਉਸ ਨੇ ਸ਼ਾ-ਸ਼ਾ ਨੂੰ ਆਪਣੀਆਂ ਬਾਹਾਂ
ਵਿਚ ਲੈ ਲਿਆ। ਪਰ ਉਸ ਦਾ ਸਾਰੇ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਪ੍ਰਤੀਤ ਨਾ ਹੋਇਆ ਤੇ
ਮੈਨੂੰ ਕੁਝ ਨਿਰਾਸਤਾ ਹੋਈ।

ਸ਼ਾ-ਸ਼ਾ ਨੇ ਕਿਹਾ, "ਡੈਡੀ ਨੇ ਮੈਨੂੰ ਪਹਿਲਾਂ ਹੀ ਦੱਸ ਦਿੱਤਾ ਹੈ ਤੇ ਮੈਂ ਕਿਹਾ ਠੀਕ ਹੈ। ਡੈਡੀ ਕੀ
ਤੁਸਾਂ ਹਾਲੀ ਤੀਕ ਦੱਸਿਆ ਨਹੀਂ।"

ਇਹ ਤਿੰਨ ਰਾਤਾਂ ਪਹਿਲਾਂ ਦੀ ਗੱਲ ਸੀ। ਉਸ ਸਮੇਂ ਤੋਂ ਲੱਗ ਕੇ ਮੈਂ ਲਗਾਤਾਰ ਦੱਸਿਆ ਸੀ।
"ਡੈਡੀ ਬਾਹਰ ਜਾ ਰਹੇ ਹਨ। ਤੁਸੀਂ ਮੀ-ਕਵਿੰਗ ਕੋਲ ਕੁਝ ਹਫਤੇ ਰਹੋਗੇ। ਮੇਰਾ ਖਿਆਲ ਹੈ ਕਿ ਤੁਸੀਂ
ਦੋਵੇਂ ਕੱਟ ਲਵੋਗੇ।"

"ਠੀਕ ਹੈ, ਸ਼ਾ ਸ਼ਾ। ਮੈਨੂੰ ਯਕੀਨ ਹੈ, ਅਸੀਂ ਨਿਭਾ ਲਵਾਂਗੇ।" ਮੀ-ਕਵਿੰਗ ਅਜੇ ਵੀ ਸ਼ਾ ਸ਼ਾ
ਨਾਲ ਗੱਲਾਂ ਕਰਨ ਦਾ ਬਹਾਨਾ ਕਰ ਰਹੀ ਸੀ। ਉਹ ਸੱਚ ਮੁਚ ਹੀ ਬੜੀ ਹੁਸ਼ਿਆਰ ਸੀ।

ਮੈਂ ਮੇਜ਼ ਦੇ ਖਾਨੇ ਵਿਚੋਂ ਚਾਬੀ ਕੱਢੀ ਤੇ ਉਸ ਨੂੰ ਫੜਾ ਦਿੱਤੀ। ਮਿਹਰਬਾਨੀ ਕਰਕੇ ਇਹ ਫੜ
ਲਓ।

ਕੁਝ ਖਿੱਝ ਕੇ ਉਸ ਨੇ ਕਿਹਾ "ਕੀ ਤੁਸੀਂ ਚਾਹੁੰਦੇ ਹੋ ਕਿ ਮੈਂ ਏਥੇ ਠਹਿਰਿਆ ਕਰਾਂ ?"

"ਮੈਂ ਚਾਹਾਂਗਾ ਕਿ ਤੁਸੀਂ ਮੇਰੇ ਘਰ ਦਾ ਵੀ ਧਿਆਨ ਰੱਖੋ।" ਮੈਂ ਮੁਸਕਰਾਉਂਦੇ ਹੋਏ ਉਸ ਵੱਲ
ਤੱਕਿਆ।

"ਕੀ ਮੈਂ ਟੀ. ਵੀ. ਵੀ ਵੇਖ ਲਿਆ ਕਰਾਂ ?" ਇਹ ਅਜੀਬ ਪ੍ਰਸ਼ਨ ਸੀ ਤੇ ਨਿਰਛਲਤਾ ਵਿਚ
ਪੁੱਛਿਆ ਗਿਆ ਸੀ।

"ਨਿਰਸੰਦੇਹ!" ਮੈਂ ਕੁਝ ਹੋਰ ਵੀ ਅਰਥ ਭਰਪੂਰ ਗੱਲ ਕਰਨੀ ਚਾਹੁੰਦਾ ਸੀ, ਪਰ ਮੈਂ ਆਪਣੇ ਆਪ
ਨੂੰ ਰੋਕ ਲਿਆ।

—6—

ਮੈਂ ਯਾਤਰਾ ਤੋਂ ਚਾਰ ਵਜੇ ਬਾਅਦ ਦੁਪਹਿਰ ਵਾਪਸ ਪਰਤਿਆ। ਮੈਂ ਹਰ ਥਾਂ ਤੇ ਮੀਕਿਆਂਗ ਦੀ
ਹਾਜ਼ਰੀ ਅਨੁਭਵ ਕੀਤੀ। ਕਮਰੇ ਸਾਫ ਸੁਥਰੇ ਸਨ ਤੇ ਸਰਾਣੇ ਤੇ ਚਿੱਟਾ ਕੱਜਣ ਪਾਇਆ ਹੋਇਆ ਸੀ।
ਸੰਤਰੇ ਦੀ ਰਸ ਦੀ ਇੱਕ ਬੋਤਲ ਤੇ ਤਿੰਨ ਤਾਜ਼ੀਆਂ ਧੋਤੀਆਂ ਮੂਲੀਆਂ ਫਰਿਜ ਵਿਚ ਪਈਆਂ ਸਨ।
ਬਾਲ ਕੋਨੀ ਵਿਚ ਦੋ ਨਿੱਕੀਆਂ ਕੁਰਸੀਆਂ ਕੰਧ ਦੇ ਨਾਲੋਂ ਨਾਲ ਪਈਆਂ ਸਨ।

ਯੋਂਗ-ਨਾ ਵੀ ਏਥੇ ਆਈ ਹੋਵੇਗੀ। ਉਹ ਮੀਕਿਆਂਗ ਨੂੰ ਵੇਖ ਕੇ ਹੈਰਾਨ ਹੋਈ ਹੋਵੇਗੀ। ਕਿਉਂਕਿ
ਉਸ ਨੂੰ ਪਤਾ ਸੀ ਕਿ ਮੈਂ ਹਾਲੀ ਬਾਹਰ ਸੀ। ਉਹ ਆਪਣੇ ਆਪ ਨੂੰ ਹੋਰ ਵੱਧ ਬਦ ਕਿਸਮਤ ਸਮਝਦੀ
ਹੋਵੇਗੀ। ਬਾਹਰ ਜਾਣ ਦੇ ਮੌਕੇ ਸਦਕਾ ਵਿਆਹ ਦੀ ਤੱਕੜੀ ਕਾਫੀ ਵਜ਼ਨ ਰੱਖਦੀ ਸੀ। ਪਰ ਮੈਂ ਯੋਂਗ-
ਨਾ ਪ੍ਰਤੀ ਕੋਈ ਜ਼ੁੰਮੇਵਾਰੀ ਅਨੁਭਵ ਨਾ ਕੀਤੀ। ਹਰ ਹਾਲਤ ਵਿਚ ਉਸ ਨੂੰ ਅੱਗੋਂ ਜਾਂ ਪਿੱਛੋਂ ਉਦਾਸੀ
ਨੇ ਘੇਰਨਾ ਸੀ।

ਮੈਂ ਨਹੀਂ ਸੀ ਜਾਣਦਾ ਕਿ ਮੈਂ ਕਿੰਡਰ ਗਾਰਡਨ ਜਾਵਾਂ ਜਾਂ ਘਰੇ ਹੀ ਉਡੀਕ ਕਰਾਂ। ਘਰੇ
ਠਹਿਰਨਾ ਸੌਖਾ ਰਹਿਣਾ ਸੀ, ਪਰ ਮੈਨੂੰ ਤਿੰਨ ਘੰਟੇ ਤੋਂ ਵੱਧ ਉਡੀਕਣਾ ਪੈਣਾ ਸੀ।

ਮੈਂ ਉਡੀਕਣ ਦਾ ਫੈਸਲਾ ਕੀਤਾ। ਬੰਦੇ ਦੀ ਜ਼ਿੰਦਗੀ ਵਿਚ ਸੱਚੇ ਅਰਥਾਂ ਵਿਚ ਅਸਚਰਜ
ਘੜੀਆਂ ਬਹੁਤ ਘੱਟ ਹੁੰਦੀਆਂ ਹਨ। ਜਦ ਕਦੇ ਅਸੀਂ ਦੁਬਾਰਾ ਮਿਲੇ ਤੇ ਮੈਂ ਉਸਨੂੰ ਸਭ ਤੋਂ ਜ਼ਰੂਰੀ
ਸ਼ਬਦ ਆਖੇ ਤਾਂ ਇਕ ਨਵੀਂ ਜ਼ਿੰਦਗੀ ਸ਼ੁਰੂ ਹੋਵੇਗੀ।

ਮੈਂ ਤਿੰਨ ਘੰਟੇ ਬਾਲਕੋਨੀ ਵਿਚ ਬੈਠਾ ਰਿਹਾ। ਮੈਨੂੰ ਪਤਾ ਸੀ ਕਿ ਉਹ ਕੋਨੇ ਦੇ ਦੁਆਲਿਓ ਪ੍ਰਗਟ
ਹੋਵੇਗੀ, ਪਰ ਮੈਂ ਇਸ ਗੱਲ ਨਾਲ ਸੰਤੁਸ਼ਟ ਸੀ ਕਿ ਮੈਂ ਉਸ ਨੂੰ ਹਰ ਰੋਜ਼ ਵਾਂਗ ਗਲੀ ਵਿਚ ਤੁਰਦੀ ਨੂੰ
ਤੱਕਾਂ। ਇਹੀ ਗਲੀ ਸੀ ਜਿਸ ਬਾਰੇ ਮੈਂ ਬਾਹਰ ਗਏ ਵੀ ਸੋਚਦਾ ਰਿਹਾ ਸੀ।

ਸਾਢੇ ਸੱਤ ਵਜੇ ਉਹ ਤੇ ਸ਼ਾ ਸਾ ਟਰੈਫਿਕ ਲਾਈਟਾਂ ਤੇ ਪ੍ਰਗਟ ਹੋਈਆਂ। ਉਹ ਆ ਰਹੀਆਂ ਸਨ।
ਉਹ ਮੇਰੇ ਫਲੈਟ ਤੋਂ ਰੌਸ਼ਨੀ ਨੂੰ ਵੇਖ ਲੈਣਗੀਆਂ। ਮੈਂ ਤਿੰਨਾਂ ਕਮਰਿਆਂ ਦੀਆਂ ਬੱਤੀਆਂ ਜਗਾ
ਦਿੱਤੀਆਂ ਤੇ ਨਾਲ ਹੀ ਲਟਕ ਦੇ ਸ਼ਮ੍ਹਾਂ ਦਾਨ, ਟੇਬਲ-ਲੈਂਪ ਤੇ ਕੰਧਾਂ ਅਤੇ ਫਰਸ਼ ਦੀਆਂ ਬੱਤੀਆਂ ਵੀ।
ਮੈਂ ਮੀ-ਕਿਆਂਗ ਤੇ ਸ਼ਾ-ਸ਼ਾ ਨੂੰ ਇੱਕ ਤੋਂ ਪਿੱਛੋਂ ਦੂਸਰੀ ਕਾਰ ਲੰਘ ਜਾਣ ਦੀ ਉਡੀਕ ਕਰਦੇ ਵੇਖਿਆ।
ਸ਼ਾਇਦ ਉਹ ਹੋਰ ਜ਼ਿਆਦਾ ਉਡੀਕ ਤੋਂ ਅੱਕ ਗਈ, ਕਿਉਂਕਿ ਉਸ ਨੇ ਸ਼ਾ-ਸ਼ਾ ਨੂੰ ਆਪਣੀਆਂ ਬਾਹਾਂ
ਵਿਚ ਚੁੱਕ ਲਿਆ ਤੇ ਗਲੀ ਪਾਰ ਚੁੱਕ ਕੇ ਲੈ ਗਈ।

ਮੈਂ ਆਪਣੇ ਦਿਲ ਨੂੰ ਧੜਕਦੇ ਤੇ ਗੁੱਟ-ਘੜੀ ਨੂੰ ਟਿੱਕ ਟਿੱਕ ਕਰਦੇ ਅਨੁਭਵ ਕੀਤਾ। ਘੜੀ



ਬਾਹਰਲੀ ਸੀ ਤੇ ਮਹਿੰਗੀ ਜਿਸ ਨੂੰ ਟੀ. ਵੀ. ਦੇ ਇਸ਼ਤਿਆਰ ਵਿਚ ਮੀ-ਕਿ... ਨੇ ਇਕ ਵਾਰ
ਸਲਾਹਿਆ ਸੀ। ਮੈਂ ਇਹ ਬਾਹਰੋਂ ਉਸਨੂੰ ਦੇਣ ਲਈ ਖਰੀਦੀ ਸੀ।

ਮੈਂ ਪੌੜੀਆਂ ਤੋਂ ਹੇਠਾਂ ਗਿਆ ਤੇ ਉਹਨਾਂ ਨੂੰ ਫਲੈਟ ਵਿਚ ਉਡੀਕਣਾ ਠੀਕ ਸਮਝਿਆ। ਪਰ ਫਿਰ
ਮੁੜ ਆਇਆ। ਮੈਂ ਉਹਨਾਂ ਨੂੰ ਪੌੜੀਆਂ ਚੜ੍ਹਦੇ ਸੁਣਿਆ। ਜਦ ਉਹ ਅੰਦਰ ਆਈਆਂ, ਸ਼ਾ-ਸ਼ਾ ਨੇ
ਮੀ-ਕਿਆਂਗ ਨੂੰ ਜੱਫੀ ਪਾਈ ਹੋਈ ਸੀ, ਤੇ ਫੇਫੜਿਆਂ ਦੇ ਪੂਰੇ ਜ਼ੋਰ ਨਾਲ ਚੀਕ ਰਹੀ ਸੀ, "ਡੈਡੀ!
ਡੈਡੀ!"

ਮੀਕਿਆਂਗ ਵੀ ਬੜੀ ਉਤੇਜਤ ਸੀ। "ਤੁਹਾਨੂੰ ਵਾਪਸ ਆਏ ਵੇਖ ਕੇ ਖੁਸ਼ੀ ਹੋਈ ਹੈ। ਅਸੀਂ ਦੂਰ
ਤੋਂ ਜਗਦੀ ਬੱਤੀ ਵੇਖ ਲਈ ਸੀ, ਮੈਂ ਪਿਛਲੀ ਰਾਤ ਸ਼ਾ-ਸ਼ਾ ਨਾਲ ਇਸ ਬਾਰੇ ਸ਼ਰਤ ਵੀ ਲਾਈ ਸੀ।"

ਉਹ ਸੱਚਮੁੱਚ ਹੀ ਬੇਹੱਦ ਖੁਸ਼ ਸੀ। ਮੈਨੂੰ ਯਕੀਨ ਸੀ ਕਿ ਮੈਂ ਕਦੇ ਵੀ ਪਹਿਲਾਂ ਨਾਲੋਂ ਉਸ ਨੂੰ ਵੱਧ
ਪਸੰਦ ਕੀਤਾ ਸੀ। ਉਸ ਦਾ ਲੰਮਾ ਮੂੰਹ ਉਸ ਦੇ ਖੁੱਲ੍ਹੇ ਖੁਲਾਸੇ ਆਚਰਣ ਦੇ ਬਿਲਕੁਲ ਅਨੁਕੂਲ ਲੱਗਦਾ
ਸੀ। ਉਸ ਦੀਆਂ ਅੱਖਾਂ ਦੇ ਹੋਰ ਵੱਡੀਆਂ ਹੋਣ ਦੀ ਲੋੜ ਨਹੀਂ ਸੀ ਕਿਉਂਕਿ ਉਸ ਦੀਆਂ ਅੱਖਾਂ ਤੋਂ ਉਹ
ਕੋਮਲ, ਦੋਸਤਾਨਾ ਤੇ ਨਿਰਛਲ ਲੱਗਦੀ ਸੀ। ਉਹ ਏਨੀ ਠਾਠ ਵਾਲੀ ਤੇ ਬੇਕਾਬੂ ਲੱਗਦੀ ਸੀ।

ਅਸਾਂ ਸ਼ੁਭ-ਇਛਾਵਾਂ ਵਟਾਉਣੀਆਂ ਮੁਕਾ ਲਈਆਂ ਤੇ ਉਸ ਨੇ ਮੇਰੀ ਯਾਤਰਾ ਮੇਰੀ ਟੀਮ ਤੇ
ਸਿਹਤ ਦੀ ਹਾਲਤ ਬਾਰੇ ਪੁੱਛਿਆ। ਉਹ ਹਰ ਗੱਲ ਨੂੰ ਜਾਨਣ ਵਿਚ ਦਿਲਚਸਪੀ ਰੱਖਦੀ ਸੀ। ਘੜੀ
ਮੇਰੀ ਜੇਬ ਵਿਚ ਟਿੱਕਟਿੱਕ ਕਰਦੀ ਰਹੀ। ਮੈਂ ਫੈਸਲਾ ਕੀਤਾ ਉਹ ਗੱਲ ਅਜੇ ਬਾਹਰ ਨਹੀਂ ਕੱਢਣੀ ਜੋ
ਉਸ ਸਮੇਂ ਮੇਰੇ ਮਨ ਵਿਚ ਸੀ, ਸਗੋਂ ਕਿਸੇ ਠੀਕ ਮੌਕੇ ਦੀ ਉਡੀਕ ਕਰਨੀ ਸੀ।

ਮੀਕਿਆਂਗ ਨੇ ਕਲਾਕ ਵੱਲ ਵੇਖਿਆ। "ਉਹ ਕਾਫੀ ਦੇਰ ਹੋ ਗਈ ਹੈ। ਕੀ ਕੱਲ੍ਹ ਤੁਸੀਂ ਕੰਮ ਤੇ
ਜਾ ਰਹੇ ਹੋ ?"

"ਨਹੀਂ ਮੇਰੀ ਅਜੇ ਛੁੱਟੀ ਦੇ ਕੁਝ ਦਿਨ ਬਾਕੀ ਹਨ।"

"ਉਹ ਚੰਗੀ ਗੱਲ ਹੈ।" ਉਹ ਸ਼ਾ-ਸ਼ਾ ਦੇ ਕਮਰੇ ਵਿਚ ਗਈ ਤੇ ਬਾਹਰ ਨਿਕਲਣ ਤੋਂ ਪਹਿਲਾਂ
ਧੋਣ ਵਾਲੇ ਕੱਪੜੇ ਛਾਂਟਣ ਲੱਗੀ। "ਸ਼ਾ-ਸ਼ਾ ਸੌਣ ਤੋਂ ਪਹਿਲਾਂ ਆਪਣੇ ਪੈਰ ਧੋਣੇ ਨਾ ਭੁੱਲ ਜਾਵੀਂ।"

ਹੁਣ ਮੈਂ ਜ਼ਰੂਰੀ ਮਾਮਲਾ ਦੱਸਣ ਲਈ ਤਿਆਰ ਹੋਇਆ ਅਨੁਭਵ ਕੀਤਾ। ਮੈਂ ਅਨੁਮਾਨ ਨਹੀਂ ਸੀ
ਲਾ ਸਕਦਾ ਕਿ ਉਸ ਦਾ ਪ੍ਰਤੀਕਰਮ ਕੀ ਹੋਵੇਗਾ। ਸ਼ਾਇਦ ਉਹ ਆਪਣੀਆਂ ਅੱਖਾਂ ਵਿਚ ਖੁਸ਼ੀ ਭਰੇ
ਅੱਥਰੂ ਲਈ ਆਪਣੇ ਆਪ ਨੂੰ ਮੇਰੀਆਂ ਬਾਹਾਂ ਵਿਚ ਸੁੱਟ ਦੇਵੇਗੀ। ਸ਼ਾਇਦ ਉਹ ਨਾਂਹ ਕਰਨ ਦਾ
ਬਹਾਨਾ ਬਣਾਵੇ, ਜਾਂ ਹਾਲ ਦੀ ਘੜੀ ਗੱਲ ਨੂੰ ਟਾਲ ਦੇਵੇ ਤੇ ਕਹੇ, "ਮੈਨੂੰ ਸੋਚਣ ਦਾ ਮੌਕਾ ਦਿਓ। ਮੈਂ
ਕੱਲ੍ਹ ਨੂੰ ਦੱਸਾਂਗੀ।"

"ਕੀ ਤੂੰ ਘਰ ਜਾ ਰਹੀ ਹੈ ?" ਮੈਂ ਧੀਰਜ ਨਾਲ ਪੁੱਛਿਆ। ਉਹ ਮੁਸਕਰਾਈ।" ਉਹ ਮੈਂ ਭੁੱਲ ਹੀ
ਚੱਲੀ ਸੀ।"

ਆਪਣੀ ਜੇਬ ਵਿਚੋਂ ਚਾਬੀ ਕੱਢਦੇ ਹੋਏ ਉਸ ਨੇ ਇਹ ਮੈਨੂੰ ਫੜਾ ਦਿੱਤੀ ਤੇ ਕਿਹਾ, "ਸ਼ਾ-ਸ਼ਾ
ਕੱਲ ਕਿੰਡਰ ਗਾਰਡਨ ਨਹੀਂ ਜਾਵੇਗੀ। ਤੇ ਮੈਂ ਵੀ ਛੁੱਟੀ ਲੈ ਰਹੀ ਹਾਂ। ਮੇਰੀ ਪਰਸੋਂ ਸ਼ਾਦੀ ਹੋ ਰਹੀ ਹੈ।"

ਮੈਂ ਚੱਕਰਾ ਗਿਆ, ਮੈਂ ਸ਼ਾਂਤ ਰਹਿਣ ਦਾ ਬਹਾਨਾ ਵੀ ਨਾ ਬਣਾ ਸਕਿਆ ਤੇ ਉਸ ਵੱਲ ਬੌਂਦਲਿਆ
ਵੇਖਦਾ ਰਿਹਾ।

"ਤੁਸੀਂ ਉਸ ਨੂੰ ਜ਼ਰੂਰ ਵੇਖਿਆ ਹੋਵੇਗਾ।" ਉਸ ਨੇ ਪ੍ਰਗਟ ਤੌਰ ਤੇ ਅਨੁਭਵ ਕੀਤਾ ਕਿ ਮੇਰਾ
ਪ੍ਰਗਟਾਵਾ ਕੁਝ ਅਜੀਬ ਸੀ।

"ਉਹ ..... ਕੌਣ ਹੈ ਉਹ।" ਮੈਂ ਚਾਣਚੱਕ ਪੁੱਛਿਆ।

"ਤੁਸੀਂ ਉਸ ਨੂੰ ਦੋ ਵਾਰ ਮਿਲੇ ਹੋ। ਮੈਨੂੰ ਯਾਦ ਕਰ ਲੈਣ ਦਿਓ। ਨਹੀਂ ਤਿੰਨ ਵਾਰ ਮਿਲੇ ਸੀ। ਇਕ

ਵਾਰ ਜਦੋਂ ਅਸੀਂ ਫਿਲਮ ਵੇਖਣ ਜਾ ਰਹੇ ਸੀ, ਤਾਂ ਅਸੀਂ ਗਲੀ ਵਿਚ ਮਿਲੇ ਸੀ। ਉਨ੍ਹਾਂ ਨੇ ਸ਼ਾ-ਸ਼ਾ ਨੂੰ
ਮਿਠਾਈ ਵੀ ਦਿੱਤੀ ਸੀ।"
ਮੈਂ ਇਹ ਸਾਰਾ ਕੁਝ ਯਾਦ ਨਾ ਰੱਖ ਸਕਿਆ। ਮੈਂ ਕਦੇ ਉਸ ਨੂੰ ਕਿਸੇ ਨੌਜਵਾਨ ਨਾਲ ਨਹੀਂ
ਵੇਖਿਆ ਸੀ। ਸ਼ਾਇਦ ਇਹ ਇਸ ਕਾਰਨ ਸੀ, ਕਿਉਂਕਿ ਮੈਂ ਅਨੁਭਵ ਕੀਤਾ ਕਿ ਕੋਈ ਵੀ ਮੇਰਾ
ਮੁਕਾਬਲਾ ਨਹੀਂ ਸੀ ਕਰ ਸਕਦਾ। ਮੇਰੇ ਜੀਵਨ ਦੀਆਂ ਵਧੀਆ ਜੀਵਨ ਹਾਲਤਾਂ ਮੇਰੀ ਨੌਕਰੀ ਤੇ ਉਹ
ਸਾਰੇ ਪਦਾਰਥਕ ਸੁੱਖ ਜੋ ਸਾਰੇ ਹੀ ਉਸ ਨੂੰ ਪ੍ਰਭਾਵਤ ਕਰ ਸਕਦੇ ਸੀ। ਮੈਂ ਕਮਰੇ ਵਿਚ ਆ ਕੇ ਆਲੇ
ਦਵਾਲੇ ਵੇਖਣ ਤੋਂ ਨਾ ਰਹਿ ਸਕਿਆ।
"ਉਹ ਕਿੱਥੇ ਕੰਮ ਕਰਦਾ ਹੈ ?" ਮੈਂ ਥਥਕਾਉਂਦੇ ਹੋਏ ਨੇ ਪ੍ਰਸ਼ਨ ਕੀਤਾ। ਇਹ ਆਸ ਕਰਦੇ ਹੋਏ ਕਿ
ਇਸ ਨਾਲ ਸ਼ਾਇਦ ਹਾਲਾਤ ਬਦਲ ਜਾਣਗੇ।
ਉਸ ਨੇ ਠਹਾਕਾ ਮਾਰਿਆ। "ਉਹ ਕਿੱਥੇ ਕੰਮ ਕਰਦਾ ਹੈ। ਉਹ ਕਾਰਖਾਨੇ ਵਿਚ ਨੌਕਰੀ ਪ੍ਰਾਪਤ
ਨਹੀਂ ਕਰ ਸਕਦਾ। ਉਹ ਇੱਕ ਖੋਖੇ ਤੇ ਕੰਮ ਕਰਦਾ ਹੈ, ਜੋ ਉਸ ਨੇ ਦੂਸਰੇ ਨੌਜਵਾਨਾਂ ਨਾਲ ਰਲ ਕੇ
ਚਾਲੂ ਕੀਤਾ ਹੈ। ਉਹਨਾਂ ਨੂੰ ਇਹਨਾਂ ਦਿਨਾਂ ਵਿਚ ਲਸੰਸ ਮਿਲਿਆ ਹੈ। ਹੁਣ ਮੈਨੂੰ ਜਾਣਾ ਚਾਹੀਦਾ ਹੈ।
ਸ਼ਾ ਸ਼ਾ ਅਲਵਿਦਾ।"
ਸ਼ਾ-ਸ਼ਾ ਬੂਹੇ ਵੱਲ ਦੌੜੀ। "ਬਾਏ ਬਾਏ, ਅਧਿਆਪਕਾ ਜੀ।" ਉਹ ਚਲੇ ਗਈ। ਚਾਬੀ ਮੇਜ਼ ਤੇ
ਪਈ ਸੀ। ਤੇ ਮੈਨੂੰ ਅਚਾਨਕ ਪਤਾ ਲੱਗਾ ਕਿ ਘੜੀ ਮੇਰੇ ਹੱਥ ਵਿਚ ਫੜੀ ਹੋਈ ਸੀ। ਮੈਨੂੰ ਯਾਦ ਹੀ
ਨਹੀਂ ਸੀ ਰਿਹਾ ਕਿ ਕਦੋਂ ਇਹ ਮੈਂ ਆਪਣੀ ਜੇਬ ਵਿਚੋਂ ਬਾਹਰ ਕੱਢੀ ਸੀ।
ਬਾਲ ਕੋਨੀ ਵਿਚ ਖਲੋ ਮੈਂ ਉਸ ਨੂੰ ਗਲੀ ਪਾਰ ਕਰਦੀ ਨੂੰ ਵੇਖਦਾ ਰਿਹਾ ਤੇ ਫਿਰ ਭੀੜ ਨੇ ਉਸ
ਨੂੰ ਹੜੱਪ ਕਰ ਲਿਆ। ਮੈਂ ਉਸ ਨੂੰ ਅਲਵਿਦਾ ਵੀ ਨਹੀਂ ਸੀ ਆਖੀ। ਤੇ ਹਰ ਚੀਜ਼ ਨੂੰ ਮਨ-ਚਾਹੇ ਢੰਗ
ਨਾਲ ਸਮਝ ਰੱਖਿਆ ਸੀ। ਹੁਣ ਮੈਨੂੰ ਸਮਝ ਆਈ ਤੇ ਮੈਂ ਡਾਢਾ ਸ਼ਰਮਿੰਦਾ ਸੀ। ਮੈਨੂੰ ਆਪਣੀਆਂ
ਗੱਲ੍ਹਾਂ ਸੜਦੀਆਂ ਅਨੁਭਵ ਹੋਈਆਂ।
ਅਸਮਾਨ ਅਣਗਿਣਤ ਟਿਮਟਿਮਾਉਂਦੀਆਂ ਰੌਸ਼ਨੀਆਂ ਨਾਲ ਜੜਿਆ ਪਿਆ ਸੀ ਤੇ ਗਰਮੀਆਂ
ਦੇ ਫੁੱਲਾਂ ਦੀ ਸੁਗੰਧੀ ਨੇ ਰੰਗ ਭਰੀਆਂ ਸ਼ੋਰੀਲੀਆਂ ਗਲੀਆਂ ਨੂੰ ਭਰ ਦਿੱਤਾ ਸੀ।
ਗਰਮੀਆਂ ਮੁੱਕ ਚੁੱਕੀਆਂ ਸਨ ਤੇ ਪੱਤਝੜ ਤੋਂ ਬਾਅਦ ਸਿਆਲ ਆ ਜਾਵੇਗਾ ਤੇ ਫਿਰ ਬਾਹਰ....।
ਮੀਕਿਆਂਗ ਅਜੇ ਵੀ ਦਿਨ ਵਿਚ ਦੋ ਵਾਰ ਆਉਂਦੀ ਹੈ। ਸਵੇਰ ਨੂੰ ਉਹ ਬੂਹਾ ਖੜਕਾਉਂਦੀ ਹੈ
ਤੇ ਕਹਿੰਦੀ ਹੈ। "ਸ਼ਾ-ਸ਼ਾ ਛੇਤੀ ਕਰੋ, ਦੇਰ ਹੋ ਰਹੀ ਹੈ।" ਦੁਪਹਿਰ ਬਾਅਦ ਸਦਾ ਹੀ ਉਹ ਕਹਿੰਦੀ ਹੈ,
"ਸ਼ਾ-ਸ਼ਾ, ਮੈਂ ਜਾ ਰਹੀ ਹਾਂ। ਅਲਵਿਦਾ" ਜਦ ਉਹ ਸ਼ਾ-ਸ਼ਾ ਨੂੰ ਘਰ ਲੈ ਆਉਂਦੀ ਹੈ।
ਮੈਂ ਉਹ ਅਹਿਸਾਨ ਮੰਦੀ ਪ੍ਰਗਟ ਨਹੀਂ ਕਰ ਸਕਿਆ ਜੋ ਮੈਂ ਅਨੁਭਵ ਕਰਦਾ ਸੀ, ਸ਼ਾਇਦ ਡਰਦੇ
ਹੋਏ ਕਿ ਜਿਵੇਂ ਮੈਂ ਆਪਣੇ ਵੱਲੋਂ ਸੰਸਾਰ ਵਿਚਲੀ ਸਭ ਤੋਂ ਕੀਮਤੀ ਚੀਜ਼ ਦੀ ਨਿਰਾਦਰੀ ਕਰ ਰਿਹਾ
ਹੋਵਾਂ.....................।

**(ਲੇਖਕ ਬਾਰੇ**—ਗੋ-ਵੂਜ਼ੁਈ ਜ਼ੀ ਜੀਐਂਗ ਸੂਬੇ ਵਿਚ 1937 ਵਿਚ ਜਨਮਿਆਂ ਸੀ। ਤੇ ਹੁਣ ਉਹ
ਇਕ ਰੋਜ਼ਾਨਾ ਅਖਬਾਰ ਦੇ ਸਾਹਿਤ ਤੇ ਕਲਾ ਵਿਭਾਗ ਵਿਚ ਕੰਮ ਕਰਦਾ ਹੈ। ਉਸ ਦੀ ਪਹਿਲੀ
ਕਹਾਣੀ 1961 ਵਿਚ ਛਪੀ। "ਸਭਿਆਚਾਰਕ ਕ੍ਰਾਂਤੀ" ਵੇਲੇ ਉਸ ਤੇ 'ਉਲਟ ਇਨਕਲਾਬੀ' ਹੋਣ
ਦਾ ਦੂਸ਼ਣ ਲਾ ਦਿੱਤਾ ਗਿਆ ਤੇ ਉਸ ਨੇ 1977 ਵਿਚ ਆਪਣੀ ਬਹਾਲੀ ਤੋਂ ਬਾਅਦ ਦੁਬਾਰਾ
ਲਿਖਣਾ ਸ਼ੁਰੂ ਕੀਤਾ। ਉਸ ਤੋਂ ਬਾਅਦ ਉਸ ਨੇ ਢੇਰ ਸਾਰੀਆਂ ਰਚਨਾਵਾਂ ਲਿਖੀਆਂ ਹਨ। ਜਿਨ੍ਹਾਂ ਵਿਚ
ਕਈ ਕਹਾਣੀਆਂ ਤੇ ਨਾਵਲਿਟ ਸ਼ਾਮਿਲ ਨੇ। 1980 ਵਿਚ ਉਹ ਚੀਨੀ ਲੇਖਕਾਂ ਦੀ ਐਸੋਸੀਏਸ਼ਨ ਦਾ
ਮੈਂਬਰ ਬਣਿਆ।)

***("ਸਮਕਾਲੀ ਚੀਨੀ ਨਿੱਕੀਆਂ ਕਹਾਣੀਆਂ ਸੰਗ੍ਰਹਿ ਵਿਚੋਂ" ਅੰਗਰੇਜ਼ੀ 'ਚੋਂ ਅਨੁਵਾਦ (ਹ. ਸ. ਹ.)***





# ਇਕ ਆਜੜੀ ਦੀ ਕਹਾਣੀ/*ਜ਼ਾਂਗ ਜ਼ਿਆਨ ਲਿਆਂਗ*

ਲੇਖਕ ਪਰਿਚੈ—ਜ਼ਾਂਗ ਜ਼ਿਆਨਲਿਆਂਗ, ਜ਼ੂਬੀ (ਜ਼ਿਆਂਗਸੂ ਪਰਾਂਵਿੰਸ) ਦਾ ਨਿਵਾਸੀ ਹੈ,
ਜਿਸਦਾ ਜਨਮ 1936 ਵਿਚ ਹੋਇਆ। ਸੀਨੀਅਰ ਮਿਡਲ ਸਕੂਲ ਤੋਂ ਗਰੇਜੂਏਸ਼ਨ ਕਰਨ ਤੋਂ
ਬਾਅਦ ਉਸਨੇ ਬੀਜਿੰਗ ਅਤੇ ਨਿੰਗਕਸ਼ੀਆਂ ਵਿਚ ਅਧਿਆਪਕ ਦੇ ਤੌਰ ਤੇ ਕੰਮ ਕੀਤਾ। ਪੰਜਾਹਵਿਆਂ
ਦੇ ਸ਼ੁਰੂ ਵਿਚ ਉਸਨੇ ਅਖਬਾਰਾਂ ਤੇ ਪੱਤ੍ਰਿਕਾਵਾਂ ਵਿਚ 60 ਕਵਿਤਾਵਾਂ ਪ੍ਰਕਾਸ਼ਿਤ ਕਰਵਾਈਆਂ।
ਗਲਤ ਤੌਰ ਤੇ ਉਸ ਉਪਰ ਸੱਜ ਪਿਛਾਖੜੀ ਹੋਣ ਦਾ ਲੇਬਲ ਲਾ ਦਿੱਤਾ ਗਿਆ। ਉਸਨੇ 22 ਸਾਲ
ਕੁਝ ਨਹੀਂ ਲਿਖਿਆ ਜਦੋਂ ਤੱਕ ਕਿ ਉਸਨੂੰ 1979 ਵਿਚ ਬਰੀ ਨਹੀਂ ਕਰ ਦਿੱਤਾ ਗਿਆ। 198[illegible] ਤੋਂ
ਸ਼ੂਓਫਾਂਗ ਪੱਤ੍ਰਿਕਾ ਦੇ ਸੰਪਾਦਕੀ ਸਟਾਫ ਵਿਚ ਕੰਮ ਕਰ ਰਿਹਾ ਹੈ। ਉਸਨੂੰ ਉਦੋਂ [illegible] ਬਾਤਾਂ [illegible] ਵਧੇਰੇ
ਕਹਾਣੀਆਂ ਪ੍ਰਕਾਸ਼ਿਤ ਪ੍ਰਕਾਸ਼ਿਤ ਕਰਵਾਈਆਂ ਹਨ। ਉਸਦੇ ਤਿੰਨ ਨਾਵਲਿਟ ਛਪੇ ਹਨ ਤੇ ਇਕ
ਕਹਾਣੀ ਸੰਗ੍ਰਹਿ 'ਆਤਮਾ ਤੇ ਗੋਸ਼ਤ'। 'ਇਕ ਆਜੜੀ ਦੀ ਕਹਾਣੀ।' 1980 ਦੀ ਸਭ ਵਧੀਆ
ਕਹਾਣੀ ਮੰਨੀ ਗਈ ਹੈ। ਇਸ ਉਪਰ ਇਕ ਸਫਲ ਫਿਲਮ ਵੀ ਬਣੀ। ਜ਼ਾਂਗ 1980 ਵਿਚ ਚੀਨੀ
ਲੇਖਕ ਸੰਘ ਦਾ ਮੈਂਬਰ ਬਣਿਆ। ਹੁਣ ਉਹ ਨਿੰਗਕਸੀਆ ਬਰਾਂਚ ਵਿਚ ਕੌਂਸਲ ਦਾ ਮੈਂਬਰ ਹੈ।)

-0—0-

ਜ਼ੂਲਿੰਗਜੁਨ ਨੂੰ ਕੋਈ ਉਮੀਦ ਨਹੀਂ ਸੀ ਕਿ ਉਹ ਕਦੇ ਆਪਣੇ ਪਿਤਾ ਨੂੰ ਮਿਲ ਸਕੇਗਾ।
ਤੇ ਹੁਣ ਉਹ ਉਸ ਨਾਲ ਗੱਲਾਂ ਕਰ ਰਿਹਾ ਹੈ। ਉਹ ਅਮੀਰੀ ਠਾਠ ਵਾਲੇ ਸੱਜੇ ਕਮਰੇ ਵਿਚ
ਵਧੀਆ ਹੋਟਲ ਦੀ ਸੱਤਵੀਂ ਮੰਜ਼ਿਲ ਤੇ ਬੈਠਾ ਹੋਇਆ ਹੈ। ਤਾਕੀ ਤੋਂ ਬਾਹਰ ਨੀਲੇ ਆਕਾਸ਼ ਦੀ
ਚਾਦਰ ਹੈ। ਜਿਸ ਉੱਤੇ ਤੈਰਦੇ ਬੱਦਲ ਦਿਖਾਈ ਦੇ ਰਹੇ ਹਨ। ਪ੍ਰੰਤੂ ਦੂਰ ਉਸਦੇ ਫਾਰਮ ਤੇ ਦ੍ਰਿਸ਼
ਬਿਲਕੁਲ ਵੱਖਰਾ ਸੀ। ਦੂਰ-ਦੂਰ ਤੱਕ ਹਰੇ ਤੇ ਪੀਲੇ ਖੇਤ ਸਨ, ਲੰਬੇ ਚੌੜੇ ਤੇ ਖਿੜੇ ਹੋਏ। ਇਸ ਕਮਰੇ
ਵਿਚ ਬੈਠਾ, ਪਿਤਾ ਦੇ ਪਾਈਪ ਦੇ ਧੂੰਏ ਵਿਚ ਗੁਆਚਾ ਉਹ ਬੱਦਲਾਂ ਤੋਂ ਉਚੇਰਾ ਉੱਡ ਰਿਹਾ ਮਹਿਸੂਸ
ਕਰ ਰਿਹਾ ਸੀ। ਉਸ ਦੇ ਆਲੇ ਦੁਆਲੇ ਹਰ ਚੀਜ਼ ਅਣਕਿਆਸੀ ਕਲਪਨਾ ਵਿਚ ਤਬਦੀਲ ਹੋ ਰਹੀ
ਸੀ। ਫਿਰ ਵੀ ਉਸਦੇ ਪਿਤਾ ਦੇ ਪਾਈਪ ਦੇ ਤੰਬਾਕੂ ਦੀ ਕੌੜੀ ਵਰਗੀ ਸੁਗੰਧ, ਤੇ ਲੇਬਲ ਉਪਰ ਵਰਗੀ
ਰੈੱਡ ਇੰਡੀਅਨ ਮੁਖੀ ਦੀ ਤਸਵੀਰ ਨੂੰ ਉਹ ਬਚਪਨ ਤੋਂ ਹੀ ਜਾਣਦਾ ਸੀ। ਇਸੇ ਤੋਂ ਇਹ ਸਿੱਧ ਹੁੰਦਾ
ਸੀ ਕਿ ਉਹ ਕਿਸੇ ਪਰੀ ਦੇਸ਼ ਵਿਚ ਨਹੀਂ ਸਗੋਂ ਅਸਲੀ ਦੁਨੀਆਂ ਵਿਚ ਵਿਚਰ ਰਿਹਾ ਸੀ।
"ਪਿਛਲੀਆਂ ਗੱਲਾਂ ਨੂੰ ਜਾਣ ਦੇ" ਉਸਦੇ ਪਿਤਾ ਨੇ ਆਪਣਾ ਹੱਥ ਹਿਲਾਉਂਦਿਆਂ ਕਿਹਾ।
ਤੀਹਵਿਆਂ ਵਿਚ ਹਾਰਵਰਡ ਤੋਂ ਬੀ. ਏ. ਦੀ ਡਿਗਰੀ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦੀ
ਫੂੰ-ਫਾਂ ਉਸਨੇ ਨਹੀਂ ਸੀ ਛੱਡੀ। ਹੁਣ ਸੋਫੇ ਤੇ ਕੱਠੀਆਂ ਲੱਤਾਂ ਕਰਕੇ ਵਧੀਆ ਸੂਟ ਵਿਚ ਬੈਠਿਆਂ
ਉਸਨੇ ਜਾਰੀ ਰੱਖਿਆ, "ਜਿਓਂ ਹੀ ਮੈਂ ਆਪਣੀ ਧਰਤੀ ਤੇ ਪੈਰ ਰੱਖਿਆ, ਤਾਂ ਮੈਨੂੰ ਪਤਾ ਲੱਗਾ ਕਿ
ਹੁਣ ਵਾਲੀ ਰਾਜਨੀਤੀ 'ਅਗਾਂਹ ਤੱਕਦੀ ਹੈ।' ਇਸ ਲਈ ਤੂੰ ਬਾਹਰ ਜਾਣ ਲਈ ਤਿਆਰ ਹੋ ਜਾ।"
ਅਚਾਨਕ ਜ਼ੂ ਨੇ ਮਹਿਸੂਸ ਕੀਤਾ ਕਿ ਇਕ ਬੇਨਾਮੀ ਡਿਪਰੇਸ਼ਨ ਉਸਦੇ ਪਿਤਾ ਦੇ ਚਿਹਰੇ ਤੇ
ਉਭਰ ਆਇਆ ਸੀ ਤੇ ਕਮਰੇ ਦੀ ਸਜਾਵਟ ਤੋਂ ਵੀ ਇਹ ਝਲਕਣ ਲੱਗਾ ਸੀ। ਉਸਨੇ ਆਪਣੇ
ਆਪਨੂੰ ਕਿਹਾ, "ਇਹ ਠੀਕ ਹੈ ਕਿ ਬੀਤ ਗਿਆ ਸੋ ਬੀਤ ਗਿਆ, ਪਰ ਉਹ ਜੋ ਸਭ ਕੁਝ ਵਾਪਰਿਆ
ਉਸਨੂੰ ਮੈਂ ਕਿਵੇਂ ਭੁੱਲ ਸਕਦਾਂ ?"
ਤੀਹ ਸਾਲ ਪਹਿਲਾਂ ਅਜੇਹੀ ਪੱਤਝੜ ਰੁੱਤੇ ਇਕ ਦਿਨ ਜ਼ੂ ਮਾਂ ਵਲੋਂ ਲਿਖੇ ਪਤੇ ਵਾਲੀ ਚਿੱਠੀ
ਲੈ ਕੇ ਪੱਛਮੀ ਢੰਗ ਦੇ ਐਵੀਨਿਊ ਜਾਫਰੇ ਕੁਟੀਜ਼ ਵਿਚ ਸ਼ਿਘਾਈ ਦੇ ਫਰੈਂਚ ਕਨਸੈਸ਼ਨ ਵਿਚ [illegible]
ਰਿਹਾ ਸੀ। ਕੰਡਿਆਲੀ ਤਾਰ ਵਾਲੀ ਕੰਧ ਤੋਂ ਬਾਹਰ ਮੀਂਹ ਦੀ ਫੁਹਾਰ ਕਾਰਣ ਮੀਂਹ ਦੇ ਤੁਬਕੇ 'ਧੁੱਪ

ਛੱਤਰੀ' ਦਰਖਤ ਤੋਂ ਲਗਾਤਾਰ ਵਗਣ ਦੇ ਬਾਵਜੂਦ ਪੀਲੇ ਪੱਤੇ ਪਹਿਲਾਂ ਨਾਲੋਂ ਵੀ ਮੁਰਝਾਏ ਦਿਖਾਈ ਦੇ ਰਹੇ ਸਨ। ਕੁਟੀਰ ਦਾ ਲੋਹੇ ਦਾ ਗੇਟ ਡਰਾਉਣੇ ਗਰੇ ਰੰਗ ਨਾਲ ਪੇਂਟ ਕੀਤਾ ਹੋਇਆ ਸੀ। ਕਈ ਵਾਰ ਘੰਟੀ ਦਾ ਬਟਣ ਦਬਾਉਣ ਤੋਂ ਬਾਦ ਗੇਟ ਦਾ ਛੋਟਾ ਦਰਵਾਜ਼ਾ ਖੁੱਲ੍ਹਾ ਅਤੇ ਦਰਬਾਨ ਦਿਖਾਈ ਦਿੱਤਾ। ਇਹ ਉਹੀ ਆਦਮੀ ਸੀ ਜਿਹੜਾ ਉਸਦੇ ਪਿਤਾ ਨੂੰ ਕਦੇ ਕਦਾਈ ਖ਼ਤ ਭੇਜਦਾ ਸੀ। ਦੋਨੋਂ ਇਕ ਦੂਜੇ ਨੂੰ ਪਛਾਣਦੇ ਸਨ। ਹੁਣ ਮੁੰਡਾ ਸੀਮੇਂਟ ਦੇ ਰਾਹ ਰਾਹੀਂ ਜਿਸਦੇ ਦੋਨੋਂ ਪਾਸੇ 'ਈਲੇਕਸ' ਦੇ ਦਰਖਤ ਲੱਗੇ ਹੋਏ ਸਨ, ਦੁਮੰਜ਼ਲੀ ਇਮਾਰਤ ਦੀ ਬੈਠਕ ਵਿਚ ਪਹੁੰਚ ਗਿਆ।

ਸਾਫ ਹੈ ਉਸਦਾ ਪਿਤਾ ਅਜੇ ਬਹੁਤ ਜਵਾਨ ਸੀ। ਕਰੀਮ ਰੰਗ ਦੀ ਊਨੀ ਵੇਸਟ ਪਾਈ ਉਹ ਪਾਈਪ ਪੀ ਰਿਹਾ ਸੀ। ਉਸਦਾ ਸਿਰ ਝੁਕਿਆ ਹੋਇਆ ਸੀ ਉਸ ਨੇ ਇੱਕ ਕੂਹਣੀ ਮੇਂਟਲਪੀਸ ਨਾਲ ਟਿਕਾਈ ਹੋਈ ਸੀ। ਅੱਗ ਦੇ ਸਾਹਵੇ ਸੋਫ਼ੇ ਤੇ ਜੂ ਦੀ ਮਾਂ ਬੈਠਦੀ। ਉਹ ਸਾਰਾ ਦਿਨ ਉਸਨੂੰ ਕੋਸਦੀ ਰਹਿੰਦੀ।

"ਕੀ ਇਹ ਤੇਰਾ ਪੁੱਤਰ ਹੈ ?" ਜੂ ਨੇ ਮਾਂ ਨੂੰ ਪਿਉ ਤੋਂ ਪੁਛਦਿਆਂ ਸੁਣਿਆ। "ਉਹ ਤੇਰੇ ਵਰਗਾ ਵਿਖਾਈ ਨਹੀਂ ਦਿੰਦਾ। ਮੇਰੇ ਬੱਚੇ ਇਧਰ ਆ।"

ਪੱਥਰ ਹੋਏ ਜੂ ਨੇ ਉਸ ਉਪਰ ਨਜ਼ਰ ਮਾਰੀ। ਹੁਣ ਵੀ ਉਸਨੂੰ ਯਾਦ ਆਉਂਦੀਆਂ ਹਨ ਉਸਦੀਆਂ ਚਮਕਦੀਆਂ ਦੋ ਅੱਖਾਂ ਤੇ ਭਾਰੀ ਖਰਵੇ ਬੁੱਲ੍ਹ।

"ਮਾਜਰਾ ਕੀ ਹੈ ?" ਪਿਉ ਉਪਰ ਵੱਲ ਤੱਕਿਆ।

"ਮਾਂ ਬਿਮਾਰ ਹੈ। ਉਸਨੇ ਤੁਹਾਨੂੰ ਹੁਣੇ ਆਉਣ ਲਈ ਕਿਹਾ ਹੈ।"

"ਉਹ ਹਮੇਸ਼ਾ ਬਿਮਾਰ ਰਹਿੰਦੀ ਹੈ," ਪਿਉ ਨੇ ਗਿਲਾ ਕੀਤਾ। ਅੱਗ ਤੋਂ ਪਾਸੇ ਹੋ ਕੇ ਉਹ ਚਿੱਟੀਆਂ-ਹਰੀਆਂ ਪੱਟੀਆਂ ਵਾਲੀ ਦਰੀ ਉਪਰ ਇਧਰ ਉਧਰ ਕਦਮ ਰੱਖਣ ਲੱਗਾ। ਜੂ ਦੀ ਨਜ਼ਰ ਉਸਦੇ ਕਦਮਾਂ ਤੇ ਟਿਕ ਗਈ। ਉਹ ਆਪਣੇ ਹੰਝੂ ਵਗਣ ਤੋਂ ਰੋਕ ਰਿਹਾ ਸੀ।

"ਆਪਣੀ ਮਾਂ ਨੂੰ ਕਹੀਂ ਮੈਂ ਛੇਤੀ ਆਵਾਂਗਾ।" ਅਖੀਰ ਉਸਦਾ ਪਿਉ ਉਸਦੇ ਸਾਹਮਣੇ ... ਇਹ ਸ਼ਬਦ ਉਸਦੀ ਮਾਂ ਨੇ ਟੇਲੀਫੂਨ ਉਪਰ ਅਨੇਕਾਂ ਬਾਰ ਸੁਣੇ ਸਨ। ਜੂ ਨੂੰ ਪਤਾ ਸੀ ਕਿ ਇਨ੍ਹਾਂ ਵਿਚ ਕੋਈ ਸੱਚਾਈ ਨਹੀਂ ਸੀ। ਡਰ ਤੇ ਔਖ ਨਾਲ ਉਸਨੇ ਦੁਬਾਰਾ ਹੌਸਲਾ ਕੀਤਾ। "ਮਾਂ ਨੇ ਤੁਹਾਨੂੰ ਹੁਣੇ ਆਉਣ ਲਈ ਕਿਹਾ ਹੈ।"

"ਮੈਨੂੰ ਪਤੈ, ਪੱਕਾ ਪਤੈ..।" ਇਹ ਕਹਿੰਦਿਆਂ ਪਿਉ ਨੇ ਇਕ ਹੱਥ ਮੁੰਡੇ ਦੇ ਮੋਢਿਆਂ ਤੇ ਰੱਖਿਆ ਅਤੇ ਹੌਲੀ ਜਿਹੇ ਉਸਨੂੰ ਬੂਹੇ ਵੱਲ ਧੱਕਿਆ "ਤੂੰ ਜਾਹ ਤੇ ਮੇਰੀ ਕਾਰ ਲੈ ਜਾ। ਮੈਂ ਥੋੜ੍ਹੀ ਦੇਰ ਵਿਚ ਨਾਲ ਹੀ ਆ ਰਿਹਾਂ। ਜੇ ਤੇਰੀ ਮਾਂ ਦੀ ਸਿਹਤ ਬਹੁਤੀ ਖਰਾਬ ਹੋ ਜਾਵੇ ਤਾਂ ਉਸਨੂੰ ਪਹਿਲਾਂ ਹਸਪਤਾਲ ਜਾਣ ਲਈ ਕਹੀਂ" ਉਹ ਪੁੱਤਰ ਨੂੰ ਸਾਹਮਣੇ ਹਾਲ ਲੈ ਆਇਆ। ਉਸਨੇ ਉਸਦਾ ਪਿਆਰ ਨਾਲ ਸਿਰ ਪਲੋਸਿਆ ਤੇ ਅਚਾਨਕ ਹੌਲੀ ਆਵਾਜ਼ ਵਿਚ ਕਹਿਣ ਲੱਗਾ, "ਜੇ ਤੂੰ ਥੋੜ੍ਹਾ ਵੱਡਾ ਹੁੰਦਾ ਤਾਂ ਤੈਨੂੰ ਪਤਾ ਲੱਗਦਾ ਕਿ ਤੇਰੀ ਮਾਂ ਅਜਿਹੀ ਔਰਤ ਹੈ ਜਿਸ ਨਾਲ ਜ਼ਿੰਦਗੀ ਬਿਤਾਉਣੀ ਕਿੰਨੀ ਔਖੀ ਹੈ। ਉਹ......ਉਹ....ਉਹ।"

ਜੂ ਨੇ ਉਪਰ ਦੇਖਿਆ। ਉਸਨੇ ਦੇਖਿਆ ਕਿ ਉਸਦਾ ਪਿਉ ਕਿੰਨਾ ਕਮਜ਼ੋਰ ਤੇ ਕੁੜੱਤਣ ਨਾਲ ਭਰਿਆ ਹੋਇਆ ਹੈ। ਉਸਨੂੰ ਉਸ ਨਾਲ ਹਮਦਰਦੀ ਹੋਈ। ਪਰ ਜਿਉਂ ਹੀ ਜੂ ਦੀ ਕਾਰ ਫਰੈਂਚ ਕਨਸੈਸ਼ਨ ਵਿਚੀਂ ਪੱਤਿਆਂ ਨਾਲ ਢੱਕੀ ਗਲੀ ਉੱਤੋਂ ਤੁਰੀ ਤਾਂ ਹੰਝੂ ਉਸਦੀਆਂ ਗੱਲਾਂ ਉਪਰੋਂ ਵਹਿ ਤੁਰੇ। ਬੇਇੱਜ਼ਤੀ, ਸਵੈ-ਤਰਸ ਅਤੇ ਇਕੱਲਤਾ ਦੀ ਲਹਿਰ ਨੇ ਉਸਨੂੰ ਗ੍ਰੱਸ ਲਿਆ। ਉਸਨੂੰ ਮਹਿਸੂਸ ਹੋਇਆ ਕਿ ਉਹ ਇਕੱਲਾ ਹੀ ਅਸਲ ਵਿਚ ਤਰਸ ਦਾ ਪਾਤਰ ਹੈ। ਸੱਚ ਇਹ ਹੈ ਕਿ ਉਸਨੂੰ ਆਪਣੀ ਮਾਂ ਤੋਂ ਰਤਾ ਭਰ ਵੀ ਪਿਆਰ ਨਾ ਮਿਲਿਆ। ਮਾਂ ਦੀਆਂ ਉਂਗਲਾਂ ਉਸਦੇ ਸਿਰ ਨਾਲੋਂ ਚਿਹਰੇ ਨੂੰ ਵਧੇਰੇ



ਛੂੰਹਦੀਆਂ ਸਨ। ਨਾ ਹੀ ਉਸਨੂੰ ਪਿਉ ਕੋਲੋਂ ਕੋਈ ਸੇਧ ਮਿਲੀ। ਜਦੋਂ ਵੀ ਉਹ ਘਰ ਪਰਤਦਾ ਆਮ ਤੌਰ ਤੇ ਥੱਕਿਆ-ਹਾਰਿਆ ਦਿਖਾਈ ਦਿੰਦਾ। ਆਉਂਦਿਆਂ ਹੀ ਮਾਂ-ਪਿਉ ਵਿਚ ਲੜਾਈ ਸ਼ੁਰੂ ਹੋ ਜਾਂਦੀ।

ਉਸਦੇ ਪਿਉ ਨੇ ਉਸਨੂੰ ਕਿਹਾ ਕਿ ਜੇ ਉਹ ਥੋੜ੍ਹਾ ਵੱਡਾ ਹੁੰਦਾ ਤਾਂ ਉਹ ਹੋਰ ਚੰਗੀ ਤਰ੍ਹਾਂ ਇਹ ਸਭ ਕੁਝ ਸਮਝ ਸਕਦਾ। ਗਿਆਰਾਂ ਸਾਲਾਂ ਦੀ ਉਮਰੇ ਹੀ ਉਸਨੂੰ ਚੀਜ਼ਾਂ ਦੀ ਧੁੰਧਲੀ ਜਿਹੀ ਸਮਝ ਹੋ ਗਈ ਸੀ। ਉਸ ਦੀ ਮਾਂ ਕੀ ਚਾਹੁੰਦੀ ਸੀ ? ਪਤੀ ਦਾ ਪਿਆਰ। ਪਰ ਉਸਦਾ ਪਿਉ ਰੁੱਖੇ-ਸੁਭਾਅ ਵਾਲੀ ਪਤਨੀ ਨੂੰ ਬੁਰੀ ਤਰ੍ਹਾਂ ਦੂਰ ਰੱਖਣਾ ਚਾਹੁੰਦਾ ਸੀ। ਤੇ ਦੋਨਾਂ ਵਿਚੋਂ ਕਿਸੇ ਨੂੰ ਵੀ ਉਸਦੀ ਜ਼ਰੂਰਤ ਨਹੀਂ ਸੀ। ਜੂ ਚੰਗੀ ਤਰ੍ਹਾਂ ਜਾਣਦਾ ਸੀ ਕਿ ਉਹ ਹੋਰ ਕੁਝ ਨਹੀਂ ਸਗੋਂ ਅਰੇਂਜਡ ਵਿਆਹ ਦੀ ਪੈਦਾਵਾਰ ਸੀ। ਵਿਦਿਆਰਥੀ ਅਮਰੀਕਾ ਤੋਂ ਵਾਪਸ ਆਇਆ ਸੀ। ਤੇ ਕੁੜੀ ਜਾਗੀਰਦਾਰਾਂ ਦੇ ਖਾਨਦਾਨ ਵਿਚੋਂ ਸੀ। ਦੋਨਾਂ ਦਾ ਵਿਆਹ ਕਰਵਾ ਦਿੱਤਾ ਗਿਆ ਸੀ।

ਆਮ ਵਾਂਗ ਉਸ ਰਾਤ ਵੀ ਉਸਦਾ ਪਿਉ ਘਰ ਨਹੀਂ ਆਇਆ। ਬਹੁਤ ਦੇਰ ਬਾਦ ਪਤਾ ਲੱਗਾ ਕਿ ਉਹ ਆਪਣੀ ਨੌਕਰਾਣੀ ਨੂੰ ਲੈ ਕੇ ਚੀਨ ਹੀ ਛੱਡ ਗਿਆ ਸੀ। ਅਚਾਨਕ ਜਰਮਨਾਂ ਵਲੋਂ ਚਲਾਏ ਹਸਪਤਾਲ ਵਿਚ ਉਸਦੀ ਮਾਂ ਦੀ ਮੌਤ ਹੋ ਗਈ ਸੀ।

ਇਹ ਉਹ ਸਮਾਂ ਸੀ ਜਦੋਂ ਪੀਪਲਜ਼ ਲਿਬਰੇਸ਼ਨ ਆਰਮੀ ਸ਼ਿੰਘਾਈ ਵਿਚ ਦਾਖਲ ਹੋਈ।

ਤੇ ਹੁਣ ਤੀਹ ਸਾਲ ਗੁਜ਼ਰ ਗਏ ਹਨ। ਉਹ ਸਾਲ ਸਨ ਅਸਾਧਾਰਨ ਘਟਨਾਵਾਂ ਨਾਲ ਭਰਪੂਰ ਅਤੇ ਪਰਿਵਰਤਨਸ਼ੀਲ। ਅਚਾਨਕ ਉਸਦਾ ਪਿਉ ਵਾਪਿਸ ਆਇਆ। ਉਹ ਚਾਹੁੰਦਾ ਸੀ ਕਿ ਉਸਦਾ ਪੁੱਤਰ ਉਸ ਨਾਲ ਵਿਦੇਸ਼ ਜਾਵੇ। ਇਹ ਸਾਰਾ ਕੁਝ ਇਕ ਰਹੱਸ ਵਿਖਾਈ ਦਿੰਦਾ ਸੀ। ਜਿਸ ਬਾਰੇ ਕਦੇ ਸੋਚਿਆ ਵੀ ਨਹੀਂ ਸੀ ਜਾ ਸਕਦਾ। ਉਹ ਤਾਂ ਇਸ ਗੱਲ ਉਪਰ ਮੁਸ਼ਕਿਲ ਨਾਲ ਵਿਸ਼ਵਾਸ ਕਰ ਪਾ ਰਿਹਾ ਸੀ ਕਿ ਉਹ ਆਪਣੇ ਪਿਉ ਦੇ ਸਾਹਮਣੇ ਬੈਠਾ ਹੈ।

ਜਦੋਂ ਪਿਉ ਦੀ ਸੈਕਟਰੀ ਮਿਸ ਸਾਂਗ ਨੇ ਅਲਮਾਰੀ ਦਾ ਦਰਵਾਜ਼ਾ ਖੋਲ੍ਹਿਆ ਤਾਂ ਉਸਦੀ ਨਿਗਾਹ ਅਨੇਕਾਂ ਸੂਟਕੇਸਾਂ ਉਪਰ ਪਈ। ਜਿਨ੍ਹਾਂ ਉਪਰ ਲਾਸ ਏਂਜਲਸ, ਟੋਕੀਉ, ਬੈਂਕਾਕ ਅਤੇ ਹਾਂਗਕਾਂਗ ਦੇ ਹੋਟਲਾਂ ਦੇ ਰੰਗ-ਬਰੰਗੇ ਲੇਬਲ ਲੱਗੇ ਹੋਏ ਸਨ। ਛੋਟੀ ਜਿਹੀ ਅਲਮਾਰੀ ਪੂਰੀ ਦੁਨੀਆਂ ਦੀ ਪ੍ਰਤੀਕ ਬਣ ਗਈ। ਜੂ ਲਿੰਗਜੁਨ ਦਾ ਫਾਰਮ ਤੋਂ ਇਥੇ ਆਉਣ ਦਾ ਅਰਥ ਸੀ ਬੱਸ ਤੇ ਗੱਡੀ ਵਿਚ ਪੂਰੇ ਦੋ ਦਿਨ ਦਾ ਸਫਰ ਜਦਕਿ ਉਸਨੂੰ ਤਿੰਨ ਦਿਨ ਪਹਿਲਾਂ ਹੀ ਸੂਚਨਾ ਮਿਲੀ ਸੀ। ਸੋਫੇ ਦੇ ਇਕ ਕੋਣੇ ਪਿਆ ਉਸਦਾ ਗਰੇ ਬਣਾਵਟੀ ਚਮੜੇ ਦਾ ਹੱਥ-ਬੈਗ ਜਿਹੜਾ ਫਾਰਮ ਤੇ ਬੜਾ ਫੈਸ਼ਨ ਵਾਲਾ ਵਿਖਾਈ ਦਿੰਦਾ ਸੀ। ਹੁਣ ਉਸਨੂੰ ਭੰਗ ਪਏ ਹੋਏ ਸਨ ਅਤੇ ਆਲੀਸ਼ਾਨ ਕਮਰੇ ਵਿਚ ਉਸਦੀ ਹਾਲਤ ਤਰਸਯੋਗ ਹੋਈ ਪਈ ਸੀ। ਬੈਗ ਦੇ ਉਪਰ ਨਾਇਲੋਨ ਦੀ ਜੇਬ ਲੱਗੀ ਹੋਈ ਸੀ। ਜਿਸ ਵਿਚ ਉਸਦਾ ਟੁੱਥ ਬਰੱਸ਼, ਤੌਲੀਆ ਅਤੇ ਚਾਹ ਵਿਚ ਸੌਖੇ ਅੰਡੇ ਪਏ ਸਨ। ਜਿਨ੍ਹਾਂ ਨੂੰ ਉਹ ਰਾਹ ਵਿਚ ਖਤਮ ਨਹੀਂ ਸੀ ਕਰ ਸਕਿਆ। ਉਦੋਂ ਉਹ ਬੇਢਬੇ ਲੱਗ ਰਹੇ ਸਨ ਅਤੇ ਉਸ ਸ਼ਾਮ ਦੀ ਯਾਦ ਦੁਆ ਰਹੇ ਸਨ, ਜਦੋਂ ਉਹ ਤੁਰਿਆ ਸੀ ਅਤੇ ਉਸ ਦੀ ਘਰ ਵਾਲੀ ਜੀਉਂਜ਼ੀ ਨੇ ਉਸਨੂੰ ਪਿਉ ਲਈ ਹੋਰ ਆਂਡੇ ਲਿਜਾਣ ਲਈ ਕਿਹਾ ਸੀ। ਇਹ ਸੋਚ ਕੇ ਜੂ ਕੌੜੀ ਮੁਸਕਰਾਹਟ ਨਾ ਰੋਕ ਸਕਿਆ।

ਪਰਸੋਂ ਜੀਉਂਜ਼ੀ ਨੇ ਪਿੰਡ ਦੇ ਬਸ ਸਟੈਂਡ ਤੋਂ ਉਸਨੂੰ ਤੋਰਨ ਲਈ ਆਪਣੀ ਪੰਜ ਸਾਲ ਦੀ ਧੀ ਕੁਇੰਗਕਿੰਗ ਨੂੰ ਨਾਲ ਲਿਆਉਣ ਦੀ ਜ਼ਿੱਦ ਕੀਤੀ ਸੀ। ਵਿਆਹ ਤੋਂ ਬਾਅਦ ਫਾਰਮ ਛੱਡਣ ਦਾ ਉਸ ਲਈ ਇਹ ਪਹਿਲਾ ਮੌਕਾ ਸੀ। ਇਸ ਲਈ ਇਹ ਯਾਤਰਾ ਛੋਟੇ ਜਿਹੇ ਪਰਿਵਾਰ ਵਿਚ ਮਹਾਨ ਮੌਕਾ ਬਣ ਗਈ ਸੀ।

"ਡੈਡੀ ਬੀਜਿੰਗ ਕਿੱਥੇ ਹੈ ?" ਕੁਇੰਗ ਕਿੰਗ ਨੇ ਪੁੱਛਿਆ।

"ਇਹ ਸਾਡੇ ਦੇਸ਼ ਦੇ ਉੱਤਰ ਪੂਰਬ ਵੱਲ ਹੈ।"

"ਕੀ ਬੀਜਿੰਗ ਸਾਡੇ ਪਿੰਡ (ਕਸਬੇ) ਨਾਲੋਂ ਵੀ ਵੱਡਾ ਹੈ ?"

"ਹਾਂ, ਸੱਚਮੁੱਚ।"

"ਕੀ ਬੀਜਿੰਗ ਵਿਚ ਆਇਸ ਦੇ ਫੁੱਲ (ਤਲਵਾਰ-ਪੱਤੀਆਂ ਵਾਲੇ ਫੁੱਲ) ਹੁੰਦੇ ਹਨ?"

"ਨਹੀਂ ਉਥੇ ਅਜਿਹੇ ਫੁੱਲ ਨਹੀਂ ਹੁੰਦੇ।"

"ਕੀ ਉਥੇ ਓਲੀਐਸਟਰ ਦੇ ਫਲ ਹੁੰਦੇ ਹਨ ?" ਉਸਨੇ ਜ਼ਿਦ ਨਾਲ ਪੁੱਛਿਆ।

"ਓ, ਨਹੀਂ ਉਥੇ ਅਜਿਹੇ ਜੰਗਲੀ ਫਲ ਨਹੀਂ ਹੁੰਦੇ।"

"ਓਹ ਕੀ ਹੈ ਫਿਰ ਉਥੇ ?" ਕੁਇੰਗਨਿੰਗ ਨੇ ਲੰਮਾ ਸਾਰਾ ਹੌਕਾ ਲਿਆ।

ਹੱਥਾਂ ਵਿਚ ਠੋਡੀ ਫੜੀ ਉਹ ਮਾਯੂਸੀ ਦੀ ਮੂਰਤੀ ਬਣ ਗਈ ਸੀ। ਉਸ ਲਈ ਹਰ ਚੰਗੀ ਥਾਂ ਤੇ ਆਇਰਸ਼ ਫੁੱਲ ਤੇ ਓਲੀਐਸਟਰ ਫਲ ਹੋਣੇ ਚਾਹੀਦੇ ਸਨ।

"ਓ ਗੰਦੀਏ ਕੁੜੀਏ !" ਬੁੱਢੇ ਗਾਡੀਵਾਨ ਸਾਉ ਨੇ ਕੁੜੀ ਨੂੰ ਛੇੜਿਆ। "ਬੀਜਿੰਗ ਬਹੁਤ ਵੱਡਾ ਸ਼ਹਿਰ ਹੈ। ਪਰ ਇਸ ਵਾਰ ਤੇਰਾ ਡੈਡੀ ਸ਼ਾਇਦ ਹੋਰ ਵੀ ਬਹੁਤ ਦੂਰ ਚਲਾ ਜਾਵੇ। ਉਹ ਤੇਰੇ ਬਾਬੇ ਨਾਲ ਵਿਦੇਸ਼ ਵੀ ਜਾ ਸਕਦਾ ਹੈ। ਕੀ ਮੈਂ ਠੀਕ ਕਿਹਾ ਹੈ, ਮਾਸਟਰ ਜੂ ?" ਜ਼ੀਉਜੀ ਜੋ ਗਾਡੀਵਾਨ ਦੇ ਪਿੱਛੇ ਬੈਠੀ ਸੀ, ਨੇ ਆਪਣੇ ਪਤੀ ਵੱਲ ਹਲਕੀ ਮੁਸਕਾਨ ਦਿੱਤੀ, ਪਰ ਉਹ ਬੋਲੀ ਕੁਝ ਨਾ। ਜਿਵੇਂ ਕੁਇੰਗਕਿੰਗ ਬੀਜਿੰਗ ਦੀ ਵਡਿੱਤਣ ਦਾ ਅੰਦਾਜ਼ਾ ਨਹੀਂ ਸੀ ਲਾ ਸਕੀ। ਉਵੇਂ ਹੀ ਉਹ ਇਹ ਕਲਪਨਾ ਨਹੀਂ ਸੀ ਕਰ ਸਕਦੀ ਕਿ ਉਹ ਹੋਰ ਦੇਸ਼ਾਂ ਵਿਚ ਵੀ ਜਾ ਸਕਦੀ ਹੈ।

ਝਟਕੇ ਨਾਲ ਘੋੜਾ ਗੱਡੀ ਕੱਚੀ ਸੜਕੇ ਪੈ ਗਈ। ਸੜਕ ਦੇ ਉੱਤਰ ਵੱਲ ਸਾਫ ਸੁਥਰੇ ਉਪਰ ਵੱਲ ਜਾਂਦੇ ਖੇਤ ਸਨ। ਦੱਖਣ ਵੱਲ ਸਵੇਰ ਦੀ ਧੁੰਦ ਵਿਚ ਫੈਲਿਆ ਘਾਹ ਦਾ ਮੈਦਾਨ ਸੀ ਜਿਥੇ ਉਹ ਘੋੜੇ ਚਰਾਉਂਦਾ ਹੁੰਦਾ ਸੀ। ਇਸ ਥਾਂ ਦੀ ਉਸ ਲਈ ਚੁੰਬਕੀ ਖਿੱਚ ਸੀ। ਘਾਹ ਵੱਲ ਦੇਖਣਾ ਜਾਂ ਕਿਸੇ ਖਾਸ ਦਰਖਤ ਵੱਲ ਝਾਕਣਾ ਉਸ ਲਈ ਅਣਗਿਣਤ ਯਾਦਾਂ ਨੂੰ ਸੱਦਾ ਦੇਣਾ ਸੀ। ਅੱਜ ਦੀ ਸਵੇਰ ਖਾਸ ਤੌਰ ਤੇ ਘਾਹ ਦੇ ਮੈਦਾਨ ਉਪਰ ਉਸ ਲਈ ਹਰ ਚੀਜ਼ ਪਹਿਲਾਂ ਨਾਲੋਂ ਕੀਮਤੀ ਤੇ ਖਿੱਚਵਾਲੀ ਸੀ।

ਉਸਨੂੰ ਪਤਾ ਸੀ ਕਿ ਭਿੰਨ ਪਾਪਲਾਰ ਦੇ ਦਰੱਖਤਾਂ ਪਿੱਛੇ ਇਕ ਵੱਡਾ ਓਲੀਐਸਟਰ ਦਾ ਦਰਖਤ ਹੈ। ਇਸ ਲਈ ਉਹ ਗੱਡੀ ਤੋਂ ਉਤਰ ਕੇ ਉੱਥੇ ਗਿਆ ਤੇ ਛੇਤੀ ਹੀ ਤਾਜ਼ੇ ਫਲ ਲੈ ਕੇ ਆ ਗਿਆ। ਅਜਿਹੇ ਫਲ ਜਿਨ੍ਹਾਂ ਨੂੰ ਵੇਖ ਕੇ ਕੋਈ ਵੀ ਲਲਚਾਏ ਬਗੈਰ ਨਹੀਂ ਰਹਿ ਸਕਦਾ। ਓਲੀਐਸਟਰ ਸਥਾਨਕ ਜੰਗਲੀ ਫਲ ਹੈ। ਜਿਸਦਾ ਸੁਆਦ ਕੌੜਾ-ਮਿੱਠਾ ਹੈ ਅਤੇ ਆਮ ਤੌਰ ਤੇ ਉੱਤਰ ਪੱਛਮ ਵਿਚ ਪੈਦਾ ਹੁੰਦਾ ਹੈ। ਸੱਠਵਿਆਂ ਦੇ ਅਕਾਲ ਸਮੇਂ ਇਹ ਫਲ ਪ੍ਰਮੁੱਖ ਖੁਰਾਕ ਦੇ ਤੌਰ ਤੇ ਵਰਤਿਆ ਗਿਆ ਸੀ। ਅਖੀਰ ਸਮੇਂ ਉਦੋਂ ਹੀ ਉਸਨੇ ਇਸਨੂੰ ਖਾਧਾ ਸੀ। ਦੁਬਾਰਾ ਚੱਖ ਕੇ ਉਹ ਉਦਰੇਵੇਂ ਦੀ ਸਥਿਤੀ ਵਿਚ ਪਹੁੰਚ ਗਿਆ। ਉਹ ਹੈਰਾਨ ਸੀ ਕਿ ਕੁਇੰਗਕਿੰਗ ਉਹ ਜਾਨਣਾ ਚਾਹੁੰਦੀ ਸੀ ਕਿ ਬੀਜਿੰਗ ਵਿਚ ਇਹ ਫਲ ਹੁੰਦਾ ਸੀ ਕਿ ਨਹੀਂ।

"ਤੇਰੇ ਬਾਬੇ ਨੇ ਸ਼ਾਇਦ ਇਨ੍ਹਾਂ ਨੂੰ ਕਦੇ ਵੀ ਨਾ ਚੱਖਿਆ ਹੋਵੇ।" ਜ਼ਿਉਜੀ ਨੇ ਮੁਸਕਰਾ ਕੇ ਪਰ੍ਹਾਂ ਝੁਕਦਿਆਂ ਕਿਹਾ। ਆਪਣੇ ਸਹੁਰੇ ਬਾਰੇ ਵੱਧ ਤੋਂ ਵੱਧ ਅਜਿਹੀ ਕਲਪਨਾ ਹੀ ਉਹ ਕਰ ਸਕਦੀ ਸੀ।

ਪਰ ਅਸਲ ਵਿਚ ਅਜਿਹੀ ਕਲਪਨਾ ਕਰਨਾ ਕੋਈ ਔਖਾ ਨਹੀਂ ਸੀ ਕਿਉਂਕਿ ਪਿਉ-ਪੁੱਤਰ ਇੰਨੇ ਇਕ ਦੂਜੇ ਨਾਲ ਮਿਲਦੇ ਜੁਲਦੇ ਸਨ ਕਿ ਜੇ ਉਸਦਾ ਸਹੁਰਾ ਗਲੀ ਵਿਚ ਉਸਦੇ ਸਾਹਮਣਿਉਂ ਲੰਘੇ ਤਾਂ ਉਹ ਆਸਾਨੀ ਨਾਲ ਪਛਾਣ ਸਕਦੀ ਸੀ। ਦੋਨਾਂ ਦੀਆਂ ਸੁੰਗੜੀਆਂ ਅੱਖਾਂ ਸਨ, ਸਿੱਧੇ ਨੱਕ ਤੇ ਮੋਟੇ ਬੁੱਲ੍ਹ। ਦੋਨਾਂ ਦੇ ਇਸ਼ਾਰੇ ਵੀ ਮਿਲਦੇ ਜੁਲਦੇ ਸਨ। ਪਰ ਪਿਉ ਆਪਣੀ ਉਮਰ ਤੋਂ ਛੋਟਾ ਦਿਖਾਈ ਦਿੰਦਾ ਸੀ। ਥਕਾਵਟ ਤੇ ਕਮਜ਼ੋਰੀ ਦੇ ਚਿਨ੍ਹਾਂ ਦੇ ਬਾਵਜੂਦ ਉਸਦੀ ਦਿਖ ਆਪਣੇ ਪੁੱਤਰ



ਵਰਗੀ ਭੂਰੀ ਸੀ। ਜਿਵੇਂ ਦੀ ਲਾਸ ਏਂਜਲਸ ਅਤੇ ਹਾਂਗਕਾਂਗ ਦੇ ਕੰਢਿਆਂ ਤੇ ਰਹਿਣ ਵਾਲਿਆਂ ਦੀ ਹੁੰਦੀ ਹੀ ਹੈ। ਉਹ ਅਜੇ ਵੀ ਆਪਣੀ ਦਿੱਖ ਵੱਲ ਖਾਸ ਧਿਆਨ ਦਿੰਦਾ ਸੀ। ਹੱਥਾਂ ਉਪਰ ਦੇਰ ਤੋਂ ਉਮਰ ਦੇ ਨਿਸ਼ਾਨ ਉਭਰਨ ਦੇ ਬਾਵਜੂਦ ਤੇ ਸਫੇਦ ਵਾਲਾਂ ਦੇ ਹੁੰਦਿਆਂ ਵੀ ਉਹ ਵਾਲਾਂ ਨੂੰ ਚੰਗੀ ਤਰ੍ਹਾਂ ਕੰਘੀ ਕਰਦਾ ਤੇ ਨਹੁੰਆਂ ਨੂੰ ਚੰਗੀ ਤਰ੍ਹਾਂ ਕੱਟ ਕੇ ਰੱਖਦਾ। ਟੇਲਬ ਤੇ ਵਧੀਆ ਕਾਫੀ ਦੇ ਆਲੇ ਦੁਆਲੇ ਥਰੀ-ਬੀ ਬਰਾਂਡ ਦੇ ਪਾਈਪ ਬਿਖਰੇ ਪਏ ਸਨ। ਮਰਾਕੋ ਦੀ ਭੇਡ ਦੀ ਖੱਲ ਦੀ ਬਣੀ ਤੰਬਾਕੂ ਦੀ ਗੁਥਲੀ ਪਈ ਸੀ, ਇਕ ਗਿਲਟ ਦਾ ਲਾਈਟਰ ਸੀ ਅਤੇ ਹੀਰੇ ਜੜੀ ਨੈਕਟਾਈ ਦੀ ਪਿੰਨ ਵੀ ਪਈ ਸੀ।

ਇਸਤੋਂ ਇਹ ਅੰਦਾਜ਼ਾ ਲੱਗ ਸਕਦਾ ਸੀ ਕਿ ਉਹ ਓਲੀਐਸਟਰ ਖਾਣ ਦਾ ਸੁਆਦ ਨਹੀਂ ਸੀ ਲੈ ਸਕਦਾ।

(2)

"ਕਿੰਨੀ ਹੈਰਾਨੀ ਦੀ ਗੱਲ ਹੈ ਕਿ ਇਥੇ ਵੀ ਤੁਹਾਨੂੰ ਨਵੇਂ ਗੀਤ ਮਿਲ ਜਾਂਦੇ ਹਨ।" ਮਿਸ ਸਾਂਗ ਨੇ ਧਾਰਾ ਪ੍ਰਵਾਹ ਚੀਨੀ ਵਿਚ ਹੈਰਾਨੀ ਪ੍ਰਗਟ ਕੀਤੀ। ਮਿਸ ਸਾਂਗ ਜਚਦੀ ਲੰਬੇ ਕੱਦ ਦੀ ਔਰਤ ਸੀ। ਉਸਦੇ ਲੰਬੇ ਕਾਲੇ ਬਾਲ, ਲਾਲ ਸਾਟਨ ਦੇ ਰਿਬਨ ਨਾਲ ਬੰਨ੍ਹੇ ਹੋਏ ਸਨ ਤੇ ਇਨ੍ਹਾਂ ਵਿਚੋਂ ਕਲੀਆਂ ਦੀ ਭਿੰਨੀ-ਭਿੰਨੀ ਖੁਸ਼ਬੂ ਆ ਰਹੀ ਸੀ।

"ਡਾਇਰੈਕਟਰ ਜੂ ਦੇਖੋ ਬੀਜਿੰਗ ਦੇ ਲੋਕ ਡਿਸਕੋ ਨਾਲ ਕਿਵੇਂ ... ਹਨ। ਉਹ ਹਾਂਕਕਾਂਗ ਤੋਂ ਵੀ ਵਧੇਰੇ ਇਸਦੇ ਦੀਵਾਨੇ ਹਨ। ਮੇਰਾ ਅੰਦਾਜ਼ਾ ਹੈ ਉਹ ਹੁਣ ਸਹੀ ਅਰਥਾਂ ਵਿਚ ਆਧੁਨਿਕ ਹਨ।"

"ਬਿਲਕੁਲ ਸਹੀ। ਖੁਸ਼ੀ ਮਨਾਉਣ ਤੋਂ ਆਪਣੇ ਆਪਨੂੰ ਰੋਕਿਆ ... ਸਕਦਾ।" ਕਹਿੰਦਿਆਂ ਡਾਇਰੈਕਟਰ ਜੂ ਨੇ ਪੁਰਾਤਨ ਸਾਧੂਆਂ ਵਾਲੀ ਭੇਦ ਭਰੀ ਮੁਸਕਾਨ ... "ਉਹ ਹੁਣ ਆਪਣੇ ਆਪ ਨੂੰ ਸਾਧੂ ਨਹੀਂ ਮੰਨਦੇ।"

ਰਾਤ ਦੇ ਖਾਣੇ ਤੋਂ ਬਾਅਦ ਪਿਉ ਤੇ ਮਿਸ ਸਾਂਗ ਉਸਨੂੰ ...ਾਲਰੂਮ ਵਿਚ ਲੈ ਗਏ। ਉਸਨੇ ਬੀਜਿੰਗ ਵਰਗੇ ਸ਼ਹਿਰ ਵਿਚ ਵੀ ਅਜਿਹੀ ਥਾਂ ਦੀ ਕਲਪਨਾ ਨ... ਕੀਤੀ। ਜਦੋਂ ਉਹ ਬੱਚਾ ਹੁੰਦਾ ਸੀ ਤਾਂ ਉਸਦੇ ਮਾਪੇ ਉਸਨੂੰ ਸ਼ਿੰਘਾਈ ਦੇ ਮਸ਼ਹੂਰ ਨਾਚ-ਘਰਾਂ ...ਚ ਲੈ ਕੇ ਜਾਂਦੇ ਸਨ। ਜਿਨ੍ਹਾਂ ਦੇ ਨਾਮ ਸਨ "ਡੀ. ਐਸ. ਐਸ." 'ਪੈਰਾਮਾਊਂਟ' ਦਾ ਫਰੈਂਚ ਨਾਈਟ ...ਲੱਬ ਆਦਿ। ਉਸਨੂੰ ਲੱਗ ਰਿਹਾ ਸੀ ਕਿ ਉਹ ਉਨ੍ਹਾਂ ਥਾਵਾਂ ਨੂੰ ਹੀ ਦੁਬਾਰਾ ਦੇਖ ਰਿਹਾ ਹੈ। ਪਰ ਔ... ਵਰਗੇ ਮਰਦਾਂ ਅਤੇ ਮਰਦਾਂ ਵਰਗੀਆਂ ਔਰਤਾਂ ਨੂੰ ਪੀਲੀਆਂ, ਚਿੱਟੀਆਂ ਰੌਸ਼ਨੀਆਂ ਵਿਚ ਪ੍ਰੇਤਾਂ ...ਾਂਗ ਘੁੰਮਦਿਆਂ ਵੇਖਕੇ ਉਹ ਬੇਚੈਨ ਹੋ ਗਿਆ। ਉਵੇਂ ਹੀ ਜਿਵੇਂ ਕਿਸੇ ਨੂੰ ਦਰਸ਼ਕਾਂ ਵਿਚੋਂ ਖਿੱਚ ਕੇ ਅਚਾਨਕ ਸਟੇਜ ਤੇ ਅਭਿਨੈ ਕਰਨ ਲਈ ਕਹਿ ਦਿੱਤਾ ਜਾਵੇ ਅਤੇ ਉਹ ਆਦਮੀ ਅਜਿਹਾ ਕੁਝ ਨਾ ਕਰ ਸਕੇ। ਕੁਝ ਪਲ ਪਹਿਲਾਂ ਖਾਣੇ ਦੀਆਂ ਅਨੇਕਾਂ ਸਜੀਆਂ ਪਲੇਟਾਂ ਨੇ ਉਸ ਲਈ ਵਧੇਰੇ ਬੇਸੁਆਦੀ ਪੈਦਾ ਕਰ ਦਿੱਤੀ। ਫਾਰਮ ਉਪਰ ਤਾਂ ਬਚੇ ਹੋਏ ਖਾਣੇ ਨੂੰ ਲੋਕ ਲੰਚ-ਬਾਕਸ ਵਿਚ ਭਰ ਲੈਂਦੇ ਸਨ। ਜਦੋਂ ਵੀ ਉਹ ਖਾਣਾ ਖਾਣ ਸਟੇਸ ਦੇ ਰੈਸਟੋਰੈਂਟ ਵਿਚ ਜਾਂਦੇ ਸਨ ਉਹ ਇਹ ਲੰਚ-ਬਾਕਸ ਨਾਲ ਲੈ ਕੇ ਆਉਂਦੇ ਸਨ।

ਅਚਾਨਕ ਮੁੱਖ ਹਾਲ ਵਿਚ ਮੁੜ ਸੰਗੀਤ ਸ਼ੁਰੂ ਹੋ ਗਿਆ। ਕਈ ਜੋੜੇ ਦੀਵਾਨਿਆਂ ਵਾਂਗ ਨੱਚਣ ਲੱਗ ਪਏ। ਬਾਹਾਂ ਫੜਨ ਦੀ ਬਜਾਇ ਉਹ ਪਹਿਲਾਂ ਅਗਾਂਹ ਵੱਲ ਝੁਕਦੇ ਫਿਰ ਪਿਛਾਂਹ ਵੱਲ। ਕੁੱਕੜਾਂ ਦੀ ਲੜਾਈ ਕਰਨ ਵਾਂਗ ਉਨ੍ਹਾਂ ਦੇ ਚਿਹਰੇ ਇਕ ਦੂਜੇ ਨੂੰ ਚਿੜਾ ਰਹੇ ਸਨ। ਤੇ ਇਸ ਤਰ੍ਹਾਂ ਉਹ ਆਪਣੀ ਵਾਧੂ ਸ਼ਕਤੀ ਨੂੰ ਵਰਤ ਰਹੇ ਸਨ। ਇਸ ਨੇ ਉਸਨੂੰ ਉਨ੍ਹਾਂ ਕਿਸਾਨਾਂ ਦੀ ਯਾਦ ਦੁਆ ਦਿੱਤੀ ਜਿਹੜੇ ਨੰਗੇ ਪੈਰੀਂ ਧਾਨ ਦੇ ਗਰਮ ਖੇਤਾਂ ਤੇ ਮਿਹਨਤ ਕਰ ਰਹੇ ਸਨ। ਉਹ ਆਪਣੀਆਂ ਬਾਹਾਂ ਸੱਜਿਉਂ ਖੱਬੇ ਤੇ ਖੱਬਿਉਂ ਸੱਜੇ ਲਹਿਰਾਉਂਦੇ। ਉਹ ਧਾਨ ਕੱਟਣ ਲਈ ਝੁਕੇ ਹੋਏ ਹੁੰਦੇ। ਕਦੇ ਉਹ ਸਿਰ

ਉੱਚਾ ਚੁੱਕ ਕੇ ਦੂਰ ਖੜੇ ਕਿਸਾਨ ਨੂੰ ਬੈਠੀ ਆਵਾਜ਼ ਵਿਚ ਬੁਲਾਉਂਦੇ, "ਉਹ, ਹੈਲੋ, ਪਾਣੀ, ਪਾਣੀ....।" ਕਿੰਨਾ ਚੰਗਾ ਹੋਵੇ ਕਿ ਉਹ ਦਰਖਤ ਦੀ ਛਾਂ ਹੇਠ ਮਿੱਟੀ ਰੰਗੇ ਪਾਣੀ ਦੇ ਟੋਏ ਕੋਲ ਸਸਤਾ ਲੈਣ ਤੇ ਥੋੜ੍ਹੀ ਦੇਰ ਚੌਲਾਂ ਦੀ ਖੁਸ਼ਬੂ ਅਤੇ ਅਲਫਾ ਅਲਫਾ ਦੀ ਮਹਿਕ ਲੈ ਸਕਣ।

"ਮਿਸਟਰ ਜੂ ਕੀ ਤੂੰ ਨੱਚ ਸਕਦੈਂ ?" ਨੇੜੇ ਖੜ੍ਹੀ ਮਿਸ ਸਾਂਗ ਨੇ ਕਹਿਣ ਤੇ ਉਹ ਸੁਖਾਵੀਆਂ ਯਾਦਾਂ 'ਚੋਂ ਬਾਹਰ ਨਿਕਲ ਆਇਆ। ਉਸਨੇ ਮੁੜ ਕੇ ਉਸ ਵੱਲ ਵੇਖਿਆ। ਉਸ ਦੀਆਂ ਚਮਕਦਾਰ ਅੱਖਾਂ ਸਨ ਅਤੇ ਭਾਰੇ ਅਨਘੜ ਬੁੱਲ੍ਹ।

"ਓ, ਨਹੀਂ, ਮੈਂ ਨਹੀਂ ਨੱਚ ਸਕਦਾ।" ਉਸਨੇ ਮੁਸਕਰਾਉਂਦਿਆਂ ਖਿਆਲਾਂ ਵਿਚ ਗੁਆਚਿਆਂ ਹੀ ਉੱਤਰ ਦਿੱਤਾ। ਉਹ ਘੋੜੇ ਚਰਾ ਸਕਦਾ ਸੀ। ਹੱਲ ਨਾਲ ਜ਼ਮੀਨ ਵਾਹ ਸਕਦਾ ਸੀ, ਧਾਨ ਦੀ ਕਟਾਈ ਕਰ ਸਕਦਾ ਸੀ ਤੇ ਕਣਕ ਕੱਢ ਸਕਦਾ ਸੀ। ਪਰ ਇਸ ਤਰ੍ਹਾਂ ਦਾ ਨਾਚ ਉਹ ਕਿਉਂ ਸਿੱਖੇ।

"ਉਸਨੂੰ ਦੁਬਿਧਾ 'ਚ ਨਾ ਪਾ।" ਉਸ ਦੇ ਪਿਉ ਨੇ ਮਿਸ ਸਾਂਗ ਨੂੰ ਹੱਸਦਿਆਂ ਕਿਹਾ। "ਦੇਖ, ਮੈਨੇਜਰ ਵਾਂਗ ਤੈਨੂੰ ਨਾਚ ਲਈ ਕਹਿਣ ਆ ਰਿਹਾ ਹੈ।"

ਇਕ ਸੁਹਣਾ ਜਵਾਨ ਆਦਮੀ ਜਿਸਨੇ ਗਰੇ ਸੂਟ ਪਾਇਆ ਹੋਇਆ ਸੀ। ਉਨ੍ਹਾਂ ਵੱਲ ਆਇਆ। ਉਹ ਮਿਸ ਸਾਂਗ ਦੇ ਸਾਹਮਣੇ ਢੁਕਿਆ। ਦੋਨੋਂ ਨਾਚ-ਥਾਂ ਲਈ ਚੱਲ ਪਏ।

"ਕੀ ਤੂੰ ਕਿਸੇ ਹੋਰ ਚੀਜ਼ ਬਾਰੇ ਵੀ ਸੋਚਣਾ ਚਾਹੁੰਦਾ ਹੈ ?" ਦੁਬਾਰਾ ਪਾਈਪ ਸੁਲਗਾਉਂਦਿਆਂ ਪਿਉ ਨੇ ਪੁੱਛਿਆ, "ਤੂੰ ਮੇਰੇ ਨਾਲੋਂ ਬੇਹਤਰ ਜਾਣਦਾ ਹੈ। ਹੁਣ ਤਾਂ ਵੀਜ਼ਾ ਲੈਣਾ ਬੜਾ ਆਸਾਨ ਹੈ। ਪਰ ਭਵਿੱਖ ਵਿਚ ਕੀ ਹੋਵੇਗਾ, ਕਿਸੇ ਨੂੰ ਕੁਝ ਨਹੀਂ ਪਤਾ।

"ਇਥੇ ਅਜੇ ਵੀ ਕੁਝ ਅਜਿਹਾ ਹੈ ਕਿ ਮੈਂ ਇਥੋਂ ਜਾਣਾ ਬਰਦਾਸ਼ਤ ਨਹੀਂ ਕਰ ਸਕਦਾ।" ਮੁੜ ਕੇ ਉਸਨੇ ਸਿੱਧੇ ਆਪਣੇ ਪਿਉ ਦੀਆਂ ਅੱਖਾਂ ਵਿਚ ਝਾਕਦਿਆਂ ਕਿਹਾ।

"ਉਨ੍ਹਾਂ ਸਾਰੇ 'ਕੌੜੇ ਤਜ਼ਰਬਿਆਂ ਦੇ ਬਾਵਜੂਦ ?" ਉਸਦੇ ਪਿਉ ਨੇ ਤਹੱਮਲ ਨਾਲ ਪੁੱਛਿਆ।

"ਹਾਂ ਉਨ੍ਹਾਂ ਤਜਰਬਿਆਂ ਕਰਕੇ ਹੀ, ਇਹ ਖੁਸ਼ੀ ਸਾਡੇ ਲਈ ਬੇਸ਼ਕੀਮਤੀ ਹੈ।"

ਉਸਦੇ ਪਿਉ ਨੇ ਮੋਢੇ ਚਾੜ੍ਹੇ ਅਤੇ ਉਹ ਉਸ ਵੱਲ ਬੌਂਦਲੀ ਨਜ਼ਰੇ ਤੱਕਿਆ।

ਉਸ ਉਪਰ ਉਦਾਸੀ ਦੀ ਇਕ ਲਹਿਰ ਛਾ ਗਈ। ਤਦ ਉਸਨੇ ਮਹਿਸੂਸ ਕੀਤਾ ਕਿ ਉਸਦਾ ਪਿਉ ਅਜਿਹੀ ਦੁਨੀਆਂ ਦਾ ਵਾਸੀ ਹੈ ਜੋ ਉਸ ਲਈ ਉਪਰੀ ਤੇ ਅਣਜਾਣੀ ਹੈ। ਉਨ੍ਹਾਂ ਦੀ ਸਰੀਰਕ ਸਮਾਨਤਾ ਉਨ੍ਹਾਂ ਦੀ ਆਤਮਕ ਅਸਮਾਨਤਾ ਨੂੰ ਬਰਾਬਰ ਨਹੀਂ ਕਰ ਸਕੀ। ਉਨ੍ਹਾਂ ਨੇ ਇਕ ਦੂਜੇ ਨੂੰ ਇਕੋ ਤਰ੍ਹਾਂ ਘੂਰਿਆ। ਪਰ ਕੋਈ ਵੀ ਦੂਸਰੇ ਦੇ ਤਜਰਬਿਆਂ ਦੇ ਡੂੰਘੇ ਸਰੋਵਰ ਵਿਚ ਨਹੀਂ ਸੀ ਝਾਕ ਸਕਿਆ।

"ਤਾਂ ਇਹ ਗੱਲ ਹੈ.... ਤੈਨੂੰ ਅਜੇ ਵੀ ਮੇਰੇ ਖਿਲਾਫ ਗਿਲਾ ਹੈ ?" ਉਸਨੇ ਨੀਵੀ ਪਾ ਲਈ।

"ਓਹ, ਨਹੀਂ, ਬਿਲਕੁਲ ਨਹੀਂ।" ਪੁੱਤਰ ਨੇ ਪਿਉ ਦੇ ਇਸ਼ਾਰੇ ਵਾਂਗ ਹੀ ਆਪਣਾ ਹੱਥ ਹਿਲਾਇਆ। "ਜਿਵੇਂ ਕਿ ਤੁਸੀਂ ਕਿਹਾ ਹੈ, 'ਬੀਤੇ ਤੇ ਮਿੱਟੀ ਪਾਉ।' ਇਹ ਕੁਝ ਹੋਰ ਹੀ ਹੈ, ਬਿਲਕੁਲ ਵੱਖਰਾ।"

ਤਦ ਤੱਕ ਸੰਗੀਤ ਬਦਲ ਗਿਆ ਸੀ। ਹਾਲ ਵਿਚ ਰੌਸ਼ਨੀ ਪਹਿਲਾਂ ਨਾਲੋਂ ਵੀ ਮੱਧਮ ਹੋ ਗਈ ਸੀ। ਉਨ੍ਹਾਂ ਨੂੰ ਨੱਚ ਰਹੇ ਲੋਕਾਂ ਦੇ ਪਰਛਾਵੇਂ ਵੀ ਨਜ਼ਰੀ ਨਹੀਂ ਸਨ ਆ ਰਹੇ। ਸਿਰ ਨੀਵਾਂ ਸੁੱਟ ਕੇ ਉਸਦੇ ਪਿਉ ਨੇ ਸੱਜੇ ਹੱਥ ਨਾਲ ਲਗਾਤਾਰ ਭਰਵੱਟੇ ਸਵਾਰੇ। ਇਕ ਬਾਰ ਫਿਰ ਉਸਦੇ ਚਿਹਰੇ ਤੇ ਕਮਜ਼ੋਰੀ ਤੇ ਕੁੜੱਤਣ ਦੇ ਭਾਵ ਉੱਭਰ ਆਏ।

"ਇਹ ਠੀਕ ਹੈ ਕਿ ਭੂਤ ਕਾਲ, ਭੂਤਕਾਲ ਹੀ ਹੈ। ਪਰ ਯਾਦ ਕਰੋ ਤਾਂ ਕੁੜੱਤਣ ਮਰਦੀ ਨਹੀਂ...।" ਬੁੱਢੇ ਨੇ ਡੂੰਘਾ ਹੌਕਾ ਲਿਆ ਤੇ ਗੱਲ ਜਾਰੀ ਰੱਖੀ, "ਪਰ ਮੈਂ ਤੇਰੀ ਬਹੁਤ ਘਾਟ ਮਹਿਸੂਸ ਕੀਤੀ, ਤੇ ਹੁਣ...।"

"ਹਾਂ ਮੈਨੂੰ ਤੁਹਾਡੇ ਤੇ ਯਕੀਨ ਹੈ।" ਉਸਦੇ ਪਿਉ ਦੀ ਨੀਵੀਂ ਆਵਾਜ਼ ਨੇ ਅਤੇ ਪਿਛੋਕੜ ਵਿਚ



ਚਲਦੇ ਉਦਾਸ ਸੰਗੀਤ ਨੇ ਉਸਨੂੰ ਪਿਘਲਾ ਦਿੱਤਾ, "ਤੇ ਕਈ ਵਾਰ ਮੈਨੂੰ ਵੀ ਤੁਹਾਡੀ ਬਹੁਤ ਘਾਟ ਮਹਿਸੂਸ ਹੋਈ।"

"ਸੱਚੀਂ ?" ਉਸਦੇ ਪਿਉ ਨੇ ਸਿਰ ਚੁੱਕਿਆ। ਹਾਂ ਉਸਨੂੰ ਇਹ ਘਾਟ ਮਹਿਸੂਸ ਹੋਈ ਸੀ। ਉਸਨੂੰ ਯਾਦ ਸੀ ਪੱਤਝੜ ਦੇ ਮੌਸਮ ਦੀ ਵੀਹ ਸਾਲ ਪੁਰਾਣੀ ਇਕ ਰਾਤ। ਭਾਰੀ ਬਰਸਾਤ ਨਾਲ ਅਲਮਾਰੀ ਦਾ ਕਾਗਜ਼ ਫਟ ਗਿਆ ਸੀ। ਫਟੀ ਜਗਾਹ ਤੋਂ ਚੰਦ ਦੀ ਚਾਨਣੀ ਥੱਲੇ ਸੁੱਤੇ ਪਏ ਮੈਲੇ ਕੁਚੈਲੇ ਆਜੜੀਆਂ ਉਪਰ ਪੈ ਰਹੀ ਸੀ। ਧਰਤੀ ਤੇ ਕੰਧ ਦੇ ਨਾਲ ਜੂ ਲਿੰਗਜੁਨ ਪਿਆ ਸੀ। ਠੰਢ ਨਾਲ ਕੰਬਦਾ ਹੋਇਆ ਉਹ ਸਿੱਲ੍ਹੀ ਪਰਾਲੀ ਤੋਂ ਉੱਠਿਆ। ਬਾਹਰ ਚਿੱਕੜ ਵਾਲੀ ਧਰਤੀ ਚਾਨਣੀ ਨਾਲ ਇਵੇਂ ਚਮਕ ਰਹੀ ਸੀ ਜਿਵੇਂ ਟੁੱਟੇ ਹੋਏ ਕੱਚ ਦੇ ਟੁਕੜੇ ਚਮਕ ਰਹੇ ਹੋਣ। ਖੱਡਿਆਂ ਵਿਚ ਥਾਂ ਥਾਂ ਪਾਣੀ ਭਰਿਆ ਹੋਇਆ ਸੀ ਅਤੇ ਹਵਾ ਬਦਬੂਦਾਰ ਸੀ। ਅਖੀਰ ਉਸਨੂੰ ਘੋੜਿਆਂ ਦਾ ਤਬੇਲਾ ਲੱਭ ਪਿਆ। ਜੋ ਘੋੜਿਆਂ ਕਰਕੇ ਪਹਿਲੇ ਤਬੇਲੇ ਦੀ ਤੁਲਨਾ ਵਿਚ ਨਿੱਘਾ ਸੀ। ਘੋੜੇ, ਵਛੇਰੇ ਅਤੇ ਗਧੇ ਘਾਹ ਖਾ ਰਹੇ ਸਨ। ਇਕ ਖਾਲੀ ਖੁਰਲੀ ਦੇਖ ਕੇ ਉਹ ਉਸ ਵਿਚ ਜਾ ਪਿਆ।

ਤਬੇਲੇ ਵਿਚ ਮੱਟਕ ਚਾਨਣਾ ਸੀ ਜੋ ਕੱਚੀ ਕੰਧ ਤੇ ਪੈਂਦੀ ਚਾਨਣੀ ਦਾ ਪਰਤੌਅ ਸੀ। ਤਬੇਲੇ ਦਾ ਹਰ ਪਸ਼ੂ ਖੁਰਲੀ ਉਪਰ ਝੁਕਿਆ ਹੋਇਆ ਸੀ ਜਿਵੇਂ ਚੰਦ ਨੂੰ ਸ਼ਰਧਾਂਜਲੀ ਪੇਸ਼ ਕਰ ਰਿਹਾ ਹੋਵੇ। ਉਹ ਅਚਾਨਕ ਬਹੁਤ ਹੀ ਉਦਾਸ ਹੋ ਗਿਆ। ਸਾਰਾ ਦ੍ਰਿਸ਼ ਉਸ ਦੀ ਇਕੱਲਤਾ ਦਾ ਪ੍ਰਤੀਕ ਬਣ ਗਿਆ। ਲੋਕਾਂ ਵਲੋਂ ਤਿਆਗਿਆ, ਉਹ ਘੋੜਿਆਂ, ਡੰਗਰਾਂ ਨਾਲ ਰਹਿਣ ਲਈ ਮਜ਼ਬੂਰ ਸੀ।

ਉਹ ਬੁਰੀ ਤਰ੍ਹਾਂ ਰੋਇਆ। ਸੌੜੀ ਖੁਰਲੀ ਵਿਚ ਉਹ ਜ਼ਿਆਦਾ ਸੁੰਗੜ ਗਿਆ। ਇਹ ਯਾਦ ਕਰਕੇ ਕਿ ਕਿਵੇਂ ਉਸਨੇ ਜ਼ਿੰਦਗੀ ਵਿਚ ਹਰ ਪਾਸੇ ਦੇ ਦਬਾਵਾਂ ਨੂੰ ਝੱਲਿਆ ਸੀ। ਸਭ ਤੋਂ ਪਹਿਲਾਂ ਤਾਂ ਉਸਦਾ ਪਿਉ ਹੀ ਉਸਨੂੰ ਛੱਡ ਗਿਆ ਸੀ। ਤੇ ਫਿਰ ਮਾਂ ਦੀ ਮੌਤ ਤੋਂ ਬਾਅਦ ਉਸਦਾ ਮਾਮਾ ਮਾਂ ਦੀਆਂ ਸਾਰੀਆਂ ਚੀਜ਼ਾਂ ਨਾਲ ਲੈ ਗਿਆ ਤੇ ਉਸਨੂੰ ਬਿਲਕੁਲ ਇਕੱਲਾ ਕਰ ਗਿਆ ਸੀ। ਉਸਨੂੰ ਸਕੂਲ ਦੀ ਡਾਰਮੇਟਰੀ ਵਿਚ ਰਹਿਣਾ ਪਿਆ ਸੀ ਤੇ ਦੂਸਰਿਆਂ ਦੇ ਦਾਨ ਉਪਰ ਪੜ੍ਹਨ ਲਈ ਮਜ਼ਬੂਰ ਹੋਣਾ ਪਿਆ ਸੀ। ਕਮਿਊਨਿਸਟ ਪਾਰਟੀ ਨੇ ਉਸਨੂੰ ਅਪਣਾ ਲਿਆ ਸੀ ਅਤੇ ਉਹ ਲੋਕਾਂ ਦੇ ਸਕੂਲ ਵਿਚ ਪਲਿਆ ਸੀ।

ਇਹ ਪੰਜਾਵਿਆਂ ਦੇ ਭਲੇ ਦਿਨ ਸਨ। ਜੂ ਭਾਵੇਂ ਹੱਸਾਸ ਤੇ ਚੁੱਪ-ਰਹਿਣਾ ਸੀ, ਆਪਣੀ ਮੁੱਢਲੀ ਜ਼ਿੰਦਗੀ ਕਰਕੇ ਪ੍ਰੰਤੂ ਉਹ ਹੌਲੀ ਹੌਲੀ ਸਾਮੂਹਿਕ ਜ਼ਿੰਦਗੀ ਵਿਚ ਰਚ ਮਿਚ ਗਿਆ। ਹੋਰਨਾਂ ਮਿਡਲ ਸਕੂਲ ਦੇ ਵਿਦਿਆਰਥੀਆਂ ਵਾਂਗ ਉਸਨੇ ਵੀ ਸੁੰਦਰ-ਸੁਹਣਾ ਸੁਪਨਾ ਲਿਆ। ਤੇ ਇਹ ਗੂੜ੍ਹੀ ਨੀਲੀ ਵਰਦੀ ਪਾ ਕੇ ਕਾਪੀ ਕੱਛ ਹੇਠ ਦਬਾਈ ਤੇ ਚਾਕ ਫੜੀ ਉਹ ਪ੍ਰਾਇਮਰੀ ਸਕੂਲ ਮਾਸਟਰ ਦੇ ਤੌਰ ਤੇ ਜਮਾਤ ਵਿਚ ਦਾਖਲ ਹੋਇਆ। ਇਸ ਤੋਂ ਬਾਅਦ ਉਸ ਦੀ ਜ਼ਿੰਦਗੀ ਦੀ ਨਵੀਂ ਦਿਸ਼ਾ ਸੀ; ਆਪਣਾ ਨਿਸ਼ਾਨਾ ਸੀ।

ਪਰ ਇਸਤੋਂ ਕੁਝ ਚਿਰ ਬਾਦ ਹੀ ਸਕੂਲ ਦੇ ਲੀਡਰਾਂ ਨੇ ਆਪਣੇ ਉਪਰਲਿਆਂ ਦੇ ਕਹਿਣ ਤੇ ਸੱਜਪਛਾਖੜੀਆਂ ਦਾ ਕੋਟਾ ਪੂਰਾ ਕਰਨਾ ਸੀ। ਉਨ੍ਹਾਂ ਨੇ ਜੂ ਨੂੰ ਵੀ ਪਿਉ ਵਾਲੀ ਵੰਡ ਵਿਚ ਹੀ ਰੱਖ ਦਿੱਤਾ। ਭੂਤਕਾਲ ਵਿਚ ਬੁਰਜੁਆਜ਼ੀ ਨੇ ਉਸਨੂੰ ਤਿਆਗ ਦਿੱਤਾ ਸੀ। "ਅਚੱਲ ਸੰਪਤੀ" ਤੋਂ ਇਲਾਵਾ ਉਸਦੀ ਕੋਈ ਜੱਦੀ ਜਾਇਦਾਦ ਨਹੀਂ ਸੀ। ਹੁਣ ਦੂਸਰਿਆਂ ਨੇ ਉਸਨੂੰ 'ਸੱਜਪਿਛਾਖੜੀ' ਦਾ ਠੱਪਾ ਲਾ ਕੇ ਤਿਆਗ ਦਿੱਤਾ ਸੀ। ਅੰਤ ਹਰ ਕਿਸੇ ਨੇ ਉਸ ਤੋਂ ਮੂੰਹ ਮੋੜ ਲਿਆ ਸੀ। ਅਤੇ ਉਸਨੂੰ ਹੱਥੀ ਕੰਮ ਕਰਕੇ ਪੁਨਰ-ਸਿਖਿਅਤ ਕਰਨ ਲਈ ਇਥੇ ਦੂਰ ਦੁਰਾਡੇ ਫਾਰਮ ਉਪਰ ਸੁੱਟ ਦਿੱਤਾ ਗਿਆ ਸੀ।

ਘਾਹ ਖਾ ਕੇ ਇਕ ਘੋੜਾ ਉਸ ਵਾਲੀ ਖੁਰਲੀ ਵੱਲ ਵਧਿਆ। ਜਿੱਥੇ ਤੱਕ ਨੇੜੇ ਉਸਦਾ ਰੱਸਾ ਜਾ ਸਕਦਾ ਸੀ, ਉਹ ਅੱਗੇ ਵਧਿਆ। ਉਸਨੇ ਆਪਣਾ ਸਿਰ ਅਗਾਂਹ ਵਧਾ ਕੇ ਤੱਤੇ ਸਾਹ ਦਾ ਫੁੜਕਾ ਮਾਰਿਆ ਜੋ ਜੂ ਨੇ ਆਪਣੇ ਚਿਹਰੇ ਤੇ ਮਹਿਸੂਸ ਕੀਤਾ। ਉਸਨੇ ਘੋੜੇ ਦਾ ਭੂਰਾ ਸਿਰ ਦੇਖਿਆ। ਉਹ

ਉਸਤੋਂ ਅਗਾਂਹ ਪਏ ਅਨਾਜ ਨਾਲ ਆਪਣੀਆਂ ਨਾਸਾਂ ਘਸਾ ਰਿਹਾ ਸੀ। ਘੋੜਾ ਉਸਦੀ ਹੋਂਦ ਨੂੰ ਮਹਿਸੂਸ ਕਰ ਚੁੱਕਾ ਸੀ, ਪਰ ਡਰਨ ਦੀ ਬਜਾਇ ਉਸਨੇ ਸਿਲ੍ਹੀਆਂ ਨਾਸਾਂ ਨਾਲ ਉਸਨੂੰ ਸੁੰਘਿਆ ਅਤੇ ਆਪਣੇ ਮਖਮਲੀ ਮੂੰਹ ਤੇ ਨਾਸਾਂ ਨੂੰ ਉਸਨੇ ਜੂ ਦੇ ਚਿਹਰੇ ਨਾਲ ਘਸਾ ਦਿੱਤਾ। ਇਹ ਹਮਦਰਦੀ ਵਾਲੇ ਵਿਹਾਰ ਕਾਰਣ ਉਸਨੇ ਘੋੜੇ ਦੇ ਲੰਮੇ ਉਨੀਂਦੇ ਚਿਹਰੇ ਨੂੰ ਕਲਾਵੇ ਵਿਚ ਲੈ ਲਿਆ ਅਤੇ ਫੁੱਟ-ਫੁੱਟ ਕੇ ਰੋਣ ਲੱਗ ਪਿਆ। ਉਸਦੇ ਹੰਝੂ ਘੋੜੇ ਦੀ ਝਾਲਰ ਉਪਰ ਪੈ ਰਹੇ ਸਨ। ਉਹ ਹੁਣ ਖੁਰਲੀ ਕੋਲ ਗੋਡਿਆਂ ਭਾਰ ਹੋਇਆ ਅਤੇ ਖਿਲਰੇ ਅਨਾਜ ਨੂੰ ਧਿਆਨ ਨਾਲ ਉਸਨੇ ਇਕੱਠਾ ਕੀਤਾ ਅਤੇ ਆਪਣੇ ਸਾਥੀ ਘੋੜੇ ਦੇ ਸਾਹਮਣੇ ਢੇਰੀ ਬਣਾ ਦਿੱਤੀ।

ਤੇ ਮੇਰੇ ਪਿਉ ਉਸ ਵੇਲੇ ਤੂੰ ਕਿੱਥੇ ਸੀ ?

-3-

ਹੁਣ ਉਹ ਵਾਪਿਸ ਆ ਗਿਆ ਸੀ।

ਇਹ ਕੋਈ ਸੁਪਨਾ ਨਹੀਂ ਸੀ। ਉਸਦਾ ਪਿਉ ਉਸਦੇ ਨਾਲ ਦੇ ਕਮਰੇ ਵਿਚ ਬਿਸਤਰ ਤੇ ਲੇਟਿਆ ਹੋਇਆ ਸੀ ਤੇ ਉਹ ਆਪ ਗੁਦਗੁਦੇ ਸਪਰਿੰਗਦਾਰ ਬਿਸਤਰੇ ਉਪਰ ਸੁੱਤਾ ਹੋਇਆ ਸੀ। ਗੱਦੇ ਨੂੰ ਮਹਿਸੂਸ ਕਰਕੇ ਜੂ ਲਿੰਗਜ਼ੁਨ ਨੇ ਇਸਦੀ ਅਤੇ ਸਖਤ ਲੱਕੜ ਦੀ ਖੁਰਲੀ ਦੀ ਤੁਲਨਾ ਕਰਨ ਦੀ ਕੋਸ਼ਿਸ਼ ਕੀਤੀ। ਦਰੀ ਸੋਫੇ ਅਤੇ ਬਿਸਤਰ ਉਪਰ ਪਰਦੇ ਵਿਚੋਂ ਛਣ ਕੇ ਆ ਰਹੀ ਚੰਦ ਦੀ ਚਾਨਣੀ ਛੋਟੇ ਛੋਟੇ ਡੱਬੇ ਬਣਾ ਰਹੀ ਸੀ। ਇਸ ਮੱਕੜ ਚਾਨਣੀ ਵਿਚ ਉਸਦੇ ਮਨ ਉਪਰ ਦਿਨ ਦੇ ਪ੍ਰਭਾਵ ਬਾਰ ਬਾਰ ਸਾਫ-ਸਾਫ ਉਭਰ ਰਹੇ ਸਨ। ਉਹ ਦੇਖ ਰਿਹਾ ਸੀ ਕਿ ਉਹ ਇਥੋਂ ਦੀ ਕਿਸੇ ਚੀਜ਼ ਨਾਲ ਵੀ ਹਿਲ ਮਿਲ ਨਹੀਂ ਸੀ ਰਿਹਾ। ਉਸਦਾ ਪਿਉ ਵਾਪਿਸ ਤਾਂ ਆ ਗਿਆ ਸੀ ਪਰ ਉਹ ਹੁਣ ਇਕ ਦੂਜੇ ਲਈ ਅਜਨਬੀ ਸਨ। ਪਿਉ ਦੀ ਵਾਪਸੀ ਨੇ ਉਸਦੀਆਂ ਕੌੜੀਆਂ ਯਾਦਾਂ ਨੂੰ ਦੁਬਾਰਾ ਤਾਜ਼ਾ ਕਰ ਦਿੱਤਾ ਸੀ ਅਤੇ ਉਸਦਾ ਮਨ ਅਸ਼ਾਂਤ ਹੋ ਗਿਆ ਸੀ।

ਪੱਤਝੜ ਦਾ ਮੌਸਮ ਸ਼ੁਰੂ ਸੀ। ਕਮਰਾ ਬੰਦ ਤੇ ਗਰਮ ਲੱਗ ਰਿਹਾ ਸੀ। ਉਸਨੇ ਊਨੀ ਕੰਬਲ ਚੁੱਕਿਆ ਅਤੇ ਬੈਠ ਕੇ ਪਲੰਘ ਨਾਲ ਢੋਆ ਲਾ ਲਿਆ। ਉਸਨੇ ਬਿਸਤਰੇ ਨਾਲ ਦੇ ਲੈਂਪ ਦੀ ਸਵਿੱਚ ਦੱਬੀ। ਉਸਨੇ ਅਨਮੰਨੇ ਢੰਗ ਨਾਲ ਉਦੋਂ ਤੱਕ ਕਮਰੇ ਦਾ ਮੁਆਇਨਾ ਕੀਤਾ ਜਦੋਂ ਤੱਕ ਉਸਦੀ ਨਿਗਾਹ ਉਸਦੇ ਆਪਣੇ ਸਰੀਰ ਤੇ ਆ ਕੇ ਅਟਕ ਨਹੀਂ ਗਈ। ਉਸਨੇ ਆਪਣੀਆਂ ਪੇਠੇਦਾਰ ਬਾਹਾਂ ਦੇਖੀਆਂ, ਉਭਰੀਆਂ ਨਾੜੀਆਂ ਵਾਲੀਆਂ ਪਿੰਨੀਆਂ ਵੱਲ ਤੱਕਿਆ, ਢਾਲਵੇਂ ਲੰਬੇ ਪੈਰਾਂ ਵੱਲ ਨਜ਼ਰ ਮਾਰੀ ਅਤੇ ਆਪਣੀਆਂ ਸਖਤ ਹਥੇਲੀਆਂ ਅਤੇ ਤਲੀਆਂ ਨੂੰ ਨਿਹਾਰਿਆ। ਉਸਨੂੰ ਉਸ ਦੁਪਹਿਰ ਬਾਦ ਦੀ ਆਪਣੇ ਪਿਉ ਨਾਲ ਕੀਤੀ ਗੱਲਬਾਤ ਯਾਦ ਆ ਗਈ।

ਕਾਫੀ ਮੁਕਾ ਕੇ ਪਿਉ ਨੇ ਮਿਸ ਸਾਂਗ ਨੂੰ ਭੇਜ ਦਿੱਤਾ। ਆਪ ਉਹ ਆਪਣੇ ਪੁੱਤ ਨੂੰ ਆਪਣੀ ਕੰਪਨੀ ਦੀਆਂ ਗੱਲਾਂ ਸੁਣਾਉਣ ਲੱਗਾ। ਲਿੰਗਜੁਨ ਦੇ ਮਤ੍ਰਏ ਭਰਾਵਾਂ ਦੇ ਜਿਲਪੁਣੇ ਬਾਰੇ ਦੱਸਣ ਲੱਗਾ ਅਤੇ ਉਸਨੇ ਆਪਣੀ ਧਰਤੀ ਨਾਲ ਲਗਾਅ ਬਾਰੇ ਵੀ ਦੱਸਿਆ।

"ਆਖਿਰ ਹੁਣ ਤੂੰ ਮੇਰੇ ਕੋਲ ਹੈ, ਮੈਨੂੰ ਕੁਝ ਧਰਵਾਸ ਮਿਲਿਆ ਹੈ।" ਉਸਨੇ ਮੁਸਕਰਾ ਕੇ ਕਿਹਾ। "ਤੀਹ ਸਾਲ ਪਹਿਲਾਂ ਜੋ ਕੁਝ ਵਾਪਰਿਆ ਉਸਨੇ ਮੈਨੂੰ ਬਾਰ ਬਾਰ ਤੰਗ ਕੀਤਾ। ਮੈਨੂੰ ਪਤਾ ਹੈ ਬੰਦੇ ਦੇ ਪਰਿਵਾਰ ਉਪਰ ਇਥੇ ਵਧੇਰੇ ਧਿਆਨ ਰੱਖਿਆ ਜਾਂਦਾ ਹੈ। ਇਸ ਕਰਕੇ ਤੇਰੀ ਜ਼ਿੰਦਗੀ ਆਸਾਨ ਨਹੀਂ ਲੰਘੀ ਹੋਵੇਗੀ। ਮੈਂ ਤਾਂ ਇਥੋਂ ਤੱਕ ਸੋਚ ਗਿਆ ਸਾਂ ਕਿ ਪਤਾ ਨਹੀਂ ਤੂੰ ਜ਼ਿੰਦਾ ਵੀ ਹੋਵੇ ਕਿ ਨਾਂ। ਪਰ ਇਸ ਸਾਰੇ ਸਮੇਂ ਦੌਰਾਨ ਮੈਂ ਤੇਰੇ ਲਈ ਚਿੰਤਤ ਰਿਹਾ ਹਾਂ। ਕਦੇ ਕਦਾਈਂ ਮੈਨੂੰ ਤੇਰੀ ਉਹ ਤਸਵੀਰ ਯਾਦ ਆਉਂਦੀ, ਜਦੋਂ ਤੇਰੇ ਬਾਬੇ ਨੇ ਨਾਨਜਿੰਗ ਵਿਚ ਬਹੁਤ ਵੱਡੀ ਪਾਰਟੀ ਕੀਤੀ ਸੀ ਤੇ ਤੂੰ ਆਪਣੀ ਨਰਸ ਦੀਆਂ ਬਾਹਾਂ ਵਿਚ ਪਿਆ ਹੋਇਆ ਸੀ। ਮੈਨੂੰ ਇਹ ਇਵੇਂ ਯਾਦ ਸੀ ਜਿਵੇਂ ਇਹ ਕਲ੍ਹ ਦੀ ਹੀ ਗੱਲ ਹੋਵੇ। ਉਸ ਦਿਨ ਸ਼ੰਘਾਈ ਤੋਂ ਬਹੁਤ ਲੋਕ ਆਏ ਹੋਏ ਸਨ। ਤੈਨੂੰ ਪਤਾ ਹੈ ਕਿ ਤੂੰ



ਪਰਿਵਾਰ ਵਿਚ ਪਹਿਲਾ ਪੋਤਾ ਸੈਂ....

ਤੇ ਹੁਣ ਹਰੀ ਸ਼ੇਡ ਵਾਲੇ ਲੈਂਪ ਦੀ ਕੋਮਲ ਰੋਸ਼ਨੀ ਵਿਚ ਉਸਨੂੰ ਆਪਣੇ ਤਰਗੜੇ ਜੁੱਸੇ ਵੱਲ ਵੇਖਕੇ ਅਜੀਬ ਤਰ੍ਹਾਂ ਦਾ ਅਹਿਸਾਸ ਹੋਇਆ। ਪਿਉ ਕੋਲੋਂ ਆਪਣੇ ਬਚਪਨ ਦੀ ਪਹਿਲੀ ਵਾਰ ਕਹਾਣੀ ਸੁਣ ਕੇ ਉਸਨੂੰ ਹੁਣ ਦੀ ਜ਼ਿੰਦਗੀ ਅਤੇ ਭੂਤਕਾਲ ਦੀ ਜ਼ਿੰਦਗੀ ਵਿਚ ਜ਼ਿਮੀਂ ਅਸਮਾਨ ਦਾ ਅੰਤਰ ਨਜ਼ਰ ਆਇਆ। ਅਚਨਾਕ ਉਸਨੂੰ ਆਪਣੇ ਅਤੇ ਆਪਣੇ ਪਿਉ ਦੀ ਅਜਨਬੀਅਤ ਦਾ ਅਸਲ ਕਾਰਣ ਸਮਝ ਆ ਗਿਆ। ਇਹ ਮੁੰਡਾ ਜਿਹੜਾ ਅਮੀਰ ਪਰਿਵਾਰ ਦਾ ਪਹਿਲਾ ਪੋਤਾ ਸੀ ਤੇ ਜਿਸਨੂੰ ਸ਼ੰਘਾਈ ਦੇ ਅਮੀਰ ਲੋਕਾਂ ਤੇ ਉਨ੍ਹਾਂ ਦੀਆਂ ਪਤਨੀਆਂ ਨੇ ਪੂਰਾ ਅਧਿਕਾਰ ਦਿੱਤਾ ਸੀ ਹੁਣ ਪੂਰਾ ਤੇ ਅਸਲ ਮਜ਼ਦੂਰ ਬਣ ਚੁੱਕਾ ਸੀ। ਇਸ ਰੂਪਾਂਤਰਣ ਦੀ ਪ੍ਰਕਿਰਿਆ ਵਿਚ ਬੇਤਹਾਸ਼ਾ ਕੁੜੱਤਣ ਅਤੇ ਸਖਤ ਕੰਮ ਦੀ ਬੇਅੰਤ ਖੁਸ਼ੀ ਸ਼ਾਮਿਲ ਹੋ ਚੁੱਕੀ ਸੀ।

ਘਰ ਘਾਟ ਤੋਂ ਵਾਂਝਾ ਹੋਣ ਕਰਕੇ ਇਹ ਪ੍ਰਬੰਧ ਕੀਤਾ ਗਿਆ ਸੀ ਕਿ ਮਿਹਨਤੀ ਮਜ਼ਦੂਰਾਂ ਰਾਹੀਂ ਸਿਖਿਆ ਉਪਰੰਤ ਲਿੰਗਜੁਨ ਫਾਰਮ ਤੇ ਆਜੜੀ ਬਣ ਕੇ ਰਹੇ।

ਸੁਬਹ-ਸਵੇਰੇ ਜਦੋਂ ਅਜੇ ਪਪਲਾਰ ਦੇ ਝੁੰਡ ਪਿੱਛਿਉਂ ਸੂਰਜ ਚੜ੍ਹਨ ਵਾਲਾ ਹੀ ਹੁੰਦਾ ਅਤੇ ਘਾਹ ਉਪਰ ਚਾਂਦੀ ਰੰਗੀਆਂ ਤ੍ਰੇਲ ਦੀਆਂ ਬੂੰਦਾਂ ਚਮਕ ਹੀ ਰਹੀਆਂ ਹੁੰਦੀਆਂ ਤਾਂ ਉਹ ਤਬੇਲੇ ਨੂੰ ਖੋਲ੍ਹ ਦਿੰਦਾ। ਤੇਜ਼ੀ ਨਾਲ ਘੋੜੇ ਤੇ ਪਸ਼ੂ ਇਕ ਦੂਜੇ ਨਾਲ ਘਸਰਦੇ ਘਾਹ ਦੇ ਮੈਦਾਨ ਵੱਲ ਭੱਜਦੇ। ਅਲਾਰਮ ਦੇ ਵੱਜਣ ਤੇ ਅਬਾਬੀਲਾਂ ਤੇ ਤਿੱਤਰ ਸੰਘਣੇ ਘਾਹ ਵਿਚੋਂ ਬਾਹਰ ਨਿਕਲ ਆਉਂਦੇ। ਖੰਭ ਫੈਲਾਉਂਦੇ ਉਹ ਇੱਜੜ ਉਪਰ ਮੰਡਰਾਉਂਦੇ ਅਤੇ ਤੀਰ ਵਾਂਗ ਪਪਲਾਰ ਦੇ ਜੰਗਲ ਵੱਲ ਭੱਜਦੇ। ਘੋੜੇ ਤੇ ਚੜ੍ਹਿਆ ਉਹ ਜਾਣੇ ਪਛਾਣੇ ਰਾਹਾਂ ਤੇ ਦੌੜਦਾ। ਉਹ ਆਪਣੇ ਆਪ ਨੂੰ ਕੁਦਰਤ ਦੀ ਗੋਦ ਵਿਚ ਸਮਾ ਜਾਣ ਦਿੰਦਾ।

ਦਲਦਲੀ ਜ਼ਮੀਨ ਵਿਚ ਉੱਚਾ ਸਰਕੜਾ ਉੱਗਿਆ ਹੋਇਆ ਸੀ। ਘੋੜੇ ਤੇ ਪਸ਼ੂ ਚਰਨ ਲੱਗ ਜਾਂਦੇ। ਕਦੇ ਕਦੇ ਉਨ੍ਹਾਂ ਦੇ ਸਾਹ ਦੀ ਆਵਾਜ਼ ਤੇ ਫੁਰਕੜੇ ਹੀ ਸ਼ਾਂਤੀ ਨੂੰ ਭੰਗ ਕਰਦੇ। ਢਲਾਣ ਤੇ ਲੇਟੇ ਪਏ ਨੌਜਵਾਨ ਆਜੜੀ ਅਸਮਾਨ ਨੂੰ ਘੂਰਦੇ ਰਹਿੰਦੇ। ਉਹ ਚਿੱਟੇ ਬੱਦਲਾਂ ਨੂੰ ਤੱਕਦੇ ਰਹਿੰਦੇ ਜਿਹੜੇ ਜ਼ਿੰਦਗੀ ਵਾਂਗ ਹੀ ਬਦਲਦੇ ਰਹਿੰਦੇ ਸਨ। ਉਚੇਂ ਰੁੱਖ ਦਲਦਲ ਉਪਰੋਂ ਦੀ ਘਾਹ ਨੂੰ ਛੂਹਦੀ ਹਲਕੀ ਹਲਕੀ ਪੌਣ ਉਸਦੇ ਸਾਰੇ ਸਰੀਰ ਨੂੰ ਛੂਹ ਜਾਂਦੀ। ਗਿੱਲੀ ਧਰਤੀ ਅਤੇ ਘੋੜਿਆਂ ਦੇ ਪਸੀਨੇ ਨਾਲ ਮਿਲ ਕੇ ਇਹ ਪੌਣ ਉਸਨੂੰ ਲੋਰੀ ਦਾ ਹੁਲਾਰਾ ਦਿੰਦੀ। ਇਸ ਸੰਤੁਸ਼ਟੀ ਦੀ ਅਵਸਥਾ ਵਿਚ ਉਹ ਆਪਣੇ ਪਸੀਨੇ ਦੀ ਮਹਿਕ ਵੀ ਮਹਿਸੂਸ ਕਰ ਸਕਦਾ ਸੀ ਤੇ ਇਹ ਵੀ ਮਹਿਸੂਸਦਾ ਸੀ ਕਿ ਉਸ ਦੀ ਜ਼ਿੰਦਗੀ ਕੁਦਰਤ ਨਾਲ ਕਿੰਨੀ ਗੂੜ੍ਹੀ ਤਰ੍ਹਾਂ ਜੁੜ ਗਈ ਸੀ। ਇਹ ਅਜਿਹੀ ਅਵਸਥਾ ਸੀ ਜਿਸ ਵਿਚ ਉਸਨੂੰ ਬੜੇ ਸੁਪਨਮਈ ਸੁਖਾਵੇਂ ਵਿਚਾਰ ਅਹੁੜਦੇ। ਇਉਂ ਲੱਗਦਾ ਜਿਵੇਂ ਉਹ ਇਸ ਜੰਗਲੀ ਪੌਣ ਨਾਲ ਪੂਰੀ ਤਰ੍ਹਾਂ ਪਿਘਲ ਗਿਆ ਹੋਵੇ। ਉਹ ਤਾਂ ਹਰ ਥਾਂ ਵਿਦਮਾਨ ਹੋਵੇ ਪਰ ਆਪਣੀ ਹਸਤੀ ਗੁਆ ਚੁੱਕਾ ਹੋਵੇ। ਨਤੀਜੇ ਵਜੋਂ ਉਸਦੀ ਨਿਰਾਸਤਾ ਗਾਇਬ ਹੋ ਜਾਂਦੀ। ਉਸਦੀ ਉਦਾਸੀ ਅਤੇ ਕੁੜੱਤਣ ਕਿਤੇ ਦਿਖਾਈ ਨਾਂ ਦਿੰਦੀ। ਸਗੋਂ ਇਨ੍ਹਾਂ ਦੀ ਥਾਂ ਤੇ ਜ਼ਿੰਦਗੀ ਪ੍ਰਤਿ ਮੋਹ ਅਤੇ ਕੁਦਰਤ ਨਾਲ ਪਿਆਰ ਜਾਗ ਪੈਂਦਾ।

ਦੁਪਹਿਰ ਵੇਲੇ ਕੁੱਖਾਂ ਕੱਢੀ/ਕੁਝ ਆਪਣੀਆਂ ਝਾਲਰਾਂ ਹਿਲਾਉਂਦੇ ਤੇ ਕੁਝ ਪੂਛਾਂ ਨਾਲ ਕੁੰਡੇ ਮੱਖੀਆਂ ਨੂੰ ਉਡਾਉਂਦੇ ਘੋੜੇ, ਇਕ ਪਿੱਛੋਂ ਇਕ ਸੰਘਣੇ ਸਰਕੜੇ ਵਿਚੋਂ ਬਾਹਰ ਆਉਂਦੇ। ਉਸਦੇ ਦੁਆਲੇ ਝੁੰਡ ਬਣਾ ਕੇ ਉਹ ਹਮਦਰਦੀ ਭਰੀਆਂ ਮੋਟੀਆਂ ਅੱਖਾਂ ਨਾਲ ਉਸ ਵੱਲ ਤੱਕਦੇ। ਕਦੇ ਸੌ ਨੰਬਰ ਛੱਬਖੜੱਬਾ ਘੋੜਾ ਚੋਰੀ ਚੋਰੀ ਆਪਣੇ ਸਾਥੀਆਂ ਦਾ ਚੱਕਰ ਕੱਢਦਾ, ਲੰਗੜੇ ਘੋੜੇ (ਸੌ ਨੰਬਰ) ਨਾਲ ਜਾ ਪੰਗਾ ਲੈਂਦਾ। ਪਰ ਲੰਗੜਾ ਜਰਕਦਾ ਨਹੀਂ ਸਗੋਂ ਲੰਗੜੀ ਲੱਤ ਨਾਲ ਛੱਬਖੜੱਬੇ ਦੇ ਜ਼ੋਰ ਦੀ ਦੁਲੱਤੀ ਮਾਰਦਾ। ਛੱਬ ਖੜੱਬਾ ਇਕਦਮ ਪਾਸੇ ਹੱਟਦਾ ਘੁਮੰਡ ਨਾਲ ਸਿਰ ਚੁੱਕ ਕੇ ਇੱਜੜ ਦੇ ਚਾਰੇ

ਪਾਸੇ ਚੱਕਰ ਲਾਉਂਦਾ। ਚਾਂਦੀ ਰੰਗੀਆਂ ਪਾਣੀ ਦੀਆਂ ਬੂੰਦਾਂ ਚੁਫੇਰੇ ਫੈਲ ਜਾਂਦੀਆਂ। ਜਦੋਂ ਕਦੇ
ਅਜਿਹਾ ਕੁਝ ਵਾਪਰਦਾ ਜ਼ੂ ਲਿੰਗਜੁਨ ਆਪਣਾ ਛਾਂਟਾ ਸੰਭਾਲਦਾ ਅਤੇ ਉਨ੍ਹਾਂ ਨੂੰ ਬੁਰੀ ਤਰ੍ਹਾਂ
ਝਾਂਟਦਾ। ਸਾਰਾ ਇੱਜੜ ਕੰਨ ਚੁੱਕੀ ਪੰਗਾ ਲੈਣ ਵਾਲੇ ਨੂੰ ਘੂਰਨ ਲੱਗਦਾ। ਅਖੀਰ ਸ਼ਰਾਰਤੀ ਸਕੂਲੀ
ਮੁੰਡੇ ਵਾਂਗ ਸੱਤ ਨੰਬਰ ਪਛਤਾਵਾ ਕਰਦਾ ਹੋਇਆ ਗੋਡੇ ਗੋਡੇ ਪਾਣੀ ਵਿਚ ਜਾ ਖੜਾ ਹੁੰਦਾ। ਚੁੱਪ
ਚਾਪ ਨਥਨੇ ਤੇ ਮੂੰਹ ਪਾਣੀ ਨਾਲ ਭਿਉਂ ਰਿਹਾ ਹੁੰਦਾ। ਇਹ ਦੇਖ ਕੇ ਨੌਜੁਆਨ ਆਜੜੀ ਨੂੰ ਮਹਿਸੂਸ
ਹੁੰਦਾ ਕਿ ਭਾਵੇਂ ਉਹ ਪਸ਼ੂਆਂ ਵਿਚ ਰਹਿ ਰਿਹਾ ਸੀ ਫਿਰ ਵੀ ਉਹ ਪਰੀ-ਕਥਾ ਦਾ ਰਾਜ ਕੁਮਾਰ ਬਣ
ਗਿਆ ਸੀ। ਜਿਸਦੇ ਆਲੇ ਦੁਆਲੇ ਪ੍ਰੇਤ ਮੰਡਰਾ ਰਹੇ ਹੋਣ।

ਸਾਫ਼ਵੀ ਧੁੱਪ ਵਿਚ ਬੱਦਲ ਦੀ ਛਾਂ ਦੂਰ ਦੀ ਪਹਾੜੀ ਦੇ ਪੈਰਾਂ ਵਿਚ ਹੌਲੇ-ਹੌਲੀ ਤੁਰ ਜਾਂਦੀ।
ਪੰਛੀ (ਵਾਟਰ ਫਾਊਲ) ਦਲਦਲ ਦੀ ਗਰਮੀ ਵਿਚ ਬੌਂਦਲਿਆਂ ਸਰਕੜੇ ਵਿਚੋਂ ਚੀਕ ਉੱਠਦਾ। ਥਾਂ
ਵਿਸ਼ਾਲ ਹੀ ਨਹੀਂ ਸੀ ਸੁਹਣੀ ਵੀ ਬਹੁਤ ਸੀ। 'ਮਾਂ-ਭੂਮੀ' ਦਾ ਅਰੂਪ ਵਿਚਾਰ ਵੀ ਇਥੇ ਅਸਲੀ ਠੋਸ
ਰੂਪ ਧਾਰਣ ਕਰ ਲੈਂਦਾ। ਉਸਨੂੰ ਤਸੱਲੀ ਹੁੰਦੀ ਅਤੇ ਸ਼ਾਂਤੀ ਮਿਲਦੀ। ਜ਼ਿੰਦਗੀ ਫਿਰ ਵੀ ਬੜੀ ਸੁਹਣੀ
ਹੈ। ਕੁਦਰਤ ਅਤੇ ਮਿਹਨਤ ਨੇ ਉਸਨੂੰ ਅਜਿਹਾ ਕੁਝ ਦਿੱਤਾ ਸੀ ਜੋ ਉਸਨੂੰ ਜਮਾਤ ਦੀਆਂ ਕੰਧਾਂ
ਅੰਦਰ ਨਹੀਂ ਸੀ ਮਿਲ ਸਕਦਾ।

ਘਾਹ ਦੇ ਮੈਦਾਨ ਤੇ ਕਈ ਬਾਰ ਬਰਸਾਤ ਹੁੰਦੀ। ਪਹਿਲਾਂ ਤਾਂ ਇਹ ਬਰਸਾਤ ਦੂਰ ਪਹਾੜੀ
ਤਰਾਈ ਉਪਰ ਕਾਲੇ ਧਾਗਿਆਂ ਦੇ ਪਰਦੇ ਵਰਗੀ ਵਿਖਾਈ ਦਿੰਦੀ, ਪਰ ਹਵਾ ਦੇ ਬੁੱਲਿਆਂ ਨਾਲ
ਇਹ ਨੇੜੇ ਤੋਂ ਨੇੜੇ ਆਉਂਦੀ ਜਾਂਦੀ। ਅੱਖ ਦੇ ਫੋਰ ਵਿਚ ਮੀਂਹ ਉਤਰ ਆਉਂਦਾ ਤੇ ਸਾਰੇ ਦਾ ਸਾਰਾ
ਘਾਹ ਦਾ ਮੈਦਾਨ ਚਿੱਟੀ ਧੁੰਦ ਵਿਚ ਲਪੇਟਿਆ ਜਾਂਦਾ। ਜਿਉਂ ਹੀ ਮੀਂਹ ਨੇੜੇ ਆਉਂਦਾ ਜ਼ੂ ਲਿੰਗਜੁਨ
ਨੂੰ ਆਪਣਾ ਇੱਜੜ ਬਚਾਅ ਲਈ ਜੰਗਲ ਵੱਲ ਜਾਣਾ ਪੈਂਦਾ। ਘੋੜੇ ਤੇ ਚੜ੍ਹਿਆ ਲੰਬਾ ਛਾਂਟਾ ਹੱਥ
ਵਿਚ ਫੜੀ ਉਹ ਬਿਖਰੇ ਇੱਜੜ ਦੁਆਲੇ ਉੱਚੀ ਉੱਚੀ ਅਵਾਜ਼ਾਂ ਲਾਉਂਦਾ। ਇਨ੍ਹਾਂ ਪਲਾਂ ਵਿਚ ਉਸਨੂੰ
ਤਾਕਤ ਦਾ ਅਹਿਸਾਸ ਹੁੰਦਾ। ਜਿਹੜੀ ਨਿਗੁਣੀ ਤੇ ਬੇਮਤਲਬ ਨਹੀਂ ਸੀ। ਤੇ ਇਸ ਤਰ੍ਹਾਂ ਹਵਾ ਮੀਂਹ,
ਮੱਛਰ ਅਤੇ ਮੱਖੀਆਂ ਨਾਲ ਲੜਦਿਆਂ ਉਸਨੇ ਹੌਲੀ ਹੌਲੀ ਜ਼ਿੰਦਗੀ ਵਿਚ ਮੁੜ ਵਿਸ਼ਵਾਸ ਪੈਦਾ ਕਰ
ਲਿਆ।

ਜਦੋਂ ਕਦੇ ਮੀਂਹ ਵਰ੍ਹਦਾ ਤਾਂ ਹੀ ਆਜੜੀ ਇਕ ਛੱਤਰੀ ਹੇਠ ਇਕੱਠੇ ਹੁੰਦੇ। ਇਹ ਛੱਤਰੀ ਉਨ੍ਹਾਂ
ਦਾ ਸਹਾਰਾ ਸੀ। ਇਹ ਛੱਤਰੀ ਧੁੰਦ ਦੇ ਵਿਸ਼ਾਲ ਸਮੁੰਦਰ ਵਿਚ ਬੇੜੀ ਵਾਂਗ ਲਟਕ ਰਹੀ ਵਿਖਾਈ
ਦਿੰਦੀ। ਛੱਤਰੀ ਹੇਠ ਠੰਡ ਹੁੰਦੀ ਤੇ ਸਿੱਲ੍ਹ। ਘਟੀਆ ਤੰਬਾਕੂ ਦੀ ਤਿੱਖੀ ਗੰਧ ਚਾਰ ਚੁਫੇਰੇ ਫੈਲੀ ਹੁੰਦੀ।
ਆਪਣੇ ਮਿੱਤਰਾਂ ਦੀ ਖੁਸ਼ੀ ਭਰੀ ਗੱਲਬਾਤ ਨੂੰ ਤੇ ਲੁੱਚੇ ਲਤੀਫਿਆਂ ਨੂੰ ਬੜੇ ਧਿਆਨ ਨਾਲ ਸੁਣਦਾ।
ਉਸਨੂੰ ਇਸ ਤੱਥ ਦਾ ਗਿਆਨ ਹੁੰਦਾ ਕਿ ਉਹਨਾਂ ਦੀ ਆਪਣੀ ਮਿਹਨਤ ਨਾਲ ਕਮਾਈਆਂ ਜ਼ਿੰਦਗੀਆਂ
ਦੇ ਬਾਵਜੂਦ ਆਪਣੀਆਂ ਭਾਵਨਾਵਾਂ ਨੂੰ ਗੁੰਝਲਦਾਰ ਨਹੀਂ ਸੀ ਬਣਨ ਦਿੱਤਾ। ਉਹ ਆਪਣੀ ਇਸ
ਸਮਝ ਉਪਰ ਖੁਸ਼ ਹੁੰਦਾ। ਈਮਾਨਦਾਰ ਅਤੇ ਸਾਧਾਰਣ ਉਹ ਆਜੜੀ ਖੁਸ਼ ਸਨ ਭਾਵੇਂ ਕਿ ਉਨ੍ਹਾਂ ਦੀ
ਜ਼ਿੰਦਗੀ ਬਲੀ ਸਖਤ ਸੀ। ਉਸਨੇ ਉਨ੍ਹਾਂ ਦੀ ਪ੍ਰਸੰਸਾ ਕਰਨੀ ਸ਼ੁਰੂ ਕਰ ਦਿੱਤੀ।

"ਉਹ ਕਹਿੰਦੇ ਕਿ ਤੂੰ 'ਸੱਜ ਪਿਛਾਖੜੀ ਹੈ। ਇਸ ਦਾ ਅਸਲ ਅਰਥ ਕੀ ਹੈ ?' ਇਕ ਦਿਨ ਸੱਠ
ਸਾਲ ਦੇ ਨੇੜੇ ਤੇੜੇ ਦੇ ਇਕ ਆਜੜੀ ਨੇ ਉਸਨੂੰ ਪੁੱਛਿਆ।

"ਇਸ ਦਾ ਅਰਥ ਹੈ..।" ਉਹ ਹਿਚਕਚਾਇਆ ਅਤੇ ਸ਼ਰਮ ਨਾਲ ਉਸਦੀ ਧੌਣ ਝੁਕ ਗਈ।
"ਸੱਜ ਪਿਛਾਖੜੀ ਉਹ ਹੁੰਦਾ ਹੈ ਜਿਸਨੇ ਭੂਤਕਾਲ ਵਿਚ ਗਲਤੀ ਕੀਤੀ ਹੋਵੇ।"

"ਨਹੀਂ ਬਿਲਕੁਲ ਨਹੀਂ," ਸੱਤਵੀਂ ਟੀਮ ਦੇ ਇਕ ਆਜੜੀ ਨੇ ਦਖਲ ਦਿੰਦਿਆਂ ਕਿਹਾ, "ਸੱਜ
ਪਿਛਾਖੜੀ ਉਹ ਹਨ ਜਿਨ੍ਹਾਂ ਨੂੰ 1957 ਵਿਚ ਸੱਚ ਬੋਲਿਆ ਹੋਵੇ। ਉਨ੍ਹਾਂ ਦਿਨਾਂ ਵਿਚ ਬੁੱਧੀਜੀਵੀਆਂ
ਉਪਰ ਹਮਲਾ ਬੋਲਿਆ ਜਾ ਰਿਹਾ ਸੀ।" ਸਪਸ਼ਟ ਤੇ ਮੂੰਹ ਤੇ ਗੱਲ ਕਹਿਣ ਦੀ ਪ੍ਰਵਿਰਤੀ [illegible] ਹਣ



ਉਸਨੂੰ ਮਖੌਲ ਕਰਨ ਦੀ ਆਦਤ ਸੀ ਤੇ ਲੋਕਾਂ ਨੇ ਉਸਦਾ ਨਾਮ "ਦੂਹਰੀ ਜ਼ੁਬਾਨ ਵਾਲਾ" ਰੱਖਿਆ
ਹੋਇਆ ਸੀ।

"ਸੱਚ ਬੋਲਣਾ ਗਲਤੀ ਕਿਉਂ ਮੰਨੀ ਜਾਂਦੀ ਸੀ ? ਜੇਕਰ ਅਸੀਂ ਸਾਰੇ ਸੱਚ ਨਹੀਂ ਬੋਲਦੇ ਤਾਂ
ਕਸੂਤੇ ਫਸ ਜਾਵਾਂਗੇ।" ਬੁੱਢੇ ਆਜੜੀ ਨੇ ਪਾਈਪ ਪੀਂਦਿਆਂ ਗੱਲ ਜਾਰੀ ਰੱਖੀ। "ਮੇਰੀ ਰਾਇ ਵਿਚ
ਕੇਡਰ ਹੋਣ ਨਾਲੋਂ ਆਜੜੀ ਹੋਣਾ ਬਿਹਤਰ ਹੈ। ਦੇਖੋ ਮੈਂ ਕੁਝ ਸਾਲਾਂ ਨੂੰ ਸੱਤਰਾਂ ਦਾ ਹੋ ਜਾਵਾਂਗਾ। ਫਿਰ
ਵੀ ਨਾਂ ਤਾਂ ਮੈਨੂੰ ਉੱਚਾ ਸੁਣਦਾ ਹੈ ਤੇ ਨਾਂ ਹੀ ਮੇਰੇ ਐਨਕ ਲੱਗੀ ਹੋਈ ਹੈ। ਨਾਂ ਮੈਨੂੰ ਕੁੱਬ ਪਿਆ ਹੈ ਤੇ
ਨਾਂ ਮੇਰੇ ਸਾਰੇ ਦੰਦ ਨਿਕਲੇ ਹਨ। ਤੇ ਮੈਂ ਅਜੇ ਵੀ ਭੁੰਜੇ ਸੋਇਆ ਬੀਨ ਚੱਬ ਸਕਦਾ ਹਾਂ।"

"ਇਸੇ ਲਈ ਤੂੰ ਅਗਲੀ ਜ਼ਿੰਦਗੀ ਵਿਚ ਵੀ ਕਾਮਾ ਹੀ ਬਣੇਂਗਾ।" ਦੋਹਰੀ ਜ਼ੁਬਾਨ ਵਾਲੇ ਨੇ
ਹੱਸਦਿਆਂ ਹੋਇਆਂ ਉਸਦੀ ਗੱਲ ਦਾ ਅਰਥ ਕੱਢਿਆ।

"ਠੀਕ ਹੈ, ਇਹ ਫਿਰ ਵੀ ਬੁਰਾ ਨਹੀਂ।" ਬੁੱਢੇ ਆਜੜੀ ਨੇ ਬੜੀ ਇਮਾਨਦਾਰੀ ਨਾਲ ਜਵਾਬ
ਦਿੱਤਾ। "ਕੁਝ ਵੀ ਹੋਵੇ ਸਾਡੀ ਰਾਤ ਦਿਨ ਦੀ ਮਿਹਨਤ ਬਗੈਰ ਕਾਡਰ ਆਪਣੀਆਂ ਪਦਵੀਆਂ
ਕਾਇਮ ਨਹੀਂ ਰੱਖ ਸਕਦਾ ਅਤੇ ਬੁੱਧੀਜੀਵੀ ਆਪਣੀ ਪੜ੍ਹਾਈ ਲਿਖਾਈ ਜਾਰੀ ਨਹੀਂ ਰੱਖ ਸਕਦੇ ...।"

ਇਸ ਤਰ੍ਹਾਂ ਦੇ ਸਾਧਾਰਣ, ਸਪੱਸਟ ਤੇ ਕਦੇ ਕਦਾਈਂ ਆਪ ਮੁਹਾਰੇ ਵਾਰਤਾਲਾਪ ਕਈ ਵਾਰ
ਉਸਦੇ ਅੰਦਰ ਖ਼ਲਬਲੀ ਮਚਾ ਦਿੰਦੇ। ਮੀਂਹ ਦੀ ਫੁਹਾਰ ਤੋਂ ਬਾਅਦ ਸੱਤਰੰਗੀ ਪੀਂਘ ਦੇਖ ਕੇ ਉਹ ਇਕ
ਦਮ ਤਾਜ਼ਾ ਹੋ ਜਾਂਦਾ। ਸਾਦੀ ਅਤੇ ਈਮਾਨਦਾਰ ਜ਼ਿੰਦਗੀ ਤੱਕ ਪਰਤਣ ਲਈ ਉਸਨੂੰ ਸਮਾਂ ਲੱਗਾ
ਸੀ। ਜਿਵੇਂ ਆਜੜੀ ਵਰਤਮਾਨ ਵਿਚ ਆਨੰਦ ਲੈਂਦੇ ਸਨ ਅਜਿਹਾ ਕਰਨ ਲਈ ਵੀ ਉਸਨੂੰ ਕਾਫੀ
ਮਿਹਨਤ ਕਰਨੀ ਪਈ।

ਲਗਾਤਾਰ ਸਰੀਰਕ ਮਿਹਨਤ ਕਰਦਿਆਂ ਉਹ ਇਕ ਬੰਨ੍ਹੀ ਬੰਨਾਈ ਜ਼ਿੰਦਗੀ ਦਾ ਆਦੀ ਹੋ
ਗਿਆ ਤੇ ਇਸ ਜ਼ਿੰਦਗੀ ਨੇ ਉਸਦੇ ਬਿੰਬ ਨੂੰ ਬੁਰੀ ਤਰ੍ਹਾਂ ਬਦਲ ਦਿੱਤਾ ਸੀ। ਜਿਵੇਂ ਸਾਹਾਂ ਬੀਤਦਾ
ਗਿਆ ਪਿਛਲੀਆਂ ਬੀਤੀਆਂ ਗੱਲਾਂ ਸੁਪਨਾ ਬਣ ਗਈਆਂ ਜਾਂ ਉਹ ਉਸਨੂੰ ਕਹਾਣੀਆਂ ਵਰਗੀਆਂ
ਲੱਗਦੀਆਂ ਜਿਹੜੀਆਂ ਉਸਨੇ ਹੋਰਾਂ ਬਾਰੇ ਕਿਤਾਬਾਂ ਵਿਚ ਸੁਣੀਆਂ ਪੜ੍ਹੀਆਂ ਹੋਣ। ਨਵੀਂ ਜ਼ਿੰਦਗੀ
ਕਾਰਣ ਉਸਦੀ ਯਾਦਾਸ਼ਤ ਦੋ ਵੱਖਰੇ ਹਿੱਸਿਆਂ ਵਿਚ ਵੰਡੀ ਗਈ। ਹੁਣ ਦੀਆਂ ਯਾਦਾਂ ਭੂਤਕਾਲ ਤੋਂ
ਬਿਲਕੁਲ ਵੱਖਰੀਆਂ ਸਨ। ਨਤੀਜੇ ਵਜੋਂ ਉਸ ਦਾ ਪਹਿਲਾ ਸ਼ਹਿਰੀ ਜੀਵਨ ਹੋਰ ਤੋਂ ਹੋਰ ਕਾਲਪਨਿਕ
ਬਣਦਾ ਗਿਆ ਅਤੇ ਉਸ ਲਈ ਵਰਤਮਾਨ ਦੀਆਂ ਘਟਨਾਵਾਂ ਹੀ ਅਸਲੀ ਸਨ। ਅਖੀਰ ਇਸਦੇ
ਯੋਗ ਹੀ ਨਹੀਂ ਹੋਇਆ ਸਗੋਂ ਇਸ ਰਾਹ ਤੇ ਚੱਲਣ ਦੇ ਸਮਰੱਥ ਵੀ ਬਣ ਗਿਆ। ਉਹ ਆਪਣੇ ਨਾਮ
ਕਾਰਣ ਵੀ ਤੇ ਯਥਾਰਥ ਵਿਚ ਵੀ ਆਜੜੀ ਬਣ ਗਿਆ। "ਸਭਿਆਚਾਰਕ ਇਨਕਲਾਬ ਦੇ ਮੁਢਲੇ
ਸਾਲਾਂ ਵਿਚ ਲੋਕ ਉਸ ਦੇ ਭੂਤਕਾਲ ਬਾਰੇ ਭੁੱਲ ਗਏ ਸਨ। ਅਚਾਨਕ ਕਿਸੇ ਨੂੰ ਯਾਦ ਆਇਆ ਕਿ
ਉਹ ਤਾਂ ਪਿਛਾਖੜੀ ਵਰਗ ਵਿਚੋਂ ਹੈ। ਤੇ ਉਸਨੂੰ ਗਲੀਆਂ ਵਿਚ ਘੁਮਾਉਣਾ ਜ਼ਰੂਰੀ ਸਮਝਿਆ
ਗਿਆ। ਇਕ ਬੜੇ ਖਾਸ ਮੌਕੇ ਤੇ ਆ ਕੇ ਛੱਤਰੀ ਹੇਠਾਂ ਇਕ ਦੂਜੇ ਨਾਲ ਸਲਾਹ ਕਰਕੇ ਵੱਖ-ਵੱਖ
ਟੀਮਾਂ ਦੇ ਆਜੜੀਆਂ ਨੇ ਫੈਸਲਾ ਕਰ ਦਿੱਤਾ ਕਿ ਇਸ ਘਾਹ ਦੇ ਮੈਦਾਨ ਵਿਚ ਚਰਨ ਲਈ ਹੁਣ
ਠੀਕ ਜਗਾਹ ਨਹੀਂ ਹੈ। ਇਸ ਲਈ ਉਨ੍ਹਾਂ ਨੇ ਫਾਰਮ ਦੇ ਦਫਤਰ ਵਿਚ ਜ਼ੁਬਾਨੀ ਸੂਚਨਾ ਦੇ ਕੇ ਹੋਰ
ਪਹਾੜੀ ਢਲਾਨਾਂ ਵੱਲ ਜਾਣ ਦਾ ਮਤਾ ਪਕਾ ਲਿਆ। ਜ਼ੂ ਲਿੰਗਜੁਨ ਨੂੰ ਵੀ ਉਨ੍ਹਾਂ ਨਾਲ ਜਾਣਾ ਹੀ
ਪੈਣਾ ਸੀ। ਪਹਾੜੀ ਉਪਰ ਜਾਣ ਤੋਂ ਬਾਅਦ ਕੋਈ ਵੀ ਦੋ-ਤਿੰਨ ਮਹੀਨਿਆਂ ਤੋਂ ਪਹਿਲਾਂ ਘਰ ਨਹੀਂ
ਸੀ ਪਰਤ ਸਕਦਾ। ਇਸ ਲਈ ਕੋਈ ਵੀ "ਇਨਕਲਾਬੀ ਸਮੂਹ" ਇਸ ਲਈ ਤਿਆਰ ਨਹੀਂ ਸੀ। ਪਰ
ਜ਼ੂ ਲਿੰਗਜੁਨ ਨੇ ਆਪਣਾ ਸੰਖੇਪ ਜਿਹਾ ਸਮਾਨ ਘੋੜੇ ਤੇ ਲੱਦਿਆ ਅਤੇ ਉਨ੍ਹਾਂ ਨਾਲ ਤੁਰ ਪਿਆ।
ਇੱਕ ਇੱਕ ਨੂੰ ਉਹ ਪਿਛਾਂਹ ਛੱਡ ਆਇਆ। ਜਿਉਂ ਹੀ ਉਨ੍ਹਾਂ ਨੇ ਸੜਕ ਤੇ ਕਦਮ ਧਰਿਆ ਸਾਰੇ
ਆਜੜੀਆਂ ਨੇ ਕੂਕਾਂ ਮਾਰੀਆਂ। "ਓਮਾ, ਹੁਣ ਅਸੀਂ ਪਹਾੜੀਆਂ ਵਿਚ ਪਹੁੰਚ ਹੀ ਗਏ ਹਾਂ। ਹੁਣ

ਕਿਸੇ ਨੂੰ ਕੀ ਪਰਵਾਹ ਹੈ ਕਿ ਕਿਸਦੀ ਮਾਂ ਕਿਸ ਨਾਲ ਵਿਆਹੀ ਜਾਂਦੀ ਹੈ ?" ਉੱਚੀ ਸੀਟੀਆਂ ਵਜਾਉਂਦੇ ਲੰਬੇ ਛਾਂਟੇ ਘੋੜਿਆਂ ਤੇ ਡੰਗਰਾਂ ਤੇ ਲਹਿਰਾਉਂਦੇ ਉਹ ਪੀਲੀ ਗਰਦ ਦੇ ਬੱਦਲ ਉਡਾਉਂਦੇ ਤੁਰੇ ਜਾ ਰਹੇ ਸਨ। ਦੂਰ ਸਾਹਮਣੇ ਉਸਨੂੰ ਢਲਾਣ ਤੇ ਚਰਾਂਦ ਨਜ਼ਰ ਆ ਰਹੀ ਸੀ। ਇਹ ਚਰਾਂਦ ਧੁੱਪ ਵਿਚ ਵੱਡੇ ਸਾਰੇ ਹਰੇ ਪੱਥਰ ਵਾਂਗ ਚਮਕ ਰਹੀ ਸੀ। ਉਹ ਦਿਨ ਜ਼ੂ ਲਿੰਗਜੁਨ ਦੇ ਮਨ ਤੇ ਪੱਕੇ ਤੌਰ ਤੇ ਉਕਰਿਆ ਗਿਆ ਸੀ ਤੇ ਉਸਨੇ ਕਿਸੇ ਪਿਆਰੀ ਚੀਜ਼ ਵਾਂਗ ਇਸਨੂੰ ਸੰਭਾਲ ਕੇ ਰੱਖ ਲਿਆ ਸੀ।

ਉਸਦੀਆਂ ਯਾਦਾਂ ਕੌੜੀਆਂ ਤੇ ਮਿੱਠੀਆਂ ਦਾ ਸੰਗ੍ਰਹਿ ਸਨ। ਇਹ ਯਾਦਾਂ ਉਸ ਦੀ ਜ਼ਿੰਦਗੀ ਦੇ ਵੱਖ-ਵੱਖ ਪੜਾਵਾਂ ਅਤੇ ਪੱਖਾਂ ਨਾਲ ਜੁੜੀਆਂ ਹੋਈਆਂ ਸਨ। ਉਸਨੇ ਮਹਿਸੂਸ ਕੀਤਾ ਕਿ ਉਸ ਦੀਆਂ ਕੌੜੀਆਂ ਯਾਦਾਂ ਤੋਂ ਬਗੈਰ ਉਸ ਦੀ ਖੁਸ਼ੀ ਵੀ ਪੇਤਲੀ ਤੇ ਨਿਗੂਣੀ ਚੀਜ਼ ਬਣ ਕੇ ਰਹਿ ਜਾਵੇਗੀ।

ਅਚਾਨਕ ਪਿਛਲੀ ਬਸੰਤ ਵਿਚ ਉਸਨੂੰ ਢਲਾਣ ਦੀ ਚਰਾਂਦ ਤੋਂ ਵਾਪਿਸ ਦਫਤਰ ਬੁਲਾਇਆ ਗਿਆ ਸੀ। ਉਤਾਵਲੇ ਤੇ ਡਰੇ ਹੋਏ ਉਸਨੇ ਫਾਰਮ ਦੇ ਰਾਜਨੀਤਕ ਦਫਤਰ ਵਿਚ ਪੈਰ ਧਰਿਆ। ਡਿਪਟੀ ਹੈਡ ਡੌਂਗ ਨੇ ਦਸਤਾਵੇਜ਼ ਪੜ੍ਹ ਕੇ ਸੁਣਾਉਂਦਿਆਂ ਉਸਨੂੰ ਸੂਚਿਤ ਕੀਤਾ ਕਿ 1957 ਵਿਚ ਉਸਨੂੰ 'ਸੱਜ-ਪਿਛਾਖੜੀ' ਗਰਦਾਨਣਾ ਅਸਲੋਂ ਗਲਤ ਸੀ ਤੇ ਹੁਣ ਉਸਨੂੰ ਕਿਉਂਕਿ ਬਰੀ ਕਰ ਦਿੱਤਾ ਗਿਆ ਹੈ ਇਸ ਲਈ ਛੇਤੀ ਹੀ ਫਾਰਮ ਵਲੋਂ ਚਲਾਏ ਜਾ ਰਹੇ ਸਕੂਲ ਵਿਚ ਉਸਨੂੰ ਅਧਿਆਪਕ ਲਾ ਦਿੱਤਾ ਜਾਵੇਗਾ। ਛੋਟੀ ਜਿਹੀ ਮੱਖੀ ਦਫਤਰ ਵਿਚ ਚੱਕਰ ਲਾ ਰਹੀ ਸੀ। ਕਦੇ ਉਹ ਕੰਧ ਤੇ ਬੈਠਦੀ ਤੇ ਕਦੇ ਫਾਈਲਾਂ ਵਾਲੇ ਖਾਨੇ ਤੇ। ਡਿਪਟੀ ਹੈੱਡ ਡਾਂਗ ਨੇ ਮੱਖੀ ਦੀ ਹਰ ਹਰਕਤ ਨੂੰ ਧਿਆਨ ਨਾਲ ਦੇਖਦਿਆਂ ਮੈਗਜ਼ੀਨ ਚੁੱਕਿਆ ਤੇ ਉਸ ਉਪਰ ਦੇ ਮਾਰਿਆ। "ਹੁਣ ਤੂੰ ਜਾ ਸਕਦਾ ਹੈ। ਅਗਲੇ ਕਮਰੇ ਵਿਚ ਸਕੱਤਰ ਪੈਂਗ ਤੋਂ ਆਪਣੀ ਬਦਲੀ ਦੇ ਆਰਡਰ ਲੈ ਲੈ। ਕਲ੍ਹ ਨੂੰ ਸਕੂਲ ਵਿਚ ਰਿਪੋਰਟ ਕਰੀਂ ?" ਅਖੀਰ ਮੱਖੀ ਡੈਸਕ ਉਪਰ ਆ ਬੈਠੀ ਪਰ ਮੈਗਜ਼ੀਨ ਵੱਜਣ ਤੋਂ ਪਹਿਲਾਂ ਉਹ ਬੜੀ ਚੁਸਤੀ ਨਾਲ ਉੱਡ ਗਈ। ਡਿਪਟੀ ਹੈੱਡ ਡਾਂਗ ਨੇ ਨਿਰਾਸ਼ ਹੋ ਕੇ ਕੁਰਸੀ ਨਾਲ ਢਾਸਣਾ ਲਾ ਲਿਆ। ਕੁਝ ਚਿਰ ਬਾਅਦ ਉਸਨੇ ਬੜੀ ਗੰਭੀਰਤਾ ਨਾਲ ਉਸਨੂੰ ਸਲਾਹ ਦਿੱਤੀ, "ਹੁਣ ਤੋਂ ਬਾਅਦ ਤੈਨੂੰ ਸਖਤ ਮਿਹਨਤ ਕਰਨੀ ਹੋਵੇਗੀ। ਤੇ ਹੁਣ ਹੋਰ ਕੋਈ ਗਲਤੀ ਨਾ ਕਰੀਂ।"

ਇਹ ਅਚਾਨਕ ਘਟਨਾ ਜ਼ੂ ਲਿੰਗਜੁਨ ਉਪਰ ਅਸਮਾਨੋਂ ਗਿਰੀ ਬਿਜਲੀ ਸੀ। ਜਿਸ ਨਾਲ ਉਹ ਸੁੰਨ ਹੋ ਗਿਆ। ਜਿਵੇਂ ਉਸਨੂੰ ਕਰੰਟ ਲੱਗਾ ਹੋਵੇ। ਦੇਸ਼ ਦੀ ਰਾਜਨੀਤਕ ਜ਼ਿੰਦਗੀ ਵਿਚ ਤੇ ਉਸਦੀ ਆਪਣੀ ਜ਼ਿੰਦਗੀ ਵਿਚ ਇਸ ਸੁਧਾਈ ਦਾ ਤੇ ਪਰਿਵਰਤਨ ਦਾ ਕੀ ਮਹੱਤਵ ਸੀ ? ਇਸਨੂੰ ਉਹ ਪਕੜਨ 'ਚ ਅਸਮਰੱਥ ਸੀ। ਅਸਲ ਵਿਚ ਉਸਨੇ ਅਜਿਹੇ ਦਿਨ ਬਾਰੇ ਕਦੇ ਸੋਚਣ ਦੀ ਹਿੰਮਤ ਹੀ ਨਹੀਂ ਸੀ ਕੀਤੀ। ਖੈਰ ਫਿਰ ਵੀ ਇਕ ਅੰਦਰੂਨੀ ਖੁਸ਼ੀ ਨੇ ਉਸਨੂੰ ਜਕੜਨਾ ਸ਼ੁਰੂ ਕਰ ਦਿੱਤਾ। ਭਾਵੁਕਤਾ ਸ਼ਰਾਬ ਵਾਂਗ ਉਸਦੇ ਸਰੀਰ ਵਿਚ ਫੈਲ ਗਈ। ਜਿਸਨੇ ਉਸਨੂੰ ਨਸ਼ਈ ਕਰ ਦਿੱਤਾ। ਪਹਿਲਾਂ ਉਸਦਾ ਗਲਾ ਰੁੰਨਿਆ, ਫਿਰ ਉਸਨੂੰ ਕੰਬਣੀ ਛਿੜੀ ਤੇ ਅਖੀਰ ਉਹ ਫੁੱਟ-ਫੁੱਟ ਕੇ ਰੋ ਪਿਆ। ਹੰਝੂ ਬੇਰੋਕ ਉਸਦੀਆਂ ਗੱਲ੍ਹਾਂ ਉਪਰ ਵਹਿ ਰਹੇ ਸਨ। ਇਥੋਂ ਤੱਕ ਕੇ ਹਮੇਸ਼ਾਂ ਸੰਤੁਲਿਤ ਰਹਿਣ ਵਾਲੇ ਡਿਪਟੀ ਹੈੱਡ ਡਾਂਗ ਨੂੰ ਵੀ ਇਸ ਦ੍ਰਿਸ਼ ਨੇ ਹਿਲਾ ਕੇ ਰੱਖ ਦਿੱਤਾ। ਉਸਨੇ ਉਸ ਵੱਲ ਆਪਣਾ ਹੱਥ ਫੈਲਾਇਆ। ਉਸ ਪਲ ਤੱਕ ਜਦੋਂ ਡਿਪਟੀ ਹੈੱਡ ਡਾਂਗ ਨੇ ਉਸਦਾ ਹੱਥ ਫੜਿਆ ਉਸਨੂੰ ਆਪਣੇ ਭਵਿੱਖ ਵਿਚ ਕੋਈ ਰੌਸ਼ਨੀ ਦੀ ਕਿਰਣ ਦਿਖਾਈ ਨਹੀਂ ਸੀ ਦਿੱਤੀ।

ਤੇ ਇਕ ਵਾਰ ਫਿਰ ਨੀਲੀ ਵਰਦੀ ਪਾਈ, ਕੱਛ ਹੇਠ ਨੋਟ ਬੁੱਕ ਦਬਾਈ, ਚਾਕ ਫੜੀ ਉਸਨੇ ਵੀਹ ਸਾਲ ਪਹਿਲਾਂ ਲਏ ਸੁਪਨੇ ਨੂੰ ਸਾਕਾਰ ਕਰਨਾ ਸ਼ੁਰੂ ਕੀਤਾ। ਇਹ ਕੋਈ ਵਧੀਆ ਫਾਰਮ ਨਹੀਂ ਸੀ। ਬੱਚਿਆਂ ਦੇ ਤਨ ਤੇ ਲੀਰਾਂ ਲਮਕਦੀਆਂ ਸਨ। ਅਤੇ ਜਮਾਤ ਦਾ ਕਮਰਾ ਹਮੇਸ਼ਾਂ ਪਸੀਨੇ, ਗਰਦ ਅਤੇ ਘਾਹ ਦੀ ਬਦਬੂ ਨਾਲ ਭਰਿਆ ਰਹਿੰਦਾ। ਵਿਦਿਆਰਥੀ ਬੈਂਚਾਂ ਤੇ ਬੇ-ਹਰਕਤ ਬੈਠੇ ਹੈਰਾਨੀ



ਨਾਲ ਨਵੇਂ ਅਧਿਆਪਕ ਵੱਲ ਅੱਖਾਂ ਪਾੜ-ਪਾੜ ਵੇਖਦੇ ਰਹਿੰਦੇ ਕਿ ਕਿਉਂ ਇਹ ਆਜੜੀ ਨੂੰ ਅਧਿਆਪਕ ਲਾ ਦਿੱਤਾ ਗਿਆ ਸੀ। ਪਰ ਛੇਤੀ ਹੀ ਉਨ੍ਹਾਂ ਨੂੰ ਉਸ ਵਿਚ ਵਿਸ਼ਵਾਸ਼ ਹੋ ਗਿਆ। ਉਹ ਕਿਸੇ ਵਿਸ਼ੇਸ਼ ਯੋਗਦਾਨ ਬਾਰੇ ਸੋਚ ਹੀ ਨਹੀਂ ਸੀ ਸਕਦਾ। ਉਹ ਇਹ ਕਲਪਨਾ ਕਰਨ ਦਾ ਹੌਸਲਾ ਵੀ ਨਹੀਂ ਸੀ ਕਰਦਾ ਕਿ ਉਹ ਸਮਾਜਵਾਦੀ ਕਾਜ਼ ਅਤੇ 'ਚਾਰ ਆਧੁਨਿਕਤਾਵਾਂ' ਲਈ ਕੁਝ ਕਰ ਰਿਹਾ ਸੀ। ਉਸ ਅਨੁਸਾਰ ਅਜਿਹਾ ਕੰਮ ਨਾਇਕ ਹੀ ਸਿਰੇ ਚਾੜ੍ਹ ਸਕਦੇ ਸਨ। ਉਸਨੇ ਸੋਚਿਆ ਕਿ ਚੇਤੰਨ ਤੌਰ ਤੇ ਫਰਜ਼ ਅਦਾਇਗੀ ਤੋਂ ਵੱਧ ਉਹ ਕੁਝ ਵੀ ਨਹੀਂ ਸੀ ਕਰ ਰਿਹਾ। ਇਸਦੇ ਬਾਵਜੂਦ ਸਾਰੇ ਵਿਦਿਆਰਥੀ ਉਸਦੀ ਇੱਜ਼ਤ ਕਰਦੇ ਸਨ। ਉਸ ਸਵੇਰ ਉਹ ਬੀਜਿੰਗ ਲਈ ਚੱਲ ਪਿਆ। ਉਸਨੇ ਦੇਖਿਆ ਕਿ ਵਿਦਿਆਰਥੀ ਦੋ-ਦੋ ਤਿੰਨ-ਤਿੰਨ ਦੀਆਂ ਲਾਇਨਾਂ ਵਿਚ ਰਸਤੇ ਤੇ ਦੋਨੋਂ ਪਾਸੇ ਖੜ੍ਹੇ ਸਨ। ਉਨ੍ਹਾਂ ਦੀਆਂ ਨਜ਼ਰਾਂ ਘੋੜਾ ਗੱਡੀ ਉਪਰ ਗੱਡੀਆਂ ਹੋਈਆਂ ਸਨ। ਸ਼ਾਇਦ ਉਨ੍ਹਾਂ ਨੇ ਵੀ ਇਹ ਸੁਣ ਲਿਆ ਸੀ ਕਿ ਅਮੀਰ ਪਿਉ ਲੱਭ ਪੈਣ ਕਾਰਣ ਉਹ ਉਸ ਨਾਲ ਵਿਦੇਸ਼ ਚਲਾ ਜਾਵੇਗਾ। ਉਸ ਦੇ ਜਾਣ ਤੇ ਆਪਣੀਆਂ ਭਾਵਨਾਵਾਂ ਨੂੰ ਛੁਪਾਉਂਦੇ ਹੋਏ ਉਹ ਘੋੜਾ-ਗੱਡੀ ਨੂੰ ਉਦੋਂ ਤੱਕ ਤਕਦੇ ਰਹੇ ਜਦੋਂ ਤੱਕ ਇਹ ਪਾਪਲਰ ਦੇ ਜੰਗਲ ਵਿਚਦੀ ਪੱਥਰ ਦਾ ਪੁਲ ਪਾਰ ਨਹੀਂ ਕਰ ਗਈ। ਅਤੇ ਅੰਤ ਨੂੰ ਆਣਵਾਹੇ ਖੇਤਾਂ ਵਿਚ ਅੱਖੋਂ ਉਹਲੇ ਨਹੀਂ ਹੋ ਗਈ।

ਕਦੇ ਕਦਾਈਂ ਆਜੜੀ ਦੱਸ 'ਲੀ' ਤੋਂ ਵੀ ਦੂਰੋਂ ਉਸ ਕੋਲ ਆਉਂਦੇ। ਇਕ ਆਜੜੀ ਅੱਸੀ ਸਾਲ ਪਾਰ ਕਰ ਗਿਆ ਸੀ ਪਰ ਫਿਰ ਵੀ ਉਹ ਸਿੱਧਾ ਸਰੀਰ ਚੁਸਤੀ ਨਾਲ ਫਿਰਦਾ ਤੁਰਦਾ ਸੀ। ਇੱਟਾਂ ਦੇ ਚੱਕੇ ਉਪਰ ਬੈਠ ਕੇ ਉਹ ਚੀਨੀ-ਸ਼ਬਦ ਕੋਸ਼ ਚੁੱਕ ਕੇ ਬਾਂਹ ਵਿਚ ਘੁੱਟਦਾ ਤੇ ਕਹਿੰਦਾ, "ਉਹ ਕਿੰਨਾ ਚਲਾਕ ਹੈ। ਉਹ ਵਿਦਵਾਨ ਕਹਾਉਣ ਦਾ ਹੱਕਦਾਰ ਹੈ। ਦੇਖੋ ਕਿੱਡੀ ਵੱਡੀ ਕਿਤਾਬ ਹੈ। ਸ਼ਾਇਦ ਸਾਰੀ ਪੜ੍ਹਨ ਲਈ ਪੂਰੀ ਜ਼ਿੰਦਗੀ ਲੱਗ ਜਾਵੇ।"

"ਨਹੀਂ ਇਹ ਸ਼ਬਦ-ਕੋਸ਼ ਹੈ। ਨਵੇਂ ਸ਼ਬਦਾਂ ਲਈ ਇਸਨੂੰ ਵਾਚਣਾ ਪੈਂਦਾ ਹੈ।" ਦੂਹਰੀ ਜ਼ੁਬਾਨ ਵਾਲਾ ਬੁੱਢੇ ਸਾਥੀ ਨੂੰ ਸਮਝਾਉਂਦਾ, "ਤੂੰ ਵੀ ਕਿੰਨਾ ਮੂਰਖ ਐ। ਜਿੰਨੀ ਤੇਰੀ ਉਮਰ ਵਧੇਗੀ, ਉਨ੍ਹਾਂ ਤੇਰਾ ਸਿਰ ਫਿਰਦਾ ਜਾਵੇਗਾ।"

"ਇਹ ਠੀਕ ਹੈ। ਮੇਰੀ ਉਮਰ ਅੱਸੀਆਂ ਤੋਂ ਉਪਰ ਹੈ ਤੇ ਫਿਰ ਵੀ ਅਨਪੜ੍ਹ ਹਾਂ। ਜਦੋਂ ਕਿਤੇ ਮੈਂ ਫਿਲਮ ਦੇਖਣ ਜਾਂਦਾ ਹਾਂ ਤਾਂ ਮੈਂ ਉਸਦਾ ਟਾਈਟਲ ਵੀ ਉਠਾਲ ਨਹੀਂ ਸਕਦਾ। ਸਿਰਫ ਪਰਦੇ ਤੇ ਤਸਵੀਰਾਂ ਹਿਲਦੀਆਂ ਹੀ ਦੇਖ ਸਕਦਾ ਹਾਂ।"

"ਠੀਕ ਹੈ ਅਸੀਂ ਕੋਈ ਵੀ ਕੰਮ ਕਰੀਏ ਸਾਨੂੰ ਪੜ੍ਹਨਾ ਜ਼ਰੂਰ ਸਿੱਖਣਾ ਚਾਹੀਦਾ ਹੈ। ਕੁਝ ਦਿਨ ਪਹਿਲਾਂ ਮੈਂ ਆਪਣੇ ਡੰਗਰਾਂ ਲਈ ਦਵਾਈ ਬਣਾ ਰਿਹਾ ਸੀ।" ਮੈਂ ਉਨ੍ਹਾਂ ਨੂੰ ਉਹੀ ਦਵਾਈ ਪਿਲਾ ਦਿੱਤੀ ਸੀ ਜਿਹੜੀ ਸਰੀਰ ਤੇ ਲਾਉਣ ਵਾਲੀ ਸੀ। ਦੂਹਰੀ ਜ਼ੁਬਾਨ ਵਾਲੇ ਨੇ ਕਿਹਾ, "ਜ਼ੂ ਤੂੰ ਸਾਡੇ ਵਿਚੋਂ ਇਕ ਹੈ। ਅਸੀਂ ਏਨੇ ਬਿਰਧ ਹੋ ਗਏ ਹਾਂ ਕਿ ਹੁਣ ਕੁਝ ਸਿੱਖ ਨਹੀਂ ਸਕਦੇ। ਪਰ ਅਸੀਂ ਆਪਣੇ ਬੱਚਿਆਂ ਦੀ ਪੜ੍ਹਾਈ ਦੀ ਜ਼ਿੰਮੇਵਾਰੀ ਤੁਹਾਨੂੰ ਸੌਂਪਦੇ ਹਾਂ।"

"ਠੀਕ।" ਬੁੱਢੇ ਆਜੜੀ ਨੇ ਗੱਲ ਫੜ ਲਈ। ਜ਼ੂ ਜੇ ਤੂੰ ਮੇਰੇ ਪੋਤਿਆਂ ਨੂੰ ਅਜਿਹੀਆਂ ਮੋਟੀਆਂ-ਮੋਟੀਆਂ ਪੋਥੀਆਂ ਪੜ੍ਹਨੀਆਂ ਸਿਖਾ ਦਿੱਤੀਆਂ ਤਾਂ ਮੈਂ ਸਮਝਾਂਗਾ ਕਿ ਤੂੰ ਆਪਣੇ ਗਰੀਬ ਦੋਸਤਾਂ ਦਾ ਅਸਲ ਵਿਚ ਖਿਆਲ ਰੱਖਿਆ ਹੈ। ਤੂੰ ਜੋ ਚਰਾਂਦਾ ਵਿਚ ਸਾਡੇ ਵਾਂਗ ਹੀ ਰਿਹਾ ਕਰਦਾ ਹੈਂ।"

ਇਨ੍ਹਾਂ ਸਿੱਧੇ-ਸਾਧੇ ਸ਼ਬਦਾਂ ਨੇ ਉਸਨੂੰ ਆਪਣੇ ਕੰਮ ਦੀ ਕੀਮਤ ਸਮਝਾ ਦਿੱਤੀ ਅਤੇ ਆਉਣ ਵਾਲੇ ਭਵਿੱਖ ਵਿਚ ਉਸਨੂੰ ਆਸ਼ਾਵਾਦੀ ਬਣਾ ਦਿੱਤਾ। ਉਨ੍ਹਾਂ ਕੋਲੋਂ ਉਸਨੇ ਫਿਰ ਘੋੜਿਆਂ ਦੇ ਪਸੀਨੇ ਦੀ ਬਦਬੂ ਸੁੱਕੀ ਘਾਹ ਦੀ ਮਹਿਕ ਤੇ ਕੁਦਰਤ ਦੇ ਸਾਹਾਂ ਨੂੰ ਮਹਿਸੂਸ ਕੀਤਾ। ਜੋ ਕੁਝ ਉਸਨੇ ਮਹਿਸੂਸ ਕੀਤਾ ਉਹ ਜਾਣਦਾ ਸੀ ਕਿ ਇਹ ਉਸ ਡਿਪਰੈਸ਼ਨ ਨਾਲੋਂ ਵੱਖਰਾ ਹੈ ਜਿਹੜਾ ਉਸਨੇ ਆਪਣੇ ਪਿਉ ਅਤੇ ਮਿਸ ਸਾਂਗ ਨਾਲ ਭੋਗਿਆ ਸੀ।

ਆਜੜੀਆਂ ਦੀਆਂ ਨਜ਼ਰਾਂ ਵਿਚ ਆਪਣੇ ਵਿਦਿਆਰਥੀਆਂ ਦੀਆਂ ਨਜ਼ਰਾਂ ਵਿਚ ਅਤੇ ਆਪਣੇ ਪੁਰਾਣੇ ਅਧਿਆਪਕ ਸਾਥੀਆਂ ਦੀਆਂ ਨਜ਼ਰਾਂ ਵਿਚ ਜਿਨ੍ਹਾਂ ਨਾਲ ਉਸਨੇ ਦੁਬਾਰਾ ਕੰਮ ਕੀਤਾ ਸੀ। ਉਹ ਉਪਰ ਉੱਠ ਗਿਆ। ਕੀ ਇਸਤੋਂ ਵੀ ਕੀਮਤੀ ਅਤੇ ਖੁਸ਼ੀ ਦੇਣ ਵਾਲੀ ਕੋਈ ਹੋਰ ਚੀਜ਼ ਹੋ ਸਕਦੀ ਹੈ ?

-4-

ਸਵੇਰੇ ਉਹ ਮਿਸ ਸਾਂਗ ਸਹਿਤ ਵਾਂਗਫੂਜਿੰਗ ਗਲੀ ਵਿਚੋਂ ਆਪਣੇ ਪਿਉ ਨਾਲ ਲੰਘਿਆ। ਉਸਨੇ ਮਹਿਸੂਸ ਕੀਤਾ ਕਿ ਉਹ ਸ਼ਹਿਰੀ ਜੀਵਨ ਦੇ ਮੇਚ ਦਾ ਨਹੀਂ ਹੈ। ਲੁੱਕ ਵਿਛੀ ਸੜਕ ਪੈਰਾਂ ਲਈ ਬੜੀ ਸਖਤ ਸੀ। ਲੋਕ ਗਲੀ ਵਿਚ ਇਕ ਦੂਜੇ ਤੋਂ ਬੇਧਿਆਨੇ ਤੁਰੇ ਜਾ ਰਹੇ ਮਨ। ਭੀੜ ਭੜੱਕੇ ਵਿਚ ਫਸੇ ਹੋਏ ਨੂੰ ਛੇਤੀ ਤਨਾਉ ਨੇ ਆ ਘੇਰਿਆ ਤੇ ਉਹ ਹੰਭ ਗਿਆ। ਆਰਟ ਤੇ ਕਰਾਫਟ ਸਟੋਰ ਵਿਚ ਪਿਉ ਨੇ ਛੇ ਸੌ ਯੂਆਨ ਦਾ ਚੈੱਕ ਕੱਟਿਆ ਅਤੇ ਮਸ਼ਹੂਰ ਜਿੰਗਡੇ ਜੇਨ ਕਿਲਨ ਤੋਂ ਸੁਹਜਮਈ ਨੀਲੀ ਤੇ ਚਿੱਟੀ ਚਾਈਨਾ ਮਿੱਟੀ ਦੇ ਡਿਨਰ ਸੈੱਟ ਦਾ ਆਰਡਰ ਦਿੱਤਾ। ਪੁੱਤਰ ਨੇ ਮਿੱਟੀ ਦਾ ਜਾਰ ਦੋ ਯੂਆਨ ਵਿਚ ਖਰੀਦਿਆ। ਨਾਜ਼ੁਕ ਛੋਟਾ ਬਰਤਨ ਭੂਰੇ ਪੀਲੇ ਰੰਗ ਦਾ ਸੀ ਤੇ ਪੁਰਾਤਨ ਸ਼ੈਲੀ ਨਾਲ ਸਜਾਇਆ ਹੋਇਆ ਵੀ ਇਹ ਬਰਤਨ ਹਾਨ-ਟਾਂਬ ਤੋਂ ਪੁਟਾਈਆਂ ਵਿਚ ਮਿਲੇ ਬਰਤਨਾਂ ਨਾਲ ਮਿਲਦਾ ਜੁਲਦਾ ਸੀ। ਉੱਤਰ-ਪੱਛਮ ਦੇ ਪੇਂਡੂ ਕਸਬੇ ਵਿਚ ਉਸ ਨੇ ਅਜਿਹੀਆਂ ਚੀਜ਼ਾਂ ਕਦੇ ਨਹੀਂ ਸਨ ਦੇਖੀਆਂ। ਜ਼ਿਊਜ਼ੀ ਕਦੇ ਕਦੇ ਆਪਣੇ ਕਸਬੇ ਦੇ ਆਚਾਰ ਦੀ ਸਿਫਤ ਕਰਦੀ ਸੀ ਤੇ ਕਈ ਚਿਰਾਂ ਤੋਂ ਅਜਿਹੇ ਸੁਹਣੇ ਬਰਤਨ ਦੀ ਮੰਗ ਕਰ ਰਹੀ ਸੀ। ਹੁਣ ਜਿਹੜਾ ਉਸ ਕੋਲ ਸੀ ਉਹ ਕਿਸੇ ਨੇ ਸ਼ਾਂਕਸੀ ਤੋਂ ਖਰੀਦ ਕੇ ਲਿਆਂਦਾ ਸੀ ਤੇ ਇਸ ਲਈ ਉਸਨੂੰ ਕਈ ਰਾਤਾਂ ਲਾ ਕੇ ਬਣਾਏ ਪੰਜ ਕੱਪੜਿਆਂ ਤੋਂ ਬਣਾਏ ਜੁੱਤੀਆਂ ਦੇ ਸੋਲ ਦੇ ਜੋੜੇ ਦੇਣੇ ਪਏ ਸਨ। ਪਰ ਹੁਣ ਉਹ ਭੱਦਾ ਲੱਗ ਰਿਹਾ ਸੀ। ਉਸ ਉਪਰ ਚਿੱਟੇ ਲੂਣ ਦੇ ਧੱਬੇ ਲੱਗ ਗਏ ਸਨ।

"ਤੇਰੀ ਘਰ ਵਾਲੀ ਅਸਲ ਸੁੰਦਰਤਾ ਦੀ ਮੂਰਤੀ ਹੋਣੀ ਚਾਹੀਦੀ ਹੈ।" ਹੋਟਲ ਪਹੁੰਚ ਕੇ ਮਿਸ ਸਾਂਗ ਨੇ ਉਸਨੂੰ ਮਜ਼ਾਕ ਨਾਲ ਕਿਹਾ। "ਉਸ ਨਾਲ ਤੇਰਾ ਪਿਆਰ ਤਾਰੀਫ ਦੇ ਕਾਬਲ ਹੈ। ਇਸ ਨਾਲ ਕਿਸੇ ਨੂੰ ਵੀ ਈਰਖਾ ਹੋ ਸਕਦੀ ਹੈ। ਮਿਸ ਸਾਂਗ ਨੇ ਸ਼ਰਬਤੀ ਕਾਰਡੀਗਨ ਅਤੇ ਪਤਲੀ ਗਰੇ ਉੱਨ ਦੀ ਸਕਰਟ ਹੇਠ ਨਵਾਂ ਲਾਲ ਤੇ ਕਾਲੀਆਂ ਧਾਰੀਆਂ ਵਾਲਾ ਰੇਸ਼ਮੀ ਬਲਾਊਜ਼ ਪਾਇਆ ਹੋਇਆ ਸੀ। ਪਤਝੜ ਦੀ ਗਰਮੀ ਵਿਚ ਉਸਦਾ ਲਾਇਆ ਕਲੀਆਂ ਦੀ ਸੁਗੰਧੀ ਵਾਲਾ ਪਰਫਿਊਮ ਹੋਰ ਵੀ ਤਿੱਖੀ ਖੁਸ਼ਬੂ ਦੇ ਰਿਹਾ ਸੀ।

"ਠੀਕ ਹੈ, ਫਿਰ ਵੀ ਵਿਆਹ ਇਕ ਤਰ੍ਹਾਂ ਦਾ ਇਕਰਾਰ ਤੇ ਫਰਜ਼ ਹੀ ਤਾਂ ਹੈ।" ਹੌਲੀ ਹੌਲੀ ਆਪਣੀ ਕਾਫੀ ਹਿਲਾਉਂਦਿਆਂ ਹੋਇਆਂ ਪਿਉ ਨੇ ਡੂੰਘਾ ਹੌਕਾ ਲਿਆ ਅਤੇ ਬੜੀ ਸਾਵਧਾਨੀ ਨਾਲ ਸ਼ਬਦਾਂ ਦੀ ਚੋਣ ਕੀਤੀ ਜਿਵੇਂ ਕਿ ਉਹ ਅਰਥਾਂ ਦਾ ਸੁਆਦ ਲੈ ਰਿਹਾ ਹੋਵੇ। ਸ਼ਾਇਦ ਉਹ ਆਪਣੀ ਪਤਨੀ ਦੇ ਰਿਸ਼ਤੇ ਨੂੰ ਯਾਦ ਕਰ ਰਿਹਾ ਸੀ। "ਤੁਸੀਂ ਆਪਣੀ ਪਤਨੀ ਨੂੰ ਪਿਆਰ ਕਰਦੇ ਹੋ ਜਾਂ ਨਹੀਂ ਪਰ ਤੁਹਾਨੂੰ ਜ਼ਿੰਦਗੀ ਦੇ ਅੰਤ ਤੱਕ ਆਪਣਾ ਵਾਅਦਾ ਨਿਭਾਉਣਾ ਚਾਹੀਦਾ ਹੈ। ਨਹੀਂ ਤਾਂ ਤੁਹਾਨੂੰ ਹਮੇਸ਼ਾ ਗੁੱਸਾ ਗਿਲਾਨੀ ਤੇ ਪਛਤਾਵਾ ਲੱਗਾ ਰਹੇਗਾ। ਮੈਂ ਚਾਹੁੰਦਾ ਹਾਂ ਕਿ ਤੂੰ ਵਿਦੇਸ਼ ਜਾਵੇਂ, ਪਰ ਕੱਲਿਆਂ ਨਹੀਂ। ਤੈਨੂੰ ਪਤਨੀ ਤੇ ਧੀ ਨੂੰ ਵੀ ਨਾਲ ਲਿਜਾਣਾ ਚਾਹੀਦਾ ਹੈ।

"ਕੀ ਤੂੰ ਆਪਣੇ ਪ੍ਰੇਮ-ਪ੍ਰਸੰਗ ਬਾਰੇ ਦੱਸੇਂਗਾ ?" ਮਿਸ ਸਾਂਗ ਨੇ ਪੁੱਛਿਆ ਤੇ ਕਿਹਾ, "ਤੇਰਾ ਪ੍ਰੇਮ-ਪ੍ਰਸੰਗ ਤਾਂ ਅਨੋਖਾ ਹੀ ਹੋਵੇਗਾ। ਮੈਨੂੰ ਯਕੀਨ ਹੈ ਕਿ ਤੇਰੇ ਵਰਗੇ ਸੁਹਣੇ ਆਦਮੀ ਪਿੱਛੇ ਤਾਂ ਅਨੇਕਾਂ ਜਵਾਨ ਕੁੜੀਆਂ ਮਰਦੀਆਂ ਹੋਣਗੀਆਂ।"

"ਮੇਰਾ ਪ੍ਰੇਮ-ਪ੍ਰਸੰਗ ?" ਉਹ ਮੁਆਫੀ ਮੰਗਣ ਵਾਂਗ ਮੁਸਕਰਾਇਆ। "ਮੈਂ ਤਾਂ ਵਿਆਹ ਸਮੇਂ ਆਪਣੀ ਪਤਨੀ ਤੱਕ ਨੂੰ ਨਹੀਂ ਸੀ ਜਾਣਦਾ। ਪ੍ਰੇਮ-ਵਿਆਹ ਦੀ ਤਾਂ ਗੱਲ ਹੀ ਛੱਡੋ।"



"ਓਹ ?" ਮਿਸ ਸਾਂਗ ਨੇ ਬੇਹੱਦ ਹੈਰਾਨ ਹੋਣ ਦਾ ਦਿਖਾਵਾ ਕੀਤਾ। ਜਦ ਕਿ ਉਸਦੇ ਪਿਉ ਨੇ ਮੋਢੇ ਮਾਰੇ।

ਉਹ ਉਹਨਾਂ ਨੂੰ ਦੱਸਣਾ ਚਾਹੁੰਦਾ ਸੀ ਕਿ ਉਸਨੇ ਜ਼ਿਊਜ਼ੀ ਨਾਲ ਵਿਆਹ ਕਿਵੇਂ ਕਰਵਾਇਆ। ਪਰ ਰਾਸ਼ਟਰੀ ਤਬਾਹੀ ਜੋ ਰਾਸ਼ਟਰ ਲਈ ਬੜੀ ਹੱਤਕ ਵਾਲੀ ਗੱਲ ਸੀ, ਨੇ ਉਨ੍ਹਾਂ ਨੂੰ ਵਿਆਹ ਨੂੰ ਗ੍ਰਹਿਣ ਲਾ ਦਿੱਤਾ ਸੀ। ਉਹ ਦੁਚਿੱਤੀ ਵਿਚ ਸੀ ਕਿ ਉਹ ਉਨ੍ਹਾਂ ਨੂੰ ਸਾਰੀ ਕਹਾਣੀ ਸੁਣਾਵੇ ਕਿ ਨਾਂ। ਕਿਤੇ ਉਹ ਉਸਦੇ ਪਵਿੱਤਰ ਰਿਸ਼ਤੇ ਦਾ ਮਜ਼ਾਕ ਹੀ ਨਾ ਉਡਾਉਣ। ਫੈਸਲਾ ਨਾ ਕਰ ਸਕਣ ਕਾਰਣ ਉਸਨੇ ਕਾਫੀ ਦਾ ਘੁੱਟ ਭਰਿਆ। ਕੌੜੀ ਕਾਫੀ ਵਿੱਚ ਮਿੱਠੇ ਦਾ ਸਵਾਦ ਸੀ। ਮਿਠਾਸ ਤੇ ਕੁੜੱਤਣ ਇਕਮਿਕ ਹੋਈਆਂ ਪਈਆਂ ਸਨ। ਦੋਨਾਂ ਦਾ ਮੇਲ ਹੀ ਅਜਿਹੀ ਖਾਸ ਉਤੇਜਕ ਮਿੱਠੀ ਸੁਗੰਧ ਪੈਦਾ ਕਰ ਸਕਦਾ ਸੀ। ਪਿਉ ਤੇ ਮਿਸ ਸਾਂਗ ਭਾਵੇਂ ਇਸ ਦੇ ਵਿਸ਼ੇਸ਼ ਸੁਆਦ ਦੀ ਪ੍ਰਸੰਸਾ ਕਰ ਸਕਦੇ ਹੋਣ। ਪਰ ਕੀ ਉਹ ਉਸਦੇ ਗੁੰਝਲਦਾਰ ਜੀਵਨ ਦੇ ਅਰਥਾਂ ਨੂੰ ਸਮਝ ਸਕਦੇ ਹਨ ? ਉਨ੍ਹਾਂ ਉਥਲ-ਪੁਥਲ ਦੇ ਦਿਨਾਂ ਵਿਚ ਹੋਰ ਸਾਰੀਆਂ ਚੀਜ਼ਾਂ ਵਾਂਗ ਵਿਆਹ ਨੂੰ ਵੀ ਵਗਾਹ ਮਾਰਿਆ ਗਿਆ ਸੀ। ਵਿਆਹ ਅੰਨ੍ਹੇ ਜੋੜਿਆਂ ਵਰਗੀ ਗੱਲ ਸੀ। ਜ਼ਿਊਜ਼ੀ ਤੇ ਉਸ ਵਾਸਤੇ ਇਹ ਬੜੀ ਅਟਪਟੀ ਗੱਲ ਸੀ। ਜਿਹੜੀ ਖੁਸ਼ੀ ਅਚਾਨਕ ਅਣਕਿਆਸੀ ਉਨ੍ਹਾਂ ਨੂੰ ਮਿਲੀ ਸੀ ਉਸਦੀ ਕਲਪਨਾ ਵੀ ਨਹੀਂ ਕੀਤੀ ਗਈ ਸੀ। ਜਿੰਨੇ ਉਸ ਸਮੇਂ ਹਾਲਾਤ ਗੰਭੀਰ ਸਨ ਉੱਨੀ ਹੀ ਕੀਮਤੀ ਇਹ ਖੁਸ਼ੀ ਸੀ। ਜਦੋਂ ਵੀ ਉਨ੍ਹਾਂ ਨੂੰ ਆਪਣਾ ਅਸਾਧਾਰਣ ਵਿਆਹ ਯਾਦ ਆਉਂਦਾ ਤਾਂ ਉਨ੍ਹਾਂ ਦੇ ਮਨ ਵਿਚ ਗਮ ਤੇ ਖੁਸ਼ੀ ਦੇ ਰਲਵੇਂ ਮਿਲਵੇਂ ਭਾਵ ਪੈਦਾ ਹੋ ਜਾਂਦੇ। ਹੋਰਨਾਂ ਲਈ ਤਾਂ ਇਹ ਹੈਰਾਨ ਤੇ ਅਜੋੜ ਗੱਲ ਸੀ ਹੀ, ਉਨ੍ਹਾਂ ਨੂੰ ਆਪ ਵੀ ਇਹੋ ਮਹਿਸੂਸ ਹੁੰਦਾ ਸੀ।

1972 ਦੀ ਬਸੰਤ ਰੁੱਤ ਵਿਚ ਇਹ ਸਭ ਕੁਝ ਵਾਪਰਿਆ। ਆਮ ਵਾਂਗ ਉਹ ਘੋੜਿਆਂ ਨੂੰ ਪਾਣੀ ਪਿਲਾ ਕੇ ਅਤੇ ਖਿੜਕੀ ਨੂੰ ਭੇੜ ਕੇ ਆਪਣੀ ਛੋਟੀ ਜਿਹੀ ਕੁਟੀਆ ਨੂੰ ਮੁੜਿਆ। ਅਜੇ ਉਸਨੇ ਮਸਾਂ ਆਪਣਾ ਛਾਂਟਾ ਰੱਖਿਆ ਹੀ ਸੀ ਕਿ ਦੋ-ਜ਼ੁਬਾਨਾਂ ਵਾਲਾ ਹਨੇਰੀ ਵਾਂਗ ਅੰਦਰ ਆਇਆ।

"ਹਾਂ, ਬੁੱਢੇ ਜ਼ੂ ਤੈਨੂੰ ਪਤਨੀ ਦੀ ਲੋੜ ਹੈ ?" ਉਸਨੇ ਐਲਾਨ ਕੀਤਾ। "ਤੂੰ ਹਾਂ ਕਰ ਮੈਂ ਉਸਨੂੰ ਰਾਤ ਨੂੰ ਇਥੇ ਭੇਜ ਦੇ।"

"ਤਾਂ ਫਿਰ ਭੇਜ ਹੀ ਦੇ।" ਉਸਨੇ ਮੁਸਕਰਾਉਂਦਿਆਂ ਕਿਹਾ। ਉਹ ਸੋਚਦਾ ਸੀ ਕਿ ਉਹ ਤਾਂ ਮਜ਼ਾਕ ਹੀ ਸੀ।

"ਕਿਆ ਬਾਤ ਹੈ। ਹੁਣ ਮੁਕਰੀਂ ਨਾਂ।" ਔਰਤ ਕੋਲ ਸਰਟੀਫਿਕੇਟ ਵੀ ਹੈ ਕਿ ਉਹ ਇਕੱਲੀ ਹੈ। ਤੇਰੇ ਲਈ ਮੈਂ ਫਾਰਮ ਦੇ ਲੀਡਰ ਨਾਲ ਗੱਲ ਕੀਤੀ ਹੈ। ਉਸਨੇ ਕਿਹਾ ਕਿ ਜੇ ਤੈਨੂੰ ਕੋਈ ਇਤਰਾਜ਼ ਨਹੀਂ ਤਾਂ ਉਹ ਇਕ ਦਮ ਤੇਰਾ ਸਰਟੀਫਿਕੇਟ ਦੇ ਦੇਵੇਗਾ। ਇਸ ਲਈ ਮੈਂ ਉਸ ਕੋਲ ਜਾਵਾਂਗਾ ਤੇ ਸਰਟੀਫਿਕੇਟ ਲੈ ਆਵਾਂਗਾ ਅਤੇ ਆਉਂਦਿਆਂ ਹੋਇਆਂ ਦਫਤਰ ਵਿਚ ਦਿੰਦਾ ਆਵਾਂਗਾ। ਫਿਰ ਮੈਂ ਕੁੜੀ ਨੂੰ ਇਥੇ ਲੈ ਆਵਾਂਗਾ ਤੇ ਅੱਜ ਰਾਤ ਸ਼ਾਦੀ ਹੋਵੇਗੀ।"

ਅਜੇ ਹਨੇਰਾ ਹੋ ਹੀ ਰਿਹਾ ਸੀ। ਉਹ ਸਟੂਲ ਤੇ ਬੈਠਾ ਪੜ੍ਹ ਰਿਹਾ ਸੀ ਕਿ ਉਸਨੂੰ ਬਾਹਰ ਬੱਚਿਆਂ ਦਾ ਸਮੂਹ ਗਾਨ ਕੰਨੀ ਪਿਆ। "ਬੁੱਢੇ ਜ਼ੂ ਦੀ ਆਈ ਹੈ ਵਹੁਟੀ। ਆਈ ਹੈ ਵਹੁਟੀ ਬੁੱਢੇ ਜ਼ੂ ਦੀ।" ਦਰਵਾਜ਼ਾ ਕਾੜ ਕਰਦਾ ਖੁੱਲ੍ਹਿਆ ਤੇ ਦੁਪਹਿਰਾਂ ਵਾਂਗ ਹੀ ਦੂਹਰੀ-ਜ਼ੁਬਾਨ ਵਾਲਾ ਅੰਦਰ ਦਾਖਲ ਹੋਇਆ।

"ਸਾਰਾ ਕੁਝ ਤੈਅ ਹੋ ਗਿਆ ਹੈ ਤੇ ਕੰਮ ਵੀ ਸਿਰੇ ਚੜ੍ਹ ਗਿਆ ਹੈ। ਮੈਂ ਤੇਰੀ ਦਾਰੂ ਨੂੰ ਤਾਂ ਹੱਥ ਨਹੀਂ ਲਾਵਾਂਗਾ, ਪਰ ਘੱਟੋ ਘੱਟ ਮੈਨੂੰ ਪਾਣੀ ਤਾਂ ਪਿਆ ਛੱਡ। ਤੈਨੂੰ ਪਤਾ ਕਿੰਨਾ ਔਖਾ ਕੰਮ ਸੀ। ਮੇਰੀਆਂ ਲੱਤਾਂ ਤਾਂ ਟੁੱਟ ਚੁੱਕੀਆਂ ਹਨ। ਮੈਂ ਤਕਰੀਬਨ ਤੀਹ ਮੀਲ (ਲੰਬਾਈ ਦਾ ਮਾਪ) ਵਾਟ ਮਾਰੀ

ਹੋਵੇਗੀ।" ਇਉਂ ਕਹਿੰਦਿਆਂ ਉਸਨੇ ਕੁਝ ਠੰਡਾ ਪਾਣੀ ਭਾਂਡੇ ਵਿਚ ਉਲੱਦਿਆ ਤੇ ਗੱਟ-ਗੱਟ ਕਰਕੇ ਪੀ ਗਿਆ। ਸਿਲ੍ਹੇ ਬੁੱਲ੍ਹਾਂ ਨੂੰ ਚੂਸਦਿਆਂ ਉਸਨੇ ਲੰਬਾ ਸਾਰਾ ਸੁੱਖ ਦਾ ਸਾਹ ਲਿਆ। "ਉਏ" ਉਹ ਚੀਕਿਆ, "ਤੂੰ ਅੰਦਰ ਕਿਉਂ ਨਹੀਂ ਆਉਂਦੀ ? ਹੁਣ ਇਹ ਤੇਰਾ ਘਰ ਹੈ। ਆਉ ਮੈਂ ਦੋਨਾਂ ਦੀ ਜਾਣ ਪਛਾਣ ਕਰਵਾ ਦਿਆਂ। ਜਿਵੇਂ ਮੈਂ ਦੱਸਿਆ ਸੀ ਕਿ ਇਹ ਵੱਡਾ ਜੂ ਹੈ। ਇਸਦਾ ਪੂਰਾ ਨਾ ਜੂਲਿੰਗਜੁਨ ਹੈ। ਗਰੀਬ ਨੂੰ ਛੱਡ ਕੇ ਇਹ ਬੜਾ ਭਲਾ ਲੋਕ ਹੈ। ਪਰ ਅੱਜਕਲ੍ਹ ਇਹ ਜਿੰਨਾ ਗਰੀਬ ਹੈ ਉਨਾਂ ਹੀ ਜ਼ਿਆਦਾ ਮਾਣ ਹਾਸਲ ਕਰ ਰਿਹਾ ਹੈ।"

ਤਾਂ ਹੀ ਉਸਨੇ ਦਰਵਾਜ਼ੇ ਦੇ ਬਾਹਰ ਬੱਚਿਆਂ ਦੇ ਝੁੰਡ ਦੇ ਅੱਗੇ ਇਕ ਅਜਨਬੀ ਕੁੜੀ ਨੂੰ ਖੜੀ ਦੇਖਿਆ। ਉਸਨੇ ਗਰੇ ਰੰਗ ਦੀ ਵੱਟਾਂ ਵਾਲੀ ਜੇਕਟ ਪਾਈ ਹੋਈ ਸੀ ਤੇ ਉਸ ਦੇ ਹੱਥ ਵਿਚ ਚਿੱਟਾ ਬੰਡਲ ਫੜਿਆ ਹੋਇਆ ਸੀ। ਉਸਨੇ ਗਰਦ ਭਰੀ ਕਾਲਖ-ਰੰਗੀ ਕੁੱਲੀ ਦਾ ਇਉਂ ਆਰਾਮ ਨਾਲ ਮੁਆਇਨਾ ਕੀਤਾ ਜਿਵੇਂ ਉਹ ਸੱਚਮੁੱਚ ਇਥੇ ਰਹਿਣ ਲਈ ਤਿਆਰ ਸੀ।

"ਇਹ ਕੀ ਹੋ ਰਿਹਾ ?" ਉਸਨੂੰ ਅਚਾਨਕ ਧੱਕਾ ਲੱਗਾ। "ਇਹ ਕਿਹੋ ਜਿਹਾ ਮਜ਼ਾਕ ਹੈ ?"

"ਨਹੀਂ ਕਦਾਚਿਤ ਇਹ ਮਜ਼ਾਕ ਨਹੀਂ।" ਦੂਹਰੀ-ਜ਼ੁਬਾਨ ਵਾਲੇ ਨੇ ਕੁਝ ਕਾਗਜ਼ ਕੱਢੇ ਅਤੇ ਇੱਟਾਂ ਵਾਲੇ ਬਿਸਤਰੇ ਤੇ ਦੇ ਮਾਰੇ "ਆਹ ਰਹੇ ਸਾਰੇ ਕਾਗਜ਼ਾਤ। ਇਹ ਸਰਕਾਰੀ ਹਨ। ਸਮਝਿਆ ? ਰਾਜਨੀਤਕ ਵਿਭਾਗ ਦੇ ਬੰਦੇ ਨੂੰ ਮੈਂ ਕਹਿ ਦਿੱਤਾ ਸੀ ਕਿ ਤੂੰ ਘੋੜੇ ਚਰਾਉਣ ਬਾਹਰ ਗਿਆ ਹੋਇਆਂ ਹੈ। ਇਸ ਲਈ ਸਾਰੇ ਜ਼ਰੂਰੀ ਕਾਗਜ਼ ਮੈਂ ਮੰਗ ਲਏ। ਜੇ ਤੂੰ ਆਪਣੇ ਵਚਨ ਤੋਂ ਫਿਰਿਆ ਤਾਂ ਮੈਨੂੰ ਕੁੜਿੱਕੀ ਵਿਚ ਫਸਾ ਦੇਵੇਂਗਾ। ਮੈਨੂੰ ਸੁਣ ਰਿਹਾ ਹੈਂ ਨਾ, ਬੁੱਢੇ ਜੂ ?"

"ਅਸੀਂ ਕਰ ਕੀ ਰਹੇ ਹਾਂ ?" ਉਸਨੇ ਦੂਹਰੀ-ਜ਼ੁਬਾਨ ਵਾਲੇ ਨੂੰ ਪੁੱਛਿਆ ਤੇ ਦੋਨੋਂ ਹੱਥ ਹਵਾ ਵਿਚ ਲਹਿਰਾ ਦਿੱਤੇ। ਕੁੜੀ ਅੰਦਰ ਆਈ ਅਤੇ ਉਸ ਵਲੋਂ ਖਾਲੀ ਕੀਤੇ ਸਟੂਲ ਤੇ ਬੈਠ ਗਈ। ਉਹ ਇਉਂ ਆਰਾਮ ਨਾਲ ਬੈਠੀ ਸੀ ਜਿਵੇਂ ਉਨ੍ਹਾਂ ਦੀ ਗੱਲ-ਬਾਤ ਨਾਲ ਉਸਦਾ ਕੋਈ ਸੰਬੰਧ ਨਾ ਹੋਵੇ।

"ਕਰਨਾ ਕੀ ਚਾਹੀਦਾ ਹੈ ? ਹੁਣ ਇਹ ਮਾਮਲਾ ਪਤੀ-ਪਤਨੀ ਦਾ ਹੈ। ਮੈਨੂੰ ਹੁਣ ਕੀ ਪੁੱਛਦੈਂ ?" ਦੂਹਰੀ ਜ਼ੁਬਾਨ ਵਾਲੇ ਨੇ ਸਾਰੇ "ਸਰਕਾਰੀ ਕਾਗਜ਼ ਇੱਟਾਂ ਦੇ ਬੈੱਡ ਉੱਪਰ ਰੱਖ ਦਿੱਤੇ।" "ਹੁਣ ਖੁਸ਼ੀ ਜੀ ਜ਼ਿੰਦਗੀ ਬਿਤਾਉ। ਅਗਲੇ ਸਾਲ ਤੁਹਾਡੇ ਗੋਲ-ਮਟੋਲ ਬੱਚਾ ਹੋਵੇਗਾ। ਫੇਰ ਮੇਰੀ ਖਾਤਰ-ਤਵਾਜੋ ਕਰਿਉ।" ਬੱਚਿਆਂ ਨੂੰ ਚੂਚਿਆਂ ਵਾਗ ਛਿਛਕਾਰਦਿਆਂ ਹੋਇਆਂ ਉਹ ਦਰਵਾਜ਼ੇ ਵੱਲ ਗਿਆ ਤੇ ਉਸ ਨੇ ਹੱਥ ਲਹਿਰਾਏ। "ਕੀ ਐ ਦੇਖਣ ਨੂੰ ? ਕੀ ਤੁਸੀਂ ਆਪਣੇ ਪਿਉਆਂ ਦੇ ਵਿਆਹ ਨਹੀਂ ਦੇਖੇ ? ਜਾਉ ਨਹੀਂ ਤਾਂ ਉਨ੍ਹਾਂ ਨੂੰ ਪੁੱਛੋ ਜਾ ਕੇ। ਹੁਣ ਸਾਰੇ ਟਿਭਦੇ ਹੋਵੋ।"

ਇਹ ਕਹਿੰਦਿਆਂ ਦੂਹਰੀ-ਜ਼ਬਾਨ ਵਾਲਾ ਤੁਰਦਾ ਬਣਿਆ। ਮੱਧਮ ਪੀਲੀ ਰੋਸ਼ਨੀ ਵਿਚ ਉਸਨੇ ਚੋਰੀ ਚੋਰੀ ਕੁੜੀ ਦਾ ਜ਼ਾਇਜ਼ਾ ਲਿਆ। ਉਸਦਾ ਛੋਟਾ ਜਿਹਾ ਫੀਨਾ ਨੱਕ ਸੀ। ਜਿਸ ਦੁਆਲੇ ਛੋਟੇ ਛੋਟੇ ਭੂਰੀਆਂ ਛਾਈਆਂ ਦੇ ਧੱਬੇ ਸਨ। ਸਿਰ ਤੇ ਖੁਸ਼ਕ ਬਿਖਰੇ ਭੂਰੇ ਵਾਲ ਸਨ ਅਤੇ ਉਹ ਥੱਕੀ ਤੇ ਬਿਮਾਰ ਦਿਖਾਈ ਦਿੰਦੀ ਸੀ। ਉਸਨੂੰ ਉਸ ਤੇ ਤਰਸ ਆਇਆ ਅਤੇ ਉਸਨੇ ਉਸ ਲਈ ਗਿਲਾਸ ਵਿਚ ਪਾਣੀ ਪਾਇਆ। "ਪਾਣੀ ਪੀ, ਬਹੁਤ ਦੂਰੋਂ ਆਈਐਂ।"

ਕੁੜੀ ਨੇ ਉਪਰ ਤੱਕਿਆ। ਉਸਨੂੰ ਉਤਸੁਕ ਨਜ਼ਰਾਂ ਦਾ ਸਾਹਮਣਾ ਕਰਨਾ ਪਿਆ। ਉਸਨੇ ਚੁੱਪ ਚਾਪ ਪਾਣੀ ਹਲਕ ਤੋਂ ਹੇਠਾਂ ਸੁੱਟ ਲਿਆ। ਤਾਕਤ ਆਉਂਦਿਆਂ ਹੀ ਉਸ ਦੀ ਦਿੱਖ ਬਦਲ ਗਈ। ਇੱਟਾਂ ਦੇ ਬੈੱਡ ਵੱਲ ਜਾ ਕੇ ਉਸਨੇ ਰਜਾਈਆਂ ਤਹਿ ਕੀਤੀਆਂ। ਫਿਰ ਉਸਨੇ ਘੱਸਿਆ ਪਜਾਮਾ ਚੁੱਕ ਕੇ ਉਸਦੇ ਖੱਦੇ ਹਿੱਸੇ ਨੂੰ ਗੋਡੇ ਉਪਰ ਧਰਿਆ। ਆਪਣੀ ਪੋਟਲੀ ਖੋਲ ਕੇ ਉਸ ਨੇ ਨੀਲਾ ਕਪੜਾ ਤੇ ਸੂਈ ਧਾਗਾ ਕੱਢਿਆ ਤੇ ਉਹ ਨੀਵੀਂ ਪਾਈ ਸਿਊਣ ਵਿਚ ਮਗਨ ਹੋ ਗਈ। ਉਸਦੇ ਕੰਮ ਕਰਨ ਵਿਚ ਕੋਈ ਕਾਹਲ ਨਹੀਂ ਸੀ। ਉਸ ਵਿਚ ਸੋਧੀ ਹੋਈ ਤਾਕਤ ਸੀ ਜਿਨ੍ਹਾਂ ਦਾ ਪ੍ਰਗਟਾਵਾ ਉਸ ਦੀ ਦਿੱਖ ਤੋਂ



ਨਹੀਂ ਸਗੋਂ ਉਸ ਦੀ ਚਾਲ ਢਾਲ ਤੋਂ ਹੁੰਦਾ ਸੀ। ਤੇ ਫਿਰ ਫੱਫੇ ਕੁਟਨੀ ਦਿਸਦੀ ਕੁੜੀ ਨੇ ਝੌਂਪੜੀ ਨੂੰ ਸਾਫ ਸੁਥਰਾ ਤੇ ਬੇਦਾਗ ਬਣਾ ਦਿੱਤਾ। ਛੋਟਾ ਮੋਟਾ ਸਾਮਾਨ ਠੀਕ ਕੀਤਾ। ਲੱਗਦਾ ਸੀ ਉਹ ਰਜਾਈਆਂ ਦਾ ਪਿਆਨੋ ਵਜਾ ਰਹੀ ਹੈ। ਰੂੰ ਦੇ ਭਰੇ ਗਦੇਲੇ ਤੇ ਕੱਪੜੇ ਉਸ ਲਈ ਚਾਬੀਆਂ ਸਨ। ਜੂ ਨੂੰ ਇਉਂ ਦਿਖਾਈ ਦਿੰਦਾ ਜਿਵੇਂ ਕੋਈ ਕੁਟੀਆ ਵਿਚ ਸੰਗੀਤ ਤੁਰ ਫਿਰ ਰਿਹਾ ਹੋਵੇ।

ਅਚਾਨਕ ਉਸਨੂੰ ਭੂਰਾ ਘੋੜਾ ਯਾਦ ਆ ਗਿਆ। ਉਸਦੇ ਦਿਲ ਵਿਚ ਚੀਸ ਉੱਠੀ। ਉਸਨੇ ਮਹਿਸੂਸ ਕੀਤਾ ਕਿ ਉਹ ਉਸਨੂੰ ਜਾਣਦਾ ਹੀ ਨਹੀਂ ਸੀ। ਸਗੋਂ ਉਹ ਤਾਂ ਇੰਨੇ ਸਾਲ ਉਸਦਾ ਹੀ ਇੰਤਜ਼ਾਰ ਕਰ ਰਿਹਾ ਸੀ। ਅਚਾਨਕ ਭਾਵੁਕਤਾ ਦੀ ਗ੍ਰਿਫਤ ਵਿਚ ਆਇਆ ਉਹ ਉਸਦੇ ਨੇੜੇ ਬਿਸਤਰੇ ਦੇ ਕੋਣੇ ਤੇ ਬੈਠ ਗਿਆ। ਉਸਨੇ ਹੱਥਾਂ ਨਾਲ ਆਪਣਾ ਚਿਹਰਾ ਢੱਕ ਲਿਆ। ਉਹ ਇਸ ਗੱਲ ਉਪਰ ਵਿਸ਼ਵਾਸ ਕਰਨੋਂ ਡਰ ਰਿਹਾ ਸੀ ਕਿ ਖੁਸ਼ੀ ਸੱਚਮੁੱਚ ਉਸਦੇ ਦੁਆਰ ਤੇ ਆ ਗਈ ਸੀ। ਇਸ ਨੂੰ ਚਿੰਤਾ ਹੋਈ ਕਿ ਇਹ ਅਣਕਿਆਸੀ ਖੁਸ਼ੀ ਕੋਈ ਨਵੀਂ ਮੁਸੀਬਤ ਨਾ ਲੈ ਆਏ। ਉਸਦੇ ਹੱਥ ਅਜੇ ਵੀ ਚਿਹਰੇ ਨੂੰ ਢੱਕ ਰਹੇ ਸਨ। ਉਹ ਨਵੇਕਲੇ ਨਵੇਂ ਅਹਿਸਾਸਾਂ ਨੂੰ ਮਾਣ ਰਿਹਾ ਸੀ। ਕੁੜੀ ਨੇ ਸੀਊਣਾ ਬੰਦ ਕਰ ਦਿੱਤਾ।

ਉਸ ਦੇ ਫੁਰਨੇ ਨੇ ਉਸਨੂੰ ਅਹਿਸਾਸ ਕਰਵਾਇਆ ਕਿ ਇਹੀ ਉਹ ਆਦਮੀ ਹੈ ਜਿਸ ਉਪਰ ਸਾਰੀ ਉਮਰ ਭਰੋਸਾ ਕੀਤਾ ਜਾ ਸਕਦਾ ਸੀ। ਉਸਨੂੰ ਇਹ ਇਕਦਮ ਅਜਨਬੀ ਨਾਂ ਲੱਗਾ। ਉਸਨੇ ਉਸ ਦੇ ਥੋੜ੍ਹੇ ਜਿਹੇ ਝੁਕੇ ਮੋਢੇ ਉਪਰ ਆਪਣਾ ਹੱਥ ਧਰ ਦਿੱਤਾ। ਇਸ ਤਰ੍ਹਾਂ ਦੋਨੋਂ ਕੱਪੜੇ ਨਾਲ ਢੱਕੇ ਇੱਟਾਂ ਵਾਲੇ ਕੋਣੇ ਉਪਰ ਬੈਠੇ ਸਵੇਰ ਤੱਕ ਗੱਲਾਂ ਮਾਰਦੇ ਰਹੇ। ਜ਼ਿਊਜ਼ੀ ਸਿਚੁਆਨ ਤੋਂ ਸੀ। ਉਨ੍ਹਾਂ ਦਿਨਾਂ ਵਿਚ ਅਮੀਰ ਕਹੇ ਜਾਂਦੇ ਇਲਾਕੇ ਵਿਚ ਖਾਣ ਨੂੰ ਵੀ ਬਹੁਤਾ ਕੁਝ ਨਹੀਂ ਸੀ ਮਿਲਦਾ। ਮਿੱਠੇ ਆਲੂ ਵੀ ਦੁਰੱਲਭ ਸਨ। ਕਿਸਾਨਾਂ ਨੂੰ ਭੁੱਖੇ ਮਰਦਿਆਂ ਆਪਣੀਆਂ ਜਾਨਾਂ ਬਚਾਉਣ ਲਈ ਆਪਣੇ ਘਰ ਛੱਡਣੇ ਪਏ। ਕੁੜੀਆਂ ਜਿਨ੍ਹਾਂ ਦਾ ਵਿਆਹ ਬਾਹਰ ਕਿਸੇ ਨਾਲ ਹੋ ਜਾਂਦਾ ਸੀ ਉਹ ਸੁਖਾਲੀਆਂ ਸਨ। ਉਹ ਪਿੰਡ ਦੀਆਂ ਹੋਰਨਾਂ ਕੁੜੀਆਂ ਨੂੰ ਵੀ ਆਪਣੇ ਨੇੜੇ ਹੀ ਵਿਆਹ ਲੈ ਜਾਂਦੀਆਂ। ਇਸ ਤਰ੍ਹਾਂ ਕੁੜੀਆਂ ਦੇ ਸਮੂਹਾਂ ਨੇ ਆਪਣੀਆਂ ਚੀਜ਼ਾਂ ਵਸਤਾਂ ਨੂੰ ਪੋਟਲੀਆਂ ਵਿਚ ਬੰਨ ਕੇ ਦੂਰ ਤੇ ਥਾਂ ਲਈ ਚਾਲੇ ਪਾ ਦਿੱਤੇ। ਉਹ ਯਾਂਗਪਿੰਕ ਦੱਰੇ ਨੂੰ ਪਾਰ ਕਰ ਗਈਆਂ। ਉਨ੍ਹਾਂ ਨੇ ਕੁਇੰਗਲਿੰਗ ਪਹਾੜਾਂ ਨੂੰ ਟੱਪਿਆ। ਉਨ੍ਹਾਂ ਨੂੰ ਅਣਗਿਣਤ ਸੜਕੀ ਤੇ ਰੇਲਵੇ-ਸੁਰੰਗਾਂ ਨੂੰ ਲੰਘਣਾ ਪਿਆ ਜਿਹੜੀਆਂ ਸਾਂਕਸੀ, ਗਾਂਸੂ, ਕੁਇੰਘਾਈ, ਨਿੰਗਸ਼ਿਆ ਅਤੇ ਜ਼ਿੰਗਜ਼ਿਆਂਗ ਦੇ ਰਾਹ ਵਿਚ ਪੈਂਦੀਆਂ ਸਨ। ਜੇ ਮਾਪਿਆਂ ਦੀ ਸਮਰੱਥਾ ਹੁੰਦੀ ਤਾਂ ਉਹ ਆਪਣੀ ਧੀ ਨੂੰ ਰੇਲ ਦੀ ਟਿਕਟ ਲੈ ਦਿੰਦੇ। ਨਹੀਂ ਤਾਂ ਉਸਨੂੰ ਲੁਕ-ਛਿਪ ਕੇ ਬੇਟਿਕਟੇ ਹੀ ਸਫਰ ਕਰਨਾ ਪੈਂਦਾ। ਇਕ ਸਟੇਸ਼ਨ ਤੋਂ ਦੂਸਰੇ ਸਟੇਸ਼ਨ ਤੱਕ ਉਸਦੀ ਗੱਠੜੀ ਵਿਚ ਕੁਝ ਟਾਕੀਆਂ ਲੱਗੇ ਕੱਪੜੇ ਹੁੰਦੇ, ਇਕ ਛੋਟਾ ਗੋਲ ਸ਼ੀਸ਼ਾ ਹੁੰਦਾ ਤੇ ਇਕ ਕੰਘੀ। ਇਨ੍ਹਾਂ ਕੁਝ ਚੀਜ਼ਾਂ ਨਾਲ ਲੈਸ ਉਹ ਆਪਣੀ ਜਵਾਨੀ ਨਾਲ ਤੇ ਕਦੇ ਆਪਣੀ ਜ਼ਿੰਦਗੀ ਨਾਲ ਵੀ ਜੂਆ ਖੇਡਦੀ। ਉਸਨੂੰ ਖੁਸ਼ੀ ਵੀ ਮਿਲ ਸਕਦੀ ਸੀ ਤੇ ਉਹ ਪੂਰੀ ਤਰ੍ਹਾਂ ਤਬਾਹ ਵੀ ਹੋ ਸਕਦੀ ਸੀ।

ਇਸ ਜ਼ਿਲ੍ਹੇ ਦੇ ਫਾਰਮਾਂ ਤੇ ਇਸ ਤਰ੍ਹਾਂ ਦੇ ਵਿਆਹ ਨੂੰ 'ਅੱਠ-ਟਿਕਟਾ ਵਿਆਹ' ਕਿਹਾ ਜਾਂਦਾ। ਜਿਹੜੇ ਗਰੀਬ ਜੁਆਨ ਤੇ ਵੱਡੀ ਉਮਰ ਦੇ ਛੜੇ ਸਥਾਨਕ ਕੁੜੀਆਂ ਲਈ ਦਾਜ ਨਹੀਂ ਸਨ ਖਰੀਦ ਸਕਦੇ ਉਹ ਸਿਚੁਆਨ ਤੋਂ ਆਈਆਂ ਹੋਈਆਂ ਕੁੜੀਆਂ ਵੱਲ ਝੁਕਾ ਰੱਖਦੇ। ਜੇ ਇਥੇ ਵਿਆਹੀ ਸਿਚੁਆਨ ਦੀ ਕਿਸੇ ਔਰਤ ਨੂੰ ਪੁੱਛਿਆ ਜਾਂਦਾ ਤਾਂ ਉਹ ਇਉਂ ਬਹੁਤ ਸਾਰੇ ਨਾਂ ਗਿਣਾ ਦਿੰਦੀ ਜਿਵੇਂ ਉਸ ਕੋਲ ਕੁਆਰੀਆਂ ਦੀ ਪੂਰੀ ਲਿਸਟ ਹੋਵੇ। ਫਿਰ ਇਕ ਖਤ ਪਾਇਆ ਜਾਂਦਾ। ਇਸਦੇ ਆਧਾਰ ਤੇ ਕੁੜੀ ਇਥੇ ਪਹੁੰਚਦੀ ਤੇ ਉਸਦਾ ਵਿਆਹ ਰਚਾਇਆ ਜਾਂਦਾ। ਜ਼ਿਊਜ਼ੀ ਇਨ੍ਹਾਂ ਵਿਚੋਂ ਹੀ ਇਕ ਸੀ। ਅਸਲ ਵਿਚ ਉਹ ਸਤਵੀਂ ਉਪਜਾਊ ਟੀਮ ਦੇ ਇਕ ਡਰਾਈਵਰ ਨਾਲ ਵਿਆਹ ਕਰਾਉਣ ਆਈ

ਸੀ। ਬਦਕਿਸਮਤੀ ਨੂੰ ਪਿੰਡ ਦੇ ਮਹੱਤਬਰਾਂ ਵਲੋਂ ਦੱਸੀਆਂ ਨਿਸ਼ਾਨੀਆਂ ਨੂੰ ਮੁਸ਼ਕਲਾਂ ਨਾਲ ਲੱਭਦੀ ਜਦੋਂ ਉਹ ਉੱਥੇ ਪਹੁੰਚੀ ਤਾਂ ਉਸਨੂੰ ਪਤਾ ਲੱਗਾ ਕਿ ਉਸ ਨਾਲ ਵਿਆਹ ਕਰਵਾਉਣ ਵਾਲੇ ਡਰਾਈਵਰ ਦੀ ਤਿੰਨ ਦਿਨ ਪਹਿਲਾਂ ਇਕ ਹਾਦਸੇ ਵਿਚ ਮੌਤ ਹੋ ਗਈ ਸੀ। ਉਹ ਸ਼ਮਸ਼ਾਨ ਘਾਟ ਤੇ ਨਹੀਂ ਗਈ। ਇਹ ਜ਼ਰੂਰੀ ਵੀ ਨਹੀਂ ਸੀ ਕਿਉਂਕਿ ਉਸਨੇ ਮਰਨ ਵਾਲੇ ਨੂੰ ਦੇਖਿਆ ਹੀ ਨਹੀਂ ਸੀ। ਉਹ ਇੰਨੀ ਸਮਝਦਾਰ ਸੀ ਕਿ ਉਹ ਵਿਚੋਲਣ ਪਾਸ ਵੀ ਨਹੀਂ ਸੀ ਜਾਣਾ ਚਾਹੁੰਦੀ ਕਿਉਂਕਿ ਉਹ ਜਾਣਦੀ ਸੀ ਕਿ ਉਸਦਾ ਪਤੀ ਅਪਾਹਜ ਸੀ ਤੇ ਉਸਦਾ ਇਕ ਛੋਟਾ ਜਿਹਾ ਬੱਚਾ ਵੀ ਸੀ। ਇਉਂ ਉਹ ਤਾਂ ਆਪ ਮੁਸੀਬਤ ਦੀ ਮਾਰੀ ਹੋਈ ਸੀ। ਉਹ ਨਿਰਾਸ਼ ਹੋਈ ਸੱਤਵੀਂ ਟੀਮ ਦੇ ਬਾੜੇ ਮੋਹਰੇ ਬੈਠ ਗਈ। ਉਹ ਖਾਲੀ ਨਜ਼ਰਾਂ ਨਾਲ ਆਪਣੇ ਪ੍ਰਛਾਵੇਂ ਨੂੰ ਝਾਕ ਰਹੀ ਸੀ।

ਦੂਹਰੀ ਜ਼ੁਬਾਨ ਵਾਲੇ ਨੂੰ ਦੁਪਹਿਰੇ ਜਾ ਕੇ ਇਸ ਗੱਲ ਦਾ ਪਤਾ ਲੱਗਾ ਜਦੋਂ ਉਹ ਕੇਤਲੀ ਹੱਥ ਵਿਚ ਫੜੀ ਬਾੜੇ ਤੋਂ ਥੋੜ੍ਹਾ ਜਿਹਾ ਗਰਮ ਪਾਣੀ ਲੈਣ ਗਿਆ। ਘੋੜਿਆਂ ਨੂੰ ਪਿੱਛੇ ਛੱਡ ਕੇ ਕੁੜੀ ਲਈ ਕੋਈ ਰਾਹ ਕੱਢਣ ਲਈ ਉਹ ਦਰ-ਦਰ ਫਿਰਿਆ। ਉਸਦੀ ਟੀਮ ਵਿਚ ਹੁਣ ਤਿੰਨ ਹੀ ਛੜੇ ਰਹਿ ਗਏ ਸਨ। ਤਿੰਨਾਂ ਨੇ ਬਾੜੇ ਤੇ ਆ ਕੇ ਉਸਨੂੰ ਦੇਖਿਆ। ਪਰ ਉਹ ਉਨ੍ਹਾਂ ਨੂੰ ਜਚੀ ਨਹੀਂ ਕਿਉਂਕਿ ਉਨ੍ਹਾਂ ਲਈ ਉਹ ਬਹੁਤੀ ਮਧਰੀ ਸੀ। ਅਖੀਰ ਦੂਹਰੀ-ਜ਼ੁਬਾਨ ਵਾਲੇ ਨੂੰ ਜ਼ੂ ਲਿੰਗਜੁਨ ਦਾ ਧਿਆਨ ਆਇਆ ਜੋ ਪਹਿਲਾਂ ਹੀ ਪੈਂਤੀ-ਛੱਤੀ ਦਾ ਹੋ ਗਿਆ ਸੀ।

ਤੇ ਏਦਾਂ ਉਸਦਾ ਵਿਆਹ ਹੋਇਆ। ਇਹ ਸੀ ਉਸਦਾ ਰੁਮਾਂਸ।

"ਬੁੱਢੇ ਜ਼ੂ ਦਾ ਵਿਆਹ ਹੋ ਗਿਆ।" ਪਿੰਡ ਵਿਚ ਇਹ ਇਕ ਬਹੁਤ ਵੱਡੀ ਘਟਨਾ ਸੀ। ਧੜਿਆਂ ਵਿਚ ਵੰਡੇ ਤੇ ਵਿਰੋਧੀ ਵੀ ਥੋੜੇ ਚਿਰ ਲਈ ਲੜਾਈ ਭੁਲਾ ਕੇ ਉਸਨੂੰ ਵਧਾਈਆਂ ਦੇਣ ਆਏ। ਕਿਉਂਕਿ ਜ਼ੂ ਅਜਿਹਾ ਆਦਮੀ ਸੀ ਜੋ ਇਨ੍ਹਾਂ ਝਗੜਿਆਂ ਤੋਂ ਉਪਰ ਸੀ। ਉਹ ਕਿਸੇ ਦਾ ਨੁਕਸਾਨ ਨਹੀਂ ਸੀ ਕਰਦਾ ਤੇ ਰਾਤ ਦਿਨ ਮਿਹਨਤ ਕਰਦਾ ਸੀ। ਮਨੁੱਖ ਤਾਂ ਫਿਰ ਵੀ ਮਨੁੱਖ ਹੀ ਹੈ। ਪਿੰਡਾਂ ਦੇ ਲੋਕ ਹੋਰਨਾਂ ਨੂੰ ਨਿੱਘ ਦੇ ਕੇ ਆਪ ਨਿੱਘ ਮਹਿਸੂਸ ਕਰਦੇ ਸਨ। ਉਹ ਮਹਿਸੂਸ ਕਰਦੇ ਸਨ ਕਿ ਇਨ੍ਹਾਂ ਉਥੱਲ ਪੁਥੱਲ ਦੇ ਦਿਨਾਂ ਵਿਚ ਵੀ ਮਾਨਵਤਾ ਦਾ ਜਮ੍ਹਾ ਹੀ ਖਾਤਮਾ ਨਹੀਂ ਸੀ ਹੋਇਆ। ਕਿਸੇ ਨੇ ਉਸਨੂੰ ਕੜਾਹੀ ਦਿੱਤੀ ਤੇ ਕਿਸੇ ਨੇ ਬਹੁਤ ਸਾਰੇ ਚੌਲ। ਤੇ ਕਿਸੇ ਨੇ ਕੱਪੜੇ ਦੇ ਕੂਪਨ ਵੀ ਦਿੱਤੇ। ਇਕ ਜਵਾਨ ਸਟਜੀਅਨ ਨੇ ਉਗਰਾਹੀ ਕੀਤੀ। ਹਰੇਕ ਘਰ ਨੇ ਪਰਿਵਾਰ ਚਲਾਉਣ ਲਈ [illegible] 'ਫੇਨ' ਦਾ ਯੋਗਦਾਨ ਦਿੱਤਾ। ਫਾਰਮ ਦੀ ਮੋਹਰੀ ਕਮੇਟੀ ਨੇ ਹੋਰਨਾਂ ਵਾਂਗ ਉਸਨੂੰ ਵੀ ਤਿੰਨ ਦਿਨ ਹਨੀਮੂਨ ਮਨਾਉਣ ਦੀ ਇਜਾਜ਼ਤ ਦੇ ਦਿੱਤੀ। ਉਨ੍ਹਾਂ ਕਾਲੇ ਦਿਨਾਂ ਵਿਚ ਵੀ ਪਿੰਡਾਂ ਦੇ ਲੋਕ ਬੜੇ ਦਿਆਲੂ ਸਨ!

ਇਸ ਦਾਨ ਦਕਸ਼ਣਾ ਦੇ ਸਿਰ ਤੇ ਉਨ੍ਹਾਂ ਨੇ ਆਪਣੀ ਨਵੀਂ ਜ਼ਿੰਦਗੀ ਸ਼ੁਰੂ ਕੀਤੀ।

ਜ਼ਿਊਜ਼ੀ ਬੜੀ ਮਿਹਨਤੀ ਤੇ ਆਸ਼ਾਵਾਦੀ ਸੀ। ਉਹ ਦੋ ਸਾਲ ਹੀ ਸਕੂਲ ਗਈ ਸੀ, ਇਸ ਲਈ ਉਹ ਆਪਣੀਆਂ ਭਾਵਨਾਵਾਂ ਸਭਿਅਕ ਢੰਗ ਨਾਲ ਨਹੀਂ ਸੀ ਪ੍ਰਗਟਾ ਸਕਦੀ। ਪਰ ਪਿੰਡ ਦੇ ਚੌਕ ਵਿਚ 'ਲੈਨਿਨ 1918' ਵਿਚ ਫਿਲਮ ਦੇਖਣ ਤੋਂ ਬਾਅਦ ਜਦ ਉਹ ਵਾਪਿਸ ਆਈ ਤਾਂ ਉਸਨੇ ਲੈਨਿਨ ਦੇ ਬਾਡੀਗਾਰਡ ਦੇ ਕਹੇ ਸ਼ਬਦ ਦੁਹਰਾਏ, "ਰੋਟੀ ਮਿਲੇਗੀ ਤੇ ਦੁੱਧ ਵੀ" ਤੇ ਹੌਲੀ-ਹੌਲੀ ਇਹ ਉਸਦਾ ਤਕੀਆ ਕਲਾਮ ਬਣ ਗਿਆ। ਹਰ ਵਾਰ ਇਸਦੇ ਨਾਲ ਹੀ ਉਸਨੂੰ ਹਾਸਾ ਵੀ ਆ ਜਾਂਦਾ। ਉਸਦੀਆਂ ਭਵਾਂ ਬਾਰੀਕ ਸਨ ਤੇ ਅੱਖਾਂ ਛੋਟੀਆਂ। ਜਦੋਂ ਉਹ ਹੱਸਦੀ, ਇਹ ਅੱਖੀਆਂ ਪਹਿਲੀ ਦੇ ਚੰਦ ਵਰਗੀਆਂ ਝੀਥਾਂ ਲਗਦੀਆਂ। ਉਸਦੀਆਂ ਡੂੰਘੀਆਂ ਗੱਲ੍ਹਾਂ ਦਾ ਆਪਣਾ ਹੀ ਜਾਦੂ ਸੀ। ਜਦੋਂ ਜ਼ੂਲਿੰਗਜੁਨ ਦਿਨ ਵੇਲੇ ਘੋੜੇ ਚਰਾਉਣ ਜਾਂਦਾ ਤਾਂ ਉਹ ਝੁਲਸਦੀ ਸਿਖਰ ਦੁਪਹਿਰੇ ਕੱਚੀਆਂ ਇੱਟਾਂ ਪੱਥਦੀ। ਫਿਰ ਉਸਨੇ ਇੱਟਾਂ ਢੋਅ ਕੇ ਘਰ ਲਿਆਂਦੀਆਂ ਅਤੇ ਆਪਣੀ ਝੌਂਪੜੀ



ਦੁਆਲੇ ਕੰਧ ਕਰਨੀ ਸ਼ੁਰੂ ਕਰ ਦਿੱਤੀ। ਤੇ ਇਸ ਤਰ੍ਹਾਂ ਛਿਆਨਵੇਂ ਲੱਖ ਵਰਗ ਕਿਲੋਮੀਟਰ ਜ਼ਮੀਨ ਵਿਚੋਂ ਉਸਨੇ ਅੱਸੀ ਵਰਗ ਮੀਟਰ ਆਪਣੇ ਲਈ ਵੱਲ ਲਈ। "ਘਰ ਵਿਚ" ਉਹ ਕਹਿੰਦੀ, "ਕਮਰਿਆਂ ਦੇ ਸਾਹਮਣੇ ਸਾਰਿਆਂ ਦੇ ਦਰਖਤ ਉਗਾਏ ਹੋਏ ਹਨ। ਉਨ੍ਹਾਂ ਕਰਕੇ ਆਸਮਾਨ ਤਾਂ ਦੇਖਿਆ ਹੀ ਨਹੀਂ ਜਾ ਸਕਦਾ। ਇਸ ਲਈ ਉਸਨੇ ਖੇਤਾਂ ਵਿਚੋਂ ਦੋ ਗਾਚੀਆਂ ਤਕੜੇ ਪਪਲਾਰ ਦੀਆਂ ਕੱਢੀਆਂ ਅਤੇ ਘਰ ਘਸੀਟ ਲਿਆਈ ਅਤੇ ਉਨ੍ਹਾਂ ਨੂੰ ਵਿਹੜੇ ਦੇ ਦੋਹੀਂ ਪਾਸੀ ਲਾ ਦਿੱਤਾ। ਕੰਧਾਂ ਪੂਰੀਆਂ ਹੋਈਆਂ ਤਾਂ ਉਸਨੇ ਪੋਲਟਰੀ ਬਣਾਉਣੀ ਸ਼ੁਰੂ ਕਰ ਦਿੱਤੀ। ਚੂਚਿਆਂ, ਬੱਤਖਾਂ, ਹੰਸਾਂ ਤੋਂ ਇਲਾਵਾ ਉਸਨੇ ਸਮਾਂ ਬਿਤਾਉਣ ਲਈ ਖਰਗੋਸ਼ ਤੇ ਘੁੱਗੀਆਂ ਵੀ ਪਾਲੀਆਂ। ਇਸ ਕਾਰਣ ਲੋਕਾਂ ਨੇ ਉਸਦਾ ਨਾਂ 'ਤਿੰਨ ਫੌਜਾਂ ਦੀ ਕਮਾਂਡਰ' ਰੱਖ ਦਿੱਤਾ। ਜਿਸ ਗੱਲ ਨੇ ਉਸਨੂੰ ਦੁਖੀ ਕੀਤਾ। ਉਹ ਇਹ ਸੀ ਕਿ ਇਸ ਸਰਕਾਰੀ ਫਾਰਮ ਤੇ ਸੂਰ ਪਾਲਣ ਦੀ ਮਨਾਹੀ ਸੀ। ਰਾਤ ਨੂੰ ਬਿਸਤਰੇ ਵਿਚ ਉਹ ਜ਼ੂ ਲਿੰਗਜੁਨ ਨੂੰ ਦੱਸਦੀ ਕਿ ਕਿਵੇਂ ਉਸਨੂੰ ਆਪਣੇ ਮੋਟੇ ਮੋਟੇ ਸੂਰਾਂ ਦੇ ਸੁਪਨੇ ਆਉਂਦੇ ਸਨ।

ਸ਼ਹਿਰ ਤੋਂ ਬਹੁਤ ਦੂਰ ਇਹ ਫਾਰਮ ਇਕ ਬੁੱਸੇ ਤਲਾਅ ਵਰਗਾ ਸੀ। ਉਪਰੋਂ ਆਈਆਂ ਗਲਤ ਜਾਂ ਠੀਕ ਪਾਲਸੀਆਂ ਲਾਗੂ ਕਰਨ ਵਿਚ ਨੇਤਾ ਬੜੇ ਸੁਸਤ ਸਨ। "ਬੁਰਜ਼ੁਆ ਦੀ ਰਹਿੰਦ ਖੂੰਹਦ" ਕਹਿ ਕੇ ਲਤਾੜੇ ਜਾਣ ਦਾ ਵੀ ਪੂਰਾ ਖਤਰਾ ਸੀ। ਚੱਟਾਨਾਂ ਦੀਆਂ ਤ੍ਰੇੜਾਂ ਵਿਚ ਵੀ ਉੱਗ ਆਉਂਦੇ ਸਖ਼ਤ ਘਾਹ ਵਾਂਗ ਜ਼ਿਊਜ਼ੀ ਆਪਣੇ ਵਿਚਾਰਾਂ ਵਿਚ ਪੱਕੀ ਸੀ। ਜਾਨਵਰ ਬੜੀ ਤੇਜ਼ੀ ਨਾਲ਼ ਵੱਡੇ ਹੋਏ ਜਿਵੇਂ ਉਹ ਜਾਦੂਗਰ ਦੇ ਹੱਥਾਂ ਵਿਚ ਪਲ਼ੇ ਹੋਣ। "ਰੋਟੀ ਹੋਵੇਗੀ ਤੇ ਦੁੱਧ ਵੀ।" ਇਕ ਸਾਲ ਦੀ ਮਿਹਨਤ ਤੋਂ ਬਾਅਦ ਉਨ੍ਹਾਂ ਦੀ ਜ਼ਿੰਦਗੀ ਕਾਫ਼ੀ ਸੁਧਰ ਗਈ। ਮਾਮੂਲੀ ਤਨਖਾਹਾਂ ਦੇ ਬਾਵਜੂਦ ਉਹਨਾਂ ਕੋਲ ਜ਼ਰੂਰਤ ਦੀ ਹਰ ਚੀਜ਼ ਸੀ। ਜਿਊਜ਼ੀ ਸਮਾਜੀ ਲਹਿਰ ਦੇ ਖ਼ਿਲਾਫ਼ ਜਾਣ ਦੀ ਹਿੰਮਤ ਤੇ ਪ੍ਰਵਿਰਤੀ ਵੀ ਰੱਖਦੀ ਸੀ। ਹਰ ਸ਼ਾਮ ਖੇਤਾਂ ਤੋਂ ਮੁੜਦਿਆਂ ਕੁਇੰਗਕਿੰਗ (ਬੇਟੀ) ਉਸਦੀ ਪਿੱਠ ਤੇ ਲੱਦੀ ਹੁੰਦੀ। ਉਸਦੇ ਪਿੱਛੇ ਪਿੱਛੇ ਚੂਚਿਆਂ, ਬੱਤਖਾਂ, ਹੰਸਾਂ ਦੀ ਡਾਰ ਹੁੰਦੀ। ਘੁੱਗੀਆਂ ਉਸਦੇ ਮੋਢਿਆਂ ਤੇ ਘੁਗੂ-ਘੂੰ ਕਰ ਰਹੀਆਂ ਹੁੰਦੀਆਂ। ਪਾਣੀ ਦੇ ਕੜਾਹੇ ਹੇਠ ਚੁਲ੍ਹੇ ਵਿਚ ਲੱਕੜਾਂ ਖ਼ੂਬ ਬਲਦੀਆਂ। ਹਜ਼ਾਰਾਂ ਬਾਹਵਾਂ ਵਾਲ਼ੇ ਬੁੱਧ ਵਾਂਗ ਉਹ ਹਰ ਚੀਜ਼ ਨੂੰ ਥਾਂ ਸਿਰ ਕਰ ਸਕਦੀ ਸੀ।

ਇਸ ਔਰਤ ਨੇ ਮਿੱਠੇ ਆਲੂ ਉਗਾਏ। ਇਨ੍ਹਾਂ ਆਲੂਆਂ ਨੇ ਨਾ ਕੇਵਲ ਉਨ੍ਹਾਂ ਦਾ ਚੁਲ੍ਹਾ ਹੀ ਮਘਦਾ ਰੱਖਿਆ ਸਗੋਂ ਇਸ ਧਰਤੀ ਵਿਚ ਉਨ੍ਹਾਂ ਦੀਆਂ ਜੜ੍ਹਾਂ ਵੀ ਡੂੰਘੀਆਂ ਹੋ ਗਈਆਂ। ਉਨ੍ਹਾਂ ਜੜ੍ਹਾਂ ਨੂੰ ਆਪਣੀ ਮਿਹਨਤ ਤੇ ਸਾਂਝੀ ਤਾਕਤ ਨਾਲ਼ ਸਿੰਜਿਆ। ਇਸ ਸਾਂਝ ਨੇ ਜ਼ੂ ਦੇ ਧਰਤੀ ਨਾਲ਼ ਮੋਹ ਨੂੰ ਹੋਰ ਵਧਾ ਦਿੱਤਾ ਤੇ ਉਸਨੂੰ ਇਹ ਸਾਫ਼ ਸਮਝ ਆਈ ਕਿ ਕੰਮ ਦੀ ਜ਼ਿੰਦਗੀ ਸਾਦਾ, ਸਾਫ਼ ਤੇ ਇਮਾਨਦਾਰ ਹੈ। ਜਿਸ ਖੁਸ਼ੀ ਨੂੰ ਉਸਨੇ ਕਈ ਸਾਲ ਪਹਿਲਾਂ ਲੱਭਿਆ ਸੀ, ਇਥੇ ਉਹੀ ਉਸਨੂੰ ਭਰਪੂਰ ਰੂਪ ਵਿਚ ਮਿਲ ਗਈ ਸੀ।

ਤੇ ਉਹ ਦਿਨ ਵੀ ਆ ਗਿਆ ਜਦੋਂ ਡਿਪਟੀ ਹੈੱਡ ਡਾਂਗ ਨੇ ਇਹ ਐਲਾਨ ਕਰ ਦਿੱਤਾ ਕਿ ਉਸਨੂੰ ਸਾਰੇ ਦੋਸ਼ਾਂ ਤੋਂ ਬਰੀ ਕਰ ਦਿੱਤਾ ਗਿਆ ਹੈ। ਆਰਥਿਕ ਦਫ਼ਤਰ ਦੀ ਪਾਲਿਸੀ ਅਧੀਨ ਮੁਆਵਜ਼ੇ ਵੱਜੋਂ ਉਸਨੂੰ ਪੰਜ ਸੌ ਯੂਆਨ ਦੀ ਰਕਮ ਦਿੱਤੀ ਗਈ। ਜਦੋਂ ਇਸ ਸਭ ਕੁਝ ਬਾਰੇ ਉਸਨੇ ਆਪਣੀ ਪਤਨੀ ਨੂੰ ਦੱਸਿਆ ਤਾਂ ਉਹ ਖੁਸ਼ੀ ਨਾਲ਼ ਉੱਛਲ ਪਈ ਤੇ ਉਸਦਾ ਚਿਹਰਾ ਨਵੇਂ ਨਕੋਰ ਨੋਟਾਂ ਨੂੰ ਗਿਣਨਾ ਸ਼ੁਰੂ ਕਰ ਦਿੱਤਾ।

"ਹੇ, ਜ਼ਿਊਜ਼ੀ ਹੁਣ ਤੋਂ ਬਾਅਦ ਅਸੀਂ ਹਰ ਕਿਸੇ ਦੇ ਬਰਾਬਰ ਹਾਂ," ਆਪਣਾ ਹੱਥ ਮੂੰਹ ਧੋਂਦਿਆਂ ਉਸਨੇ ਰਸੋਈ ਵਲ ਮੂੰਹ ਕਰਕੇ ਉਚੀ ਦੇਣੀ ਰੌਲ਼ਾ ਚੁੱਕ ਦਿੱਤਾ। "ਮੇਰੀ ਗੱਲ ਸੁਣੀ ਐਂ ਜ਼ਿਊਜ਼ੀ ? ਤੂੰ ਇਥੇ ਅੰਦਰ ਕਰ ਕੀ ਰਹੀ ਐਂ ?"

"ਮੈਂ ਇਨ੍ਹਾਂ ਨੂੰ ਕਈ ਵਾਰ ਗਿਣਿਆਂ ਪਰ ਇਹ ਮੇਰੇ ਗੇੜ ਵਿਚ ਨਹੀਂ ਆਉਂਦੇ! ਕਿੱਡੀ ਵੱਡੀ ਐ ਗੱਠੀ!"

ਕੁਝ ਚਿਰ ਚੁੱਪ ਰਹਿਣ ਤੋਂ ਬਾਅਦ ਉਸਨੇ ਫਿਰ ਕਿਹਾ, "ਮੈਂ ਤੈਨੂੰ ਮਿਲਕੇ ਬੇਹੱਦ ਖੁਸ਼ ਹਾਂ।" ਆਪਣੀ ਭਾਵੁਕਤਾ ਨੂੰ ਕਾਬੂ ਕਰਨ ਦੇ ਯਤਨ ਦੇ ਬਾਵਜੂਦ ਉਸਦੇ ਬੁੱਲ੍ਹ ਕੰਬ ਰਹੇ ਸਨ। "ਮੈਂ ਜਾਣ ਗਿਆ ਹਾਂ ਕਿ ਤੂੰ ਬਹੁਤ ਸੁਘੜ ਤੇ ਪ੍ਰੌੜ ਹੋ ਗਿਆ ਹੈਂ। ਸ਼ਾਇਦ ਇਸ ਕਰਕੇ ਕਿ ਤੂੰ ਚੀਜ਼ਾਂ ਵਿਚ ਪੱਕਾ ਵਿਸ਼ਵਾਸ ਰੱਖਦਾ ਹੈਂ। ਇਹ ਚੰਗੀ ਗੱਲ ਹੈ। ਆਦਮੀ ਚਾਹੁੰਦਾ ਕੀ ਹੈ ? ਵਿਸ਼ਵਾਸ! ਸੱਚੀ ਤੇ ਸਾਫ਼ ਗੱਲ ਇਹ ਹੈ ਕਿ ਭੂਤਕਾਲ ਵਿਚ ਮੈਂ ਵੀ ਇਸਦੀ ਭਾਲ ਵਿਚ ਸਾਂ। ਪਰੰਤੂ ਧਰਮ ਮੈਨੂੰ ਸੰਤੁਸ਼ਟ ਨਾ ਕਰ ਸਕਿਆ........." ਉਹ ਰੁਕਿਆ, ਉਸਨੇ ਇਕ ਹੱਥ ਇਉਂ ਲਹਿਰਾਇਆ ਜਿਵੇਂ ਉਹ ਨਿਰਾਸਤਾ ਵਿਚ ਕਿਸੇ ਚੀਜ਼ ਨੂੰ ਕੁਝ ਇਕ ਪਾਸੇ ਕਰ ਰਿਹਾ ਹੋਵੇ। ਤੇ ਅਚਾਨਕ ਉਸਨੇ ਵਿਸ਼ਾ ਹੀ ਬਦਲ ਦਿੱਤਾ। "ਪਿਛਲੇ ਸਾਲ ਪੈਰਿਸ ਵਿਚ ਮੈਂ ਮੁਪਾਂਸਾਂ ਦੀਆਂ ਚੋਣਵੀਆਂ ਕਹਾਣੀਆਂ" ਦਾ ਅੰਗਰੇਜ਼ੀ ਰੂਪ ਪੜ੍ਹਿਆ ਸੀ। ਉਸਦੀ ਇਕ ਕਹਾਣੀ ਸੀ, ਡਿਪਟੀ ਬਾਰੇ ਜੋ ਅੰਤ ਨੂੰ ਆਪਣੇ ਉਸ ਪੁੱਤਰ ਨੂੰ ਮਿਲ ਰਿਹਾ ਸੀ ਜਿਸ ਤੋਂ ਬਹੁਤ ਪਹਿਲਾਂ ਉਹ ਵਿਛੜ ਗਿਆ ਸੀ। ਪਰ ਉਸਦਾ ਪੁੱਤਰ ਮੂਰਖ ਨਿਕਲ਼ਿਆ ਸੀ। ਇਸ ਕਹਾਣੀ ਨੂੰ ਪੜ੍ਹਨ ਤੋਂ ਬਾਅਦ ਮੈਂ ਸੌਂ ਨਹੀਂ ਸਾ ਸਕਿਆ। ਬਾਅਦ ਵਿਚ ਮੈਂ ਕਦੇ ਕਦੇ ਤੇਰੀ ਸੂਰਤ ਨੂੰ ਯਾਦ ਕਰਦਾ। ਮੈਨੂੰ ਲੱਗਦਾ ਕਿ ਤੂੰ ਕਿਸੇ ਮੁਸੀਬਤ ਵਿਚ ਹੈਂ। ਪਰ ਹੁਣ ਮੈਨੂੰ ਸ਼ਾਂਤੀ ਮਿਲ਼ੀ ਹੈ. ਮੇਰੀਆਂ ਜੰਗਲੀ ਖਾਹਸ਼ਾਂ ਤੋਂ ਪਾਰ ਤੂੰ ਮਨੁੱਖ ਬਣ ਗਿਆ ਹੈ।" ਉਸਨੂੰ ਅਗਾਂਹ ਬਣਦੇ ਸ਼ਬਦ ਨਾਂ ਲੱਭੇ। ਪਰ ਪੁੱਤਰ ਨੇ ਉਸਦੀਆਂ ਅੱਖਾਂ ਵਿਚ ਇਕ ਤਰ੍ਹਾਂ ਦੀ ਤਸੱਲੀ ਦੇਖ ਲਈ। ਉਹ ਜਾਣਦਾ ਸੀ ਕਿ ਉਹ ਤੇ ਉਸਦਾ ਪਿਉ ਦੋਨੋਂ ਹੀ ਇਸ ਮਿਲਣੀ ਤੋਂ ਖੁਸ਼ ਸਨ ਕਿਉਂਕਿ ਦੋਨਾਂ ਨੇ ਉਹ ਕੁਝ ਪਾ ਲਿਆ ਸੀ ਜੋ ਚਾਹੁੰਦੇ ਸਨ। ਉਸਦੇ ਪਿਉ ਦੀ ਆਤਮਾ ਉਤੋਂ ਗ਼ਲਤ ਹੋਣ ਦਾ ਭਾਰ ਲੱਥ ਗਿਆ ਸੀ। ਸੰਕਟ ਦੇ ਮੌਕੇ ਤੇ ਜੂ ਕੇ ਆਪਣੇ ਭੂਤਕਾਲ ਦੀ ਪੜਤਾਲ ਕੀਤੀ ਤੇ ਇਕ ਹੱਦ ਤਕ ਆਪਣੀ ਜ਼ਿੰਦਗੀ ਦੇ ਅਰਥਾਂ ਨੂੰ ਸਮਝਣ ਦੇ ਸਮਰੱਥ ਹੋ ਸਕਿਆ।

ਸੂਰਜ ਪਹਾੜੀ ਉਹਲੇ ਹੋ ਗਿਆ ਸੀ ਅਤੇ ਬੱਦਲਾਂ ਉਪਰ ਆਪਣੀਆਂ ਆਖਰੀ ਕਿਰਨਾਂ ਬਿਖੇਰ ਰਿਹਾ ਸੀ। ਚਮਕਦੇ ਬੱਦਲਾਂ ਦੀ ਰੌਸ਼ਨੀ ਵਿਚ ਪਹਾੜੀ ਨਾਲ਼ ਲੱਗਦੀਆਂ ਚਰਾਂਦਾਂ ਖੇਤ ਅਤੇ ਪਿੰਡ ਮਿੰਨੀ ਰੌਸ਼ਨੀ ਨਾਲ਼ ਢੱਕੇ ਗਏ ਸਨ। ਉਹ ਆਪਣੇ ਸਕੂਲ ਨੇੜੇ ਪਹੁੰਚ ਰਿਹਾ ਸੀ। ਖੇਡ ਦਾ ਮੈਦਾਨ ਪਹਿਲਾਂ ਹੀ ਦਿਖਾਈ ਦੇ ਰਿਹਾ ਸੀ। ਦੂਰੋਂ ਇਹ ਮੈਦਾਨ ਸ਼ਾਂਤ ਝੀਲ ਵਰਗਾ ਦਿਖਾਈ ਦੇ ਰਿਹਾ ਸੀ ਜਿਸਨੂੰ ਭੂਰੇ ਘਾਹ ਦੇ ਮੈਦਾਨਾਂ ਨੇ ਘੇਰਿਆ ਹੋਵੇ। ਸ਼ਾਮ ਦੀ ਸਮੀਰ ਨੇ ਉਸ ਵਿਚ ਕੋਮੰਲਤਾ ਦੀ ਲਹਿਰ ਪੈਦਾ ਕਰ ਦਿੱਤੀ ਸੀ, ਜਿਸ ਵਿਚ ਉਹ ਵਹਿ ਤੁਰਿਆ ਸੀ। ਅਖੀਰ ਉਸਨੇ ਸੋਚਿਆ ਕਿ ਉਸਦੇ ਪਿਉ ਨੇ ਅਸਲ ਵਿਚ ਉਸਨੂੰ ਪਹਿਚਾਣਿਆਂ ਨਹੀਂ ਸੀ ਭਾਵੇਂ ਕਿ ਕਿਹਾ ਉਸਨੇ ਇਹੀ ਸੀ ਕਿ ਉਸਨੂੰ ਇਸ ਵਿਚ ਪੂਰਾ ਭਰੋਸਾ ਸੀ। ਭਾਵਕ ਤਜਰਬੇ ਦੇ ਆਧਾਰ ਬਿਨਾਂ, ਬੌਧਿਕ ਜਾਣਕਾਰੀ ਕੋਰੀ ਚੀਜ਼ ਹੈ। ਕਿਸੇ ਮੌਕੇ ਤੇ ਇਕ ਢੰਗ ਨਾਲ ਭਾਵਨਾਵਾਂ ਵਿਚਾਰਾਂ ਨਾਲੋਂ ਵਧੇਰੇ ਮਹੱਤਵ ਪੂਰਣ ਹੁੰਦੀਆਂ ਹਨ। ਵੀਹ ਸਾਲਾਂ ਦੀਆਂ ਤੰਗੀਆਂ ਤੋਂ ਬਾਅਦ ਜੋ ਕੁਝ ਉਸਨੇ ਪਾਇਆ ਸੀ, ਉਹ ਸੀ ਭਾਵਨਾਵਾਂ ਅਤੇ ਇਕ ਮਜ਼ਦੂਰ ਬਾਰੇ ਸਮਝ। ਇਹ ਉਸਦੀ ਪੂੰਜੀ ਸੀ। ਉਹ ਪੂਰੀ ਤਰ੍ਹਾਂ ਵਹਿਣਾ ਵਿਚ ਵਹਿ ਗਿਆ। ਉਸਦੀਆਂ ਅੱਖਾ ਛਲਕ ਪਈਆਂ। ਅਖੀਰ ਉਸਨੇ ਔਖੇ ਸਾਲ ਮੁਸ਼ਕਲ ਸੜਕ ਤੇ ਤੁਰਦਿਆਂ ਬਰਬਾਦ ਨਹੀਂ ਸਨ ਕੀਤੇ।

ਉਸਨੂੰ ਹੁਣ ਸਕੂਲ ਨਜ਼ਰੀ ਪੈ ਗਿਆ। ਉਸਦੇ ਚਿੱਟਾ ਐਪਰਨ ਪਾਈ ਜ਼ਿਊਜੀ ਤਾਰੇ ਵਾਂਗ ਟਿਮਟਿਮਾ ਰਹੀ ਸੀ। ਭੀੜ ਦੇ ਪੈਰ ਹੋਰ ਤੇਜ਼ ਹੋ ਗਏ। ਉਸਨੂੰ ਪਛਾਣ ਕੇ ਤਾਂ ਉਹ ਸੜਕ ਵਲ ਦੌੜ ਹੀ ਪਈ। ਲਾਲ ਜੈਕਟ ਪਾਈ ਛੋਟੀ ਜਿਹੀ ਕੁੜੀ ਨੇ ਉਸ ਵਲ ਛੂਟ ਵੱਟੀ। ਉਹ ਦਗਦੀ ਮਸ਼ਾਲ ਲੱਗ ਰਹੀ ਸੀ। ਉਹ ਨੇੜੇ ਤੋਂ ਨੇੜੇ ਆ ਰਹੀ ਸੀ। ਉਸਦੇ ਕਦਮ ਤੇਜ਼ ਤੋਂ ਤੇਜ਼............

**(ਚੀਨੀ ਤੋਂ ਅੰਗਰੇਜ਼ੀ ਅਨੁਵਾਦ : ਹੂ ਜ਼ੀ ਬੁਈ ਅਤੇ ਵਾਂਗ ਮਿੰਗਜੀ ਅੰਗਰੇਜ਼ੀ ਤੋਂ ਪੰਜਾਬੀ ਅਨੁਵਾਦ : ਡਾ. ਕਰਮਜੀਤ ਸਿੰਘ)** □





# ਮਾਉ ਜ਼ੇ ਤੁੰਗ

(ਯੇਨਾਨ ਗੋਸ਼ਟੀ ਸਾਹਮਣੇ ਕਲਾ ਤੇ ਸਾਹਿਤ ਸੰਬੰਧੀ ਦਿੱਤਾ ਭਾਸ਼ਣ)

2 ਮਈ 1942

ਸਾਥੀਉ, ਅੱਜ ਇਸ ਗੋਸ਼ਟੀ ਵਿਚ ਆਪਨੂੰ ਇਸ ਲਈ ਸੱਦਿਆ ਗਿਆ ਹੈ ਤਾਂ ਕਿ ਅਸੀਂ ਸਾਹਿਤਕ ਤੇ ਕਲਾਤਮਕ ਖੇਤਰਾਂ ਅਤੇ ਆਮ ਕ੍ਰਾਂਤੀਕਾਰੀ ਕੰਮ ਦੇ ਵਿਚਕਾਰ ਰਿਸ਼ਤਿਆਂ ਸੰਬੰਧੀ ਆਪਣਿਆਂ ਵਿਚਾਰਾਂ ਦਾ ਅਦਾਨ ਪ੍ਰਦਾਨ ਕਰ ਸਕੀਏ ਅਤੇ ਉਨ੍ਹਾਂ ਨੂੰ ਪਰਖ ਸਕੀਏ। ਸਾਡਾ ਉਦੇਸ਼ ਇਸ ਗੱਲ ਦੀ ਗਰੰਟੀ ਕਰਨਾ ਹੈ ਕਿ ਕ੍ਰਾਂਤੀਕਾਰੀ ਸਾਹਿਤ ਅਤੇ ਕਲਾ ਵਿਕਾਸ ਦਾ ਸਹੀ ਰਾਹ ਅਪਣਾਏ ਅਤੇ ਸਾਡੇ ਰਾਸ਼ਟਰੀ ਦੁਸ਼ਮਣ ਦਾ ਤਖਤਾ ਉਲਟਣ ਤੇ ਰਾਸ਼ਟਰੀ ਮੁਕਤੀ ਦੇ ਸਾਡੇ ਕੰਮ ਦੀ ਸਫਲਤਾ ਨੂੰ ਆਸਾਨ ਬਣਾਉਣ ਦੇ ਕ੍ਰਾਂਤੀਕਾਰੀ ਕੰਮ ਦੀ ਹੋਰ ਚੰਗੇਰੀ ਸਹਾਇਤਾ ਕਰ ਸਕੇ।

ਸਾਡੇ ਸੰਘਰਸ਼ ਵਿਚ ਚੀਨੀ ਜਨਤਾ ਦੀ ਮੁਕਤੀ ਦੇ ਵੱਖੋ-ਵੱਖ ਮੋਰਚੇ ਹਨ। ਉਨ੍ਹਾਂ ਵਿਚ ਕਲਮ ਅਤੇ ਬੰਦੂਕ ਦੇ ਮੋਰਚੇ ਹਨ। ਸਾਹਿਤਕ ਤੇ ਯੁੱਧ ਦੇ ਮੋਰਚੇ ਹਨ। ਦੁਸ਼ਮਣ ਨੂੰ ਹਰਾਉਣ ਲਈ ਸਾਨੂੰ ਸਭ ਤੋਂ ਪਹਿਲਾਂ ਬੰਦੂਕ ਵਾਲੀ ਸੈਨਾ ਉਪਰ ਨਿਰਭਰ ਕਰਨਾ ਪੈਣਾ ਹੈ। ਪ੍ਰੰਤੂ ਇਹ ਸੈਨਾ ਕਾਫੀ ਨਹੀਂ ਹੈ- ਸਾਡੇ ਕੋਲ ਇਕ ਸਭਿਆਚਾਰਕ ਸੈਨਾ ਵੀ ਹੋਣੀ ਚਾਹੀਦੀ ਹੈ। ਆਪਣੀਆਂ ਕਤਾਰਾਂ ਨੂੰ ਏਕੇ ਵਿਚ ਪਰੋਣ ਲਈ ਅਤੇ ਦੁਸ਼ਮਣ ਨੂੰ ਹਰਾਉਣ ਲਈ ਇਹ ਸੈਨਾ ਅਤਿਅੰਤ ਜ਼ਰੂਰੀ ਹੈ। ਚਾਰ ਮਈ ਅੰਦੋਲਨ ਦੇ ਸਮੇਂ ਤੋਂ ਚੀਨ ਵਿਚ ਅਜਿਹੀ ਸੈਨਾ ਦੀ ਸ਼ੁਰੂਆਤ ਹੋਈ ਹੈ ਅਤੇ ਇਸਨੇ ਚੀਨੀ ਕ੍ਰਾਂਤੀ ਦੀ ਸਹਾਇਤਾ ਕੀਤੀ ਹੈ। ਇਸ ਸੈਨਾ ਨੇ ਹੌਲੀ ਹੌਲੀ ਸਾਮਰਾਜਵਾਦੀ ਹਮਲੇ ਦੇ ਗੁਲਾਮ ਸਭਿਆਚਾਰ ਅਤੇ ਦਲਾਲ ਪੂੰਜੀਪਤੀ ਸਭਿਆਚਾਰ ਦੇ ਪ੍ਰਭਾਵ ਖੇਤਰ ਨੂੰ ਘਟਾਇਆ ਹੈ ਅਤੇ ਉਨ੍ਹਾਂ ਦੇ ਪ੍ਰਭਾਵ ਨੂੰ ਕਮਜ਼ੋਰ ਕੀਤਾ ਹੈ। ਨਵੇਂ ਸਭਿਆਚਾਰ ਦਾ ਵਿਰੋਧ ਕਰਨ ਲਈ ਚੀਨ ਦੇ ਪ੍ਰਤਿ ਕ੍ਰਿਆਵਾਦੀ ਹੁਣ ਸਿਰਫ ਗਿਣਤੀ ਨਾਲ ਹੀ ਗੁਣ ਦਾ ਵਿਰੋਧ ਕਰ ਸਕਦੇ ਹਨ। ਦੂਸਰੇ ਸ਼ਬਦਾਂ ਵਿਚ ਪ੍ਰਤਿਕ੍ਰਿਆਵਾਦੀਆਂ ਕੋਲ ਪੈਸਾ ਹੈ, ਜਦਕਿ ਉਹ ਕੁਝ ਵੀ ਚੰਗਾ ਨਹੀਂ ਸਿਰਜ ਸਕਦੇ। ਫਿਰ ਵੀ ਉਹ ਪੂਰੀ ਤਾਕਤ ਲਾ ਕੇ ਬਹੁਗਿਣਤੀ ਵਿਚ ਪੈਦਾ ਤਾਂ ਕਰ ਹੀ ਸਕਦੇ ਹਨ। ਚਾਰ ਮਈ ਅੰਦੋਲਨ ਤੋਂ ਹੀ ਸਾਹਿਤ ਅਤੇ ਕਲਾ ਸਾਡੇ ਸਭਿਆਚਾਰਕ ਮੋਰਚੇ ਦੇ ਮਹੱਤਵਪੂਰਨ ਅਤੇ ਸਫਲ ਅੰਗ ਬਣ ਗਏ ਹਨ। ਦਸ ਸਾਲਾਂ ਦੇ ਗ੍ਰਹਿ ਯੁੱਧ ਦੌਰਾਨ ਇਨਕਲਾਬੀ ਸਾਹਿਤ ਅਤੇ ਸਭਿਆਚਾਰਕ ਅੰਦੋਲਨ ਦਾ ਬਹੁਤ ਵਿਕਾਸ ਹੋਇਆ ਹੈ। ਇਸ ਅੰਦੋਲਨ ਅਤੇ ਇਨਕਲਾਬੀ ਲੜਾਈ ਦੋਨਾਂ ਦਾ ਵਿਕਾਸ ਇਕ ਹੀ ਦਿਸ਼ਾ ਵੱਲ ਹੋਇਆ ਹੈ। ਪਰ ਇਹ ਦੋਨੋਂ ਭਰਾਤਰੀ ਸੈਨਾਵਾਂ ਆਪਣੇ ਵਿਹਾਰਕ ਕੰਮ ਵਿਚ ਇਕ ਦੂਜੇ ਨਾਲ ਜੁੜੀਆਂ ਹੋਈਆਂ ਨਹੀਂ ਸਨ। ਕਿਉਂਕਿ ਪ੍ਰਤਿਕ੍ਰਿਆਵਾਦੀਆਂ (ਪਿਛਾਖੜੀਆਂ) ਨੇ ਇਨ੍ਹਾਂ ਨੂੰ ਇਕ ਦੂਜੇ ਤੋਂ ਵੱਖ ਕਰ ਦਿੱਤਾ ਸੀ। ਇਹ ਬਹੁਤ ਵਧੀਆ ਗੱਲ ਹੈ ਕਿ ਜਾਪਾਨ ਵਿਰੋਧੀ ਯੁੱਧ ਸ਼ੁਰੂ ਹੋਣ ਤੋਂ ਹੀ ਵੱਧ ਤੋਂ ਵੱਧ ਇਨਕਲਾਬੀ ਲੇਖਕ ਅਤੇ ਕਲਾਕਾਰ ਯੂਨਾਨ ਅਤੇ ਜਾਪਾਨ-ਵਿਰੋਧੀ ਆਧਾਰ ਖੇਤਰਾਂ ਵਿਚ ਆਉਂਦੇ ਗਏ ਹਨ। ਪਰ ਜ਼ਰੂਰੀ ਤੌਰ ਤੇ ਇਸਦਾ ਇਹ ਅਰਥ ਕਦੇ ਵੀ ਨਹੀਂ ਹੈ ਕਿ ਆਧਾਰ ਖੇਤਰਾਂ ਵਿਚ ਆ ਜਾਣ ਨਾਲ ਹੀ ਉਹ ਇਥੋਂ ਦੀ ਜਨਤਾ ਜਨਾਰਦਨ ਨਾਲ ਇਕਮਿਕ ਹੋ ਗਏ ਹਨ। ਜੇ ਅਸੀਂ ਇਨਕਲਾਬੀ ਕੰਮ ਨੂੰ ਅੱਗੇ ਵਧਾਉਣਾ ਹੈ ਤਾਂ ਜਨਤਾ ਅਤੇ ਲੇਖਕਾਂ-ਸਾਹਿਤਕਾਰਾਂ ਨੂੰ ਇਕ-ਜੁੱਟ ਹੋਣਾ ਹੀ ਪਵੇਗਾ। ਸਾਡੀ ਅੱਜ ਦੀ ਸਭਾ ਦਾ ਉਦੇਸ਼ ਅਸਲ ਵਿਚ ਇਸ ਗੱਲ ਦੀ ਗਰੰਟੀ ਕਰਨਾ ਹੈ ਕਿ ਸਾਹਿਤ ਅਤੇ ਕਲਾ ਸਮੁੱਚੀ ਇਨਕਲਾਬੀ ਮਸ਼ੀਨ ਦੇ ਅਭਿੰਨ ਅੰਗ ਵਜੋਂ ਚੰਗੀ ਤਰ੍ਹਾਂ ਜੁੜ ਜਾਣ। ਉਹ ਜਨਤਾ ਨੂੰ ਏਕਤਾਬੱਧ ਕਰਨ ਦੁਸ਼ਮਣ ਤੇ ਵਾਰ ਕਰਨ ਅਤੇ ਉਸਦਾ ਵਿਨਾਸ਼ ਕਰਨ ਵਾਲੇ ਸ਼ਕਤੀਸ਼ਾਲੀ ਹਥਿਆਰ ਬਣ ਜਾਣ ਅਤੇ ਉਹ ਜਨਤਾ ਨੂੰ ਇਸ ਯੋਗ ਬਣਾ ਦੇਣ ਕਿ ਉਹ ਇਕ ਦਿਲ ਅਤੇ ਇਕ ਮਨ ਹੋ ਕੇ ਦੁਸ਼ਮਣ ਦਾ ਮੁਕਾਬਲਾ ਕਰ ਸਕੇ। ਇਸ ਨਿਸ਼ਾਨੇ ਦੀ ਪ੍ਰਾਪਤੀ ਲਈ ਕਿਨ੍ਹਾਂ ਸਮੱਸਿਆਵਾਂ ਦਾ ਹੱਲ ਜ਼ਰੂਰੀ ਹੈ ? ਮੇਰੇ ਵਿਚਾਰ ਵਿਚ ਉਹ ਸਮੱਸਿਆਵਾਂ ਹਨ—ਲੇਖਕਾਂ ਅਤੇ ਕਲਾਕਾਰਾਂ ਦਾ

ਵਰਗ ਦ੍ਰਿਸ਼ਟੀਕੋਣ, ਉਨ੍ਹਾਂ ਦਾ ਰਵੱਈਆ ਉਨ੍ਹਾਂ ਦੇ ਪਾਠਕ, ਸ੍ਰੋਤੇ ਅਤੇ ਦਰਸ਼ਕ, ਉਨ੍ਹਾਂ ਦਾ ਰਚਨਾ-ਕਰਮ ਅਤੇ ਉਨ੍ਹਾਂ ਦਾ ਅਧਿਐਨ।

**ਵਰਗ ਦ੍ਰਿਸ਼ਟੀਕੋਣ ਦੀ ਸਮੱਸਿਆਵਾਂ**—ਸਾਡਾ ਦ੍ਰਿਸ਼ਟੀਕੋਣ ਸਰਵਹਾਰਾ ਵਰਗ ਅਤੇ ਆਮ ਜਨਤਾ ਦਾ ਦ੍ਰਿਸ਼ਟੀਕੋਣ ਹੈ। ਕਮਿਊਨਿਸਟ ਪਾਰਟੀ ਦੇ ਮੈਂਬਰਾਂ ਲਈ ਇਸਦਾ ਅਰਥ ਹੈ, ਪਾਰਟੀ ਦੇ ਦ੍ਰਿਸ਼ਟੀਕੋਣ ਤੇ ਕਾਇਮ ਰਹਿਣਾ, ਪਾਰਟੀ-ਭਾਵਨਾ ਅਤੇ ਪਾਰਟੀ-ਨੀਤੀ ਤੋਂ ਲਾਂਭੇ ਨਾ ਹੋਣਾ। ਕੀ ਸਾਡੇ ਸਾਹਿਤਕ ਅਤੇ ਕਲਾਤਮਿਕ ਖੇਤਰ ਦਾ ਕੋਈ ਵੀ ਕਾਰਜ ਕਰਤਾ ਹੁਣ ਵੀ ਅਜਿਹਾ ਹੈ ਕਿ ਜੋ ਗੁਮਰਾਹ ਹੋਵੇ ਜਾਂ ਉਸਦੀ ਇਸ ਸਮੱਸਿਆ ਪ੍ਰਤੀ ਸਮਝ ਸਪੱਸ਼ਟ ਨਾ ਹੋਵੇ ? ਮੇਰੇ ਵਿਚਾਰ ਵਿਚ ਅਜਿਹੇ ਕਾਰਜ ਕਰਤਾ ਹਨ। ਸਾਡੇ ਅਨੇਕ ਸਾਥੀ ਅਕਸਰ ਸਹੀ ਦ੍ਰਿਸ਼ਟੀ ਕੋਣ ਤੋਂ ਭਟਕ ਗਏ ਹਨ।

**ਰਵੱਈਏ ਦੀ ਸਮੱਸਿਆ**—ਖਾਸ ਮਾਮਲਿਆਂ ਵਿਚ ਖਾਸ ਰਵੱਈਏ ਦਾ ਜਨਮ ਸਾਡੇ ਦ੍ਰਿਸ਼ਟੀਕੋਣ ਤੋਂ ਹੀ ਹੁੰਦਾ ਹੈ। ਮਿਸਾਲ ਦੇ ਤੌਰ ਤੇ ਗੁਣਗਾਨ ਕੀਤਾ ਜਾਵੇ ਜਾਂ ਪਰਦਾਫਾਸ਼? ਇਹ ਰਵੱਈਏ ਦਾ ਸਵਾਲ ਹੈ। ਇਨ੍ਹਾਂ ਵਿਚੋਂ ਕਿਹੜਾ ਰਵੱਈਆ ਅਪਣਾਇਆ ਜਾਵੇ ? ਮੇਰੇ ਵਿਚਾਰ ਅਨੁਸਾਰ ਸਾਨੂੰ ਦੋਨਾਂ ਤਰ੍ਹਾਂ ਦਾ ਰਵੱਈਆ ਅਪਨਾਉਣਾ ਚਾਹੀਦਾ ਹੈ। ਸਵਾਲ ਹੈ ਸਾਡੇ ਸਾਹਮਣੇ ਹੈ ਕੌਣ ? ਤਿੰਨ ਤਰ੍ਹਾਂ ਦੇ ਵਿਅਕਤੀ ਸਾਡੇ ਸਾਹਮਣੇ ਹਨ-ਦੁਸ਼ਮਣ, ਸਾਡੇ ਮੋਰਚੇ ਦੇ ਸਾਡੇ ਸਹਿਯੋਗੀ ਅਤੇ ਸਾਡੀ ਆਪਣੀ ਜਨਤਾ। ਅਖੀਰਲੇ ਵਿਚ ਜਨਤਾ ਅਤੇ ਉਸਦਾ ਮੋਹਰੀ ਦਸਤਾ ਵੀ ਹੈ। ਇਨ੍ਹਾਂ ਤਿੰਨੋ ਤਰ੍ਹਾਂ ਦੇ ਲੋਕਾਂ ਪ੍ਰਤੀ ਸਾਨੂੰ ਵੱਖ-ਵੱਖ ਰਵੱਈਆ ਅਪਣਾਉਣਾ ਚਾਹੀਦਾ ਹੈ। ਇਨਕਲਾਬੀ ਲੇਖਕਾਂ ਤੇ ਕਲਾਕਾਰਾਂ ਦਾ ਇਹ ਫਰਜ਼ ਹੈ ਕਿ ਉਹ ਦੁਸ਼ਮਣ ਯਾਨੀ ਜਾਪਾਨੀ ਸਾਮਰਾਜਵਾਦ ਅਤੇ ਜਨਤਾ ਦੇ ਤਮਾਮ ਦੁਸ਼ਮਣਾਂ ਦੇ ਦੋਹਰੇ ਚਰਿਤ੍ਰ ਅਤੇ ਉਨ੍ਹਾਂ ਦੀ ਨਿਰਦੈਤਾ ਦਾ ਪਰਦਾਫਾਸ਼ ਕਰਨ ਨਾਲ ਹੀ ਉਨ੍ਹਾਂ ਦੀ ਅੰਤਿਮ ਹਾਰ ਵੱਲ ਵੀ ਇਸ਼ਾਰਾ ਕਰਦੇ ਰਹਿਣ ਜਿਸ ਤੋਂ ਜਾਪਾਨ ਵਿਰੋਧੀ ਸੈਨਾ ਅਤੇ ਜਨਤਾ ਨੂੰ ਇਕਮਨ ਹੋ ਕੇ ਅਜਿਹੇ ਲੋਕਾਂ ਦਾ ਤਖਤਾ ਉਲਟ ਦੇਣ ਲਈ ਦ੍ਰਿੜਤਾ ਨਾਲ ਸੰਘਰਸ਼ ਕਰਨ ਦਾ ਉਤਸ਼ਾਹ ਮਿਲਦਾ ਰਹੇ। ਸਾਂਝੇ ਮੋਰਚੇ ਅੰਦਰ ਆਪਸੀ ਸਹਿਯੋਗ ਵੀ ਕਾਇਮ ਕਰੀਏ ਅਤੇ ਵੱਖ ਤਰ੍ਹਾਂ ਦੀ ਆਲੋਚਨਾ ਦਾ ਵਿਹਾਰ ਸਥਾਪਿਤ ਕਰੀਏ। ਉਨ੍ਹਾਂ ਦੁਆਰਾ ਜਾਪਾਨ ਦੇ ਵਿਰੋਧ ਦਾ ਅਸੀਂ ਸਮਰਥਨ ਕਰਦੇ ਹਾਂ ਅਤੇ ਉਨ੍ਹਾਂ ਦੀ ਹਰ ਪ੍ਰਾਪਤੀ ਦੀ ਪ੍ਰਸ਼ੰਸਾ ਕਰਦੇ ਹਾਂ। ਪ੍ਰੰਤੂ ਜੇ ਉਹ ਯੁੱਧ ਵਿਚ ਸਕ੍ਰਿਅ ਨਹੀਂ ਹਨ ਤਾਂ ਸਾਨੂੰ ਉਨ੍ਹਾਂ ਦੀ ਆਲੋਚਨਾ ਕਰਨੀ ਚਾਹੀਦੀ ਹੈ। ਜੇ ਕੋਈ ਵਿਅਕਤੀ ਕਮਿਊਨਿਸਟ ਪਾਰਟੀ ਅਤੇ ਜਨਤਾ ਦਾ ਵਿਰੋਧ ਕਰਦਾ ਹੈ ਅਤੇ ਲਗਾਤਾਰ ਹੇਠਾਂ ਨੂੰ, ਪਿਛਾਖੜੀ ਰਾਹ ਉਪਰ ਖਿਸਕਦਾ ਜਾਂਦਾ ਹੈ ਤਾਂ ਸਾਨੂੰ ਦ੍ਰਿੜਤਾ ਨਾਲ ਉਸਦਾ ਵਿਰੋਧ ਕਰਨਾ ਚਾਹੀਦਾ ਹੈ। ਜਿੱਥੋਂ ਤੱਕ ਵਿਸ਼ਾਲ ਲੋਕ-ਸਮੂਹ, ਉਸਦੀ ਮਿਹਨਤ, ਉਸਦੇ ਸੰਘਰਸ਼, ਉਸਦੀ ਸੈਨਾ ਅਤੇ ਉਸਦੀ ਪਾਰਟੀ ਦਾ ਸੰਬੰਧ ਹੈ ਸਾਨੂੰ ਜ਼ਰੂਰ ਹੀ ਉਸਦੀ ਪ੍ਰਸੰਸਾ ਕਰਨੀ ਚਾਹੀਦੀ ਹੈ। ਜਨਤਾ ਦੀਆਂ ਵੀ ਆਪਣੀਆਂ ਕਮਜ਼ੋਰੀਆਂ ਹੁੰਦੀਆਂ ਹਨ। ਸਰਵਹਾਰਾ ਵਰਗ ਵਿਚ ਵੀ ਬਹੁਤ ਸਾਰੇ ਲੋਕ ਪੇਟੀ ਬੁਰਜੁਆਜ਼ੀ ਦੇ ਵਿਚਾਰਾਂ ਨਾਲ ਚੰਬੜੇ ਰਹਿੰਦੇ ਹਨ ਅਤੇ ਕਿਸਾਨ ਅਤੇ ਸ਼ਹਿਰੀ ਪੇਟੀ-ਬੁਰਜ਼ੂਆ ਲੋਕਾਂ ਦੇ ਵਿਚਾਰ ਵੀ ਪਿਛੜੇ ਹੁੰਦੇ ਹਨ। ਇਹ ਸਾਰੀਆਂ ਗੱਲਾਂ ਇਕ ਭਾਰ ਹਨ ਜੋ ਉਨ੍ਹਾਂ ਦੇ ਸੰਘਰਸ਼ਾਂ ਵਿਚ ਰੁਕਾਵਟਾਂ ਪੈਦਾ ਕਰਦੀਆਂ ਹਨ। ਸਾਨੂੰ ਧੀਰਜ ਤੋਂ ਕੰਮ ਲੈਣਾ ਚਾਹੀਦਾ ਹੈ ਅਤੇ ਸਾਨੂੰ ਕਾਫੀ ਸਮਾਂ, ਉਨ੍ਹਾਂ ਨੂੰ ਸਿਖਿਅਤ ਕਰਨ, ਉਨ੍ਹਾਂ ਨੂੰ ਉਨ੍ਹਾਂ ਦੇ ਮੋਢੇ ਤੋਂ ਉਪਰਲਾ ਭਾਰ ਉਤਾਰਨ, ਆਪਣੀਆਂ ਗਲਤੀਆਂ ਤੇ ਕਮਜ਼ੋਰੀਆਂ ਨੂੰ ਦੂਰ ਕਰਨ ਵਿਚ ਖਰਚ ਕਰਨਾ ਚਾਹੀਦਾ ਹੈ ਤਾਂ ਕਿ ਉਹ ਲੰਬੇ ਕਦਮਾਂ ਨਾਲ ਅਗਾਂਹ ਵਧ ਸਕਣ। ਸਾਡੇ ਸਾਹਿਤ ਅਤੇ ਕਲਾ ਨੂੰ ਇਸ ਪ੍ਰਕ੍ਰਿਆ ਦਾ ਚਿੱਤਰਣ ਕਰਨਾ ਚਾਹੀਦਾ ਹੈ ਕਿ ਉਨ੍ਹਾਂ ਨੇ ਸੰਘਰਸ਼ ਦੌਰਾਨ ਆਪਣੇ ਸੰਸਕਾਰਾਂ ਦਾ ਨਵੀਨੀਕਰਣ ਕਰ ਲਿਆ ਹੈ ਜਾਂ ਉਹ ਅਜਿਹਾ ਕਰ ਰਹੇ ਹਨ। ਜੇ ਉਹ ਆਪਣੀਆਂ ਗਲਤੀਆਂ ਨਾਲ ਚੰਬੜੇ ਨਹੀਂ ਰਹਿੰਦੇ ਤਾਂ ਸਾਨੂੰ ਸਿਰਫ ਉਨ੍ਹਾਂ ਦੇ ਨਕਾਰਾਤਮਕ ਪਹਿਲੂਆਂ ਨੂੰ ਦੇਖ ਕੇ ਉਨ੍ਹਾਂ ਨੂੰ ਭਲਾ ਬੁਰਾ ਕਹਿਣ ਦੀ ਗਲਤੀ ਜਾਂ ਉਨ੍ਹਾਂ ਪ੍ਰਤੀ ਦੁਸ਼ਮਣੀ ਰੱਖਣ ਦੀ ਮਹਾਂ ਗਲਤੀ ਨਹੀਂ ਕਰਨੀ ਚਾਹੀਦੀ। ਸਾਡੀਆਂ ਰਚਨਾਵਾਂ ਵਿਚ ਉਨ੍ਹਾਂ ਨੂੰ ਸੰਗਠਿਤ ਕਰਨ, ਪ੍ਰਗਤੀ



ਕਰਨ, ਇਕਮਤ ਹੋ ਕੇ ਦ੍ਰਿੜਤਾ ਨਾਲ ਅੱਗੇ ਵੱਧਣ, ਪਿਛੜੀਆਂ ਗੱਲਾਂ ਦਾ ਤਿਆਗ ਕਰਨ ਅਤੇ ਇਨਕਲਾਬੀ ਗੱਲਾਂ ਦਾ ਵਿਕਾਸ ਕਰਨ ਵਿਚ ਮਦਦ ਮਿਲਣੀ ਚਾਹੀਦੀ ਹੈ ਅਤੇ ਸਾਡੀਆਂ ਰਚਨਾਵਾਂ ਦਾ ਉਨ੍ਹਾਂ ਤੇ ਕਿਸੇ ਵੀ ਤਰ੍ਹਾਂ ਦਾ ਉਲਟਾ ਪ੍ਰਭਾਵ ਨਹੀਂ ਪੈਣਾ ਚਾਹੀਦਾ।

**ਪਾਠਕਾਂ-ਸ੍ਰੋਤਿਆਂ ਦਰਸ਼ਕਾਂ ਦੀ ਸਮੱਸਿਆ**—ਯਾਨੀ ਇਹ ਸਮੱਸਿਆ ਕਿ ਸਾਡੀਆਂ ਸਾਹਿਤਕ ਰਚਨਾਵਾਂ ਅਤੇ ਕਲਾ ਕਿਰਤਾਂ ਦੀ ਸਿਰਜਣਾ ਆਖਿਰ ਕਿੰਨਾ ਲੋਕਾਂ ਲਈ ਕੀਤੀ ਜਾਂਦੀ ਹੈ ? ਸੇਕਸੀ-ਕਾਨਸੂ ਨਿੰਗਸ਼ਿਆ ਦੇ ਸਰਹੱਦੀ ਸੂਬਿਆਂ ਵਿਚ ਅਤੇ ਉਤਰ ਚੀਨ ਤੇ ਮੱਧ-ਚੀਨ ਦੇ, ਜਾਪਾਨ-ਵਿਰੋਧੀ ਆਧਾਰ ਖੇਤਰਾਂ ਵਿਚ ਇਹ ਸਮੱਸਿਆ ਕਵਾਮਿੰਗ ਤਾਂਗ ਖੇਤਰਾਂ ਦੇ ਮੁਕਾਬਲੇ ਵੱਖਰੀ ਹੈ। ਵਿਰੋਧ-ਯੁੱਧ ਦੇ ਪਹਿਲੇ ਸਿੰਘਾਈ ਦੀ ਸਮੱਸਿਆ ਤੋਂ ਤਾਂ ਬਿਲਕੁਲ ਵੱਖਰੀ ਹੈ। ਜਦੋਂ ਅਸੀਂ ਸੰਘਾਈ ਵਿਚ ਸਾਂ ਤਾਂ ਉਸ ਸਮੇਂ ਦੇ ਸਾਹਿਤ ਅਤੇ ਕਲਾ ਦੇ ਪਾਠਕਾਂ ਸ੍ਰੋਤਿਆਂ ਅਤੇ ਦਰਸ਼ਕਾਂ ਵਿਚ ਪ੍ਰਮੁੱਖ ਤੌਰ ਤੇ ਵਿਦਿਆਰਥੀਆਂ, ਦਫਤਰਾਂ ਦੇ ਕਰਮਚਾਰੀਆਂ ਅਤੇ ਦੁਕਾਨ ਦੇ ਕਰਮਚਾਰੀਆਂ ਦਾ ਸਿਰਫ ਇਕ ਹਿੱਸਾ ਹੀ ਸ਼ਾਮਿਲ ਸੀ। ਯੁੱਧ ਸ਼ੁਰੂ ਹੋਣ ਤੋਂ ਬਾਦ ਕਵਾਮਿੰਗਤਾਂਗ ਖੇਤਰਾਂ ਦੇ ਪਾਠਕਾਂ-ਸ੍ਰੋਤਿਆਂ ਦਰਸ਼ਕਾਂ ਦਾ ਦਾਇਰਾ ਵਧੇਰੇ ਵਿਆਪਕ ਹੋ ਗਿਆ ਹੈ। ਫਿਰ ਵੀ ਉਨ੍ਹਾਂ ਵਿਚ ਪਹਿਲਾਂ ਵਰਗੇ ਲੋਕ ਹੀ ਰਹੇ ਕਿਉਂਕਿ ਕਵਾਮਿੰਗ-ਤਾਂਗ ਸਰਕਾਰ ਮਜ਼ਦੂਰਾਂ, ਕਿਸਾਨਾਂ ਅਤੇ ਸੈਨਿਕਾਂ ਨੂੰ ਇਨਕਲਾਬੀ ਸਾਹਿਤ ਅਤੇ ਕਲਾ ਦੇ ਸੰਪਰਕ ਵਿਚ ਨਹੀਂ ਆਉਣ ਦਿੰਦੀ ਸੀ। ਸਾਡੇ ਆਧਾਰ ਖੇਤਰਾਂ ਵਿਚ ਸਥਿਤੀ ਬਿਲਕੁਲ ਵੱਖਰੀ ਹੈ। ਇਥੇ ਸਾਹਿਤ ਅਤੇ ਕਲਾ ਦੀਆਂ ਰਚਨਾਵਾਂ ਦੇ ਪਾਠਕ-ਸ੍ਰੋਤਾ ਮਜ਼ਦੂਰ, ਕਿਸਾਨ ਸੈਨਿਕ ਤੇ ਇਨਕਲਾਬੀ ਕਾਰਕੁੰਨ ਹਨ। ਸਾਡੇ ਆਧਾਰ ਖੇਤਰਾਂ ਵਿਚ ਵਿਦਿਆਰਥੀ ਵੀ ਹਨ ਪਰ ਉਹ ਪੁਰਾਣੀ ਕਿਸਮ ਦੇ ਵਿਦਿਆਰਥੀਆਂ ਤੋਂ ਵੱਖਰੇ ਹਨ। ਉਹ ਜਾਂ ਤਾਂ ਪਿਛਲੇ ਕਾਰਕੁੰਨ ਹਨ ਜਾਂ ਭਵਿੱਖ ਦੇ ਕਾਰਜਕਰਤਾ। ਤਮਾਮ ਕਿਸਮ ਤੇ ਕਾਰਕੁੰਨ, ਸੈਨਾ ਦੇ ਯੋਧੇ, ਕਾਰਖਾਨਿਆਂ ਦੇ ਮਜ਼ਦੂਰ ਅਤੇ ਪਿੰਡਾਂ ਦੇ ਕਿਸਾਨ ਇਹ ਸਾਰੇ ਲੋਕ ਸਾਖਰ ਹੋਣ ਤੋਂ ਬਾਦ ਕਿਤਾਬਾਂ ਤੇ ਅਖਬਾਰ ਪੜ੍ਹਨਾ ਚਾਹੁੰਦੇ ਹਨ। ਜੋ ਸਾਖਰ ਨਹੀਂ ਹਨ ਉਹ ਨਾਟਕ ਅਪੇਰਾ ਦੇਖਣਾ ਚਾਹੁੰਦੇ ਹਨ, ਡਰਾਇੰਗ ਤੇ ਚਿੱਤਰਾਂ ਨੂੰ ਦੇਖਣਾ ਚਾਹੁੰਦੇ ਹਨ। ਖੁਦ ਗੀਤ ਗਾਉਣਾ ਚਾਹੁੰਦੇ ਹਨ ਅਤੇ ਸੰਗੀਤ ਸੁਣਨਾ ਚਾਹੁੰਦੇ ਹਨ। ਇਹੀ ਲੋਕ ਸਾਡੀਆਂ ਸਾਹਿਤ ਰਚਨਾਵਾਂ ਅਤੇ ਕਲਾ ਕਿਰਤਾਂ ਦੇ ਪਾਠਕ, ਸ੍ਰੋਤਾਂ ਅਤੇ ਦਰਸ਼ਕ ਹਨ। ਸਿਰਫ ਕਾਰਜਕਰਤਾਵਾਂ ਨੂੰ ਹੀ ਲਉ। ਇਹ ਨਾ ਸਮਝੋ ਕਿ ਉਨ੍ਹਾਂ ਦੀ ਗਿਣਤੀ ਘੱਟ ਹੈ। ਇਨ੍ਹਾਂ ਲੋਕਾਂ ਦੀ ਸੰਖਿਆ, ਕਵਾਮਿੰਗਤਾਂਗ ਦੇ ਖੇਤਰ ਵਿਚ ਪ੍ਰਕਾਸ਼ਿਤ ਹੋਣ ਵਾਲੀ ਕਿਸੇ ਵੀ ਪੁਸਤਕ ਦੇ ਪਾਠਕਾਂ ਦੀ ਗਿਣਤੀ ਦੇ ਮੁਕਾਬਲੇ ਕਿਤੇ ਜ਼ਿਆਦਾ ਹੈ। ਉਥੇ ਆਮ ਤੌਰ ਤੇ ਕਿਸੇ ਕਿਤਾਬ ਦੇ ਇਕ ਸੰਸਕਰਣ ਦੀਆਂ 2000 ਕਾਪੀਆਂ ਛਾਪੀਆਂ ਜਾਂਦੀਆਂ ਹਨ। ਤਿੰਨ ਸੰਸਕਰਣ ਮਿਲਾ ਕੇ 6000 ਕਾਪੀਆਂ ਬਣਦੀਆਂ ਹਨ, ਪ੍ਰੰਤੂ ਜਿੱਥੋਂ ਤੱਕ ਆਧਾਰ-ਖੇਤਰਾਂ ਦਾ ਸੰਬੰਧ ਹੈ, ਇਕੱਲੇ ਯੇਨਾਨ ਵਿਚ ਹੀ 10,000 ਤੋਂ ਵੱਧ ਕਾਰਜਕਰਤਾ ਹਨ ਜੋ ਕਿਤਾਬ ਪੜ੍ਹ ਸਕਦੇ ਹਨ। ਇਹੀ ਨਹੀਂ ਉਨ੍ਹਾਂ ਵਿਚੋਂ ਬਹੁਤ ਸਾਰੇ ਹੰਢੇ ਹੋਏ ਇਨਕਲਾਬੀ ਵੀ ਹਨ ਜੋ ਦੇਸ਼ ਦੇ ਸਾਰੇ ਹਿੱਸਿਆਂ ਤੋਂ ਇੱਥੇ ਆਏ ਹਨ ਅਤੇ ਇਥੇ ਵੱਖ-ਵੱਖ ਥਾਵਾਂ ਤੇ ਕੰਮ ਕਰਨ ਲਈ ਜਾਣਗੇ। ਇਸ ਲਈ ਉਨ੍ਹਾਂ ਵਿਚ ਸਿਖਿਆ-ਕਾਰਜ ਬਹੁਤ ਹੀ ਮਹੱਤਵ-ਪੂਰਣ ਹੈ। ਸਾਹਿਤ ਅਤੇ ਕਲਾ ਦੇ ਖੇਤਰ ਵਿਚ ਕੰਮ ਕਰਨ ਵਾਲੇ ਸਾਡੇ ਕਾਰਕੁੰਨਾਂ ਨੂੰ ਚਾਹੀਦਾ ਹੈ ਕਿ ਉਹ ਇਸ ਪਾਸੇ ਵੱਲ ਚੰਗੀ ਤਰ੍ਹਾਂ ਕੰਮ ਕਰਨ।

ਸਾਡੇ ਸਾਹਿਤ ਅਤੇ ਕਲਾ ਦੇ ਪਾਠਕ ਸ੍ਰੋਤੇ ਅਤੇ ਦਰਸ਼ਕ ਕਿਉਂਕਿ ਮਜ਼ਦੂਰ, ਕਿਸਾਨ ਤੇ ਸੈਨਿਕ ਅਤੇ ਇਹਨਾਂ ਵਿਚ ਕੰਮ ਕਰਨ ਵਾਲੇ ਕਾਰਕੁੰਨ ਹਨ। ਇਸ ਲਈ ਇਨ੍ਹਾਂ ਨੂੰ ਚੰਗੀ ਤਰ੍ਹਾਂ ਸਮਝਣ ਅਤੇ ਉਨ੍ਹਾ ਨਾਲ ਚੰਗੀ ਤਰ੍ਹਾਂ ਜਾਣ-ਪਛਾਣ ਕਰਨ ਦੀ ਸਮੱਸਿਆ ਪੈਦਾ ਹੁੰਦੀ ਹੈ। ਉਨ੍ਹਾਂ ਨੂੰ ਚੰਗੀ ਤਰ੍ਹਾਂ ਸਮਝਣ ਲਈ ਤੇ ਉਨ੍ਹਾਂ ਨਾਲ ਚੰਗੀ ਤਰ੍ਹਾਂ ਜਾਣ ਪਛਾਣ ਕਰਨ ਲਈ ਪਾਰਟੀ ਤੇ ਸਰਕਾਰ ਦੇ ਸੰਗਠਨਾਂ ਵਿਚ, ਦੇਹਾਤ ਅਤੇ ਕਾਰਖਾਨਿਆਂ ਵਿਚ, ਅੱਠਵੀਂ ਮਾਰਗ ਸੈਨਾ ਅਤੇ ਨਵੀਨ ਚੌਥੀ ਸੈਨਾ ਵਿਚ, ਵਿਭਿੰਨ ਤਰ੍ਹਾਂ ਦੇ ਲੋਕਾਂ ਤੇ ਤੱਤਾਂ ਨੂੰ ਚੰਗੀ ਤਰ੍ਹਾਂ ਸਮਝਣ ਅਤੇ ਉਨ੍ਹਾਂ ਦੀ ਚੰਗੀ ਤਰ੍ਹਾਂ

ਜਾਣਕਾਰੀ ਲੈਣ ਲਈ ਬਹੁਤ ਸਾਰਾ ਕੰਮ ਕਰਨਾ ਹੋਵੇਗਾ। ਸਾਡੇ ਲੇਖਕਾਂ ਤੇ ਕਲਾਕਾਰਾਂ ਨੂੰ ਸਾਹਿਤਕ ਤੇ ਕਲਾਤਮਕ ਸਿਰਜਣਾ ਕਰਨੀ ਹੋਵੇਗੀ। ਪਰ ਸਭ ਤੋਂ ਪਹਿਲਾਂ ਕੰਮ ਹੈ ਜਨਤਾ ਨੂੰ ਚੰਗੀ ਤਰ੍ਹਾਂ ਸਮਝਣਾ ਅਤੇ ਉਸ ਬਾਰੇ ਨੇੜਲੀ ਜਾਣਕਾਰੀ ਹਾਸਲ ਕਰਨਾ। ਇਸ ਮਾਮਲੇ ਵਿਚ ਸਾਡੇ ਲੇਖਕਾਂ ਤੇ ਕਲਾਕਾਰਾਂ ਦੀ ਸਥਿਤੀ ਕੀ ਰਹੀ ਹੈ ? ਮੈਂ ਕਹਿਣਾ ਚਾਹੁੰਦਾ ਹਾਂ ਕਿ ਉਨ੍ਹਾਂ ਵਿਚ ਗਿਆਨ ਅਤੇ ਸਮਝ ਦੀ ਕਮੀ ਰਹੀ ਹੈ। ਉਹ 'ਉਹ ਆਪਣੀ ਬਹਾਦਰੀ ਦੇ ਪ੍ਰਦਰਸ਼ਨ ਲਈ ਕੋਈ ਵੀ ਮੌਕਾ ਨਾ ਪਾ ਸਕਣ ਵਾਲੇ ਵੀਰ' ਵਰਗੇ ਹਨ। ਗਿਆਨ ਦੀ ਕਮੀ ਦਾ ਕੀ ਅਰਥ ਹੈ ? ਜਨਤਾ ਨੂੰ ਚੰਗੀ ਤਰ੍ਹਾਂ ਨਾ ਜਾਨਣਾ। ਲੇਖਕਾਂ ਤੇ ਕਲਾਕਾਰਾਂ ਨੂੰ ਨਾ ਤਾਂ ਉਨ੍ਹਾਂ ਲੋਕਾਂ ਦੀ ਜਾਣਕਾਰੀ ਹੈ ਜਿਨ੍ਹਾਂ ਦਾ ਉਹ ਚਿੱਤਰਣ ਕਰਦੇ ਹਨ ਤੇ ਨਾਂ ਉਨ੍ਹਾਂ ਨੂੰ ਆਪਣੇ ਪਾਠਕਾਂ-ਸ੍ਰੋਤਿਆਂ ਅਤੇ ਦਰਸ਼ਕਾਂ ਦੀ ਹੀ ਜਾਣਕਾਰੀ ਹੈ ਜਾਂ ਫਿਰ ਉਨ੍ਹਾਂ ਬਾਰੇ ਉਨ੍ਹਾਂ ਦੀ ਜਾਣਕਾਰੀ ਬਹੁਤ ਘੱਟ ਹੈ। ਉਨ੍ਹਾਂ ਨੂੰ ਨਾ ਤਾਂ ਮਜ਼ਦੂਰਾਂ ਜਾਂ ਕਿਸਾਨਾਂ ਜਾਂ ਸੈਨਿਕਾਂ ਦੀ ਹੀ ਚੰਗੀ ਜਾਣਕਾਰੀ ਹੈ ਅਤੇ ਨਾਂ ਹੀ ਕਾਰਜਕਰਤਾਵਾਂ ਦੀ। ਸਮਝ ਦੀ ਕਮੀ ਦਾ ਕੀ ਮਤਲਬ ਹੈ ? ਇਸਦਾ ਮਤਲਬ ਹੈ ਉਨ੍ਹਾਂ ਦੀ ਭਾਸ਼ਾ ਨੂੰ ਨਾਂ ਸਮਝਣਾ ਯਾਨੀ ਆਮ ਜਨਤਾ ਦੀ ਅਮੀਰ ਭਾਸ਼ਾ ਦੀ ਜਾਣਕਾਰੀ ਨਾ ਹੋਣਾ। ਕਿਉਂਕਿ ਬਹੁਤ ਸਾਰੇ ਲੇਖਕ ਤੇ ਕਲਾਕਾਰ ਆਮ ਜਨਤਾ ਤੋਂ ਅਲੱਗ-ਥਲੱਗ ਰਹਿੰਦੇ ਹਨ ਅਤੇ ਖੋਖਲੀ ਜ਼ਿੰਦਗੀ ਜਿਉਂਦੇ ਹਨ, ਇਸ ਲਈ ਉਨ੍ਹਾਂ ਦਾ ਜਨਤਾ ਦੀ ਭਾਸ਼ਾ ਨਾਲ ਜਾਣਕਾਰੀ ਨਾ ਹੋਣਾ ਸੁਭਾਵਿਕ ਹੀ ਹੈ। ਨਤੀਜੇ ਵਜੋਂ ਉਨ੍ਹਾਂ ਦੀਆਂ ਰਚਨਾਵਾਂ ਵਿਚ ਨਾ ਸਿਰਫ ਭਾਸ਼ਾ ਦੀ ਨੀਰਸਤਾ ਹੀ ਹੁੰਦੀ ਹੈ ਬਲਕਿ ਉਨ੍ਹਾਂ ਵਿਚ ਉਨ੍ਹਾਂ ਦੇ ਖੁਦ ਦੇ ਘੜੇ ਗੈਰ ਜ਼ਰੂਰੀ ਸ਼ਬਦ ਹੁੰਦੇ ਹਨ ਜੋ ਆਮ ਤੌਰ ਤੇ ਵਰਤੋਂ ਵਿਚ ਨਹੀਂ ਆਉਂਦੇ। ਅਨੇਕਾਂ ਸਾਥੀਆਂ ਨੂੰ 'ਲੋਕ-ਸ਼ੈਲੀ' ਦੀ ਗੱਲ ਕਰਨ ਦਾ ਚਸਕਾ ਹੈ। ਪ੍ਰੰਤੂ ਇਸਦਾ ਅਰਥ ਕੀ ਹੈ ? ਇਸਦਾ ਅਰਥ ਹੈ ਕਿ ਸਾਡੇ ਲੇਖਕਾਂ ਅਤੇ ਕਲਾਕਾਰਾਂ ਦੇ ਵਿਚਾਰ ਤੇ ਭਾਵਨਾਵਾਂ, ਮਜ਼ਦੂਰ, ਕਿਸਾਨ ਅਤੇ ਸੈਨਿਕਾਂ ਵਿਚਾਰਾਂ ਅਤੇ ਭਾਵਨਾਵਾਂ ਨਾਲ ਇਕ ਮਿਕ ਹੋਣੇ ਚਾਹੀਦੇ ਹਨ। ਸਾਹਿਤਕ ਅਤੇ ਕਲਾਤਮਕ ਸਿਰਜਣਸ਼ੀਲਤਾ ਦੀ ਗੱਲ ਤੁਸੀਂ ਕਰ ਹੀ ਕਿਵੇਂ ਸਕਦੇ ਹੋ ਜਦੋਂ ਤੁਸੀਂ ਜਨਤਾ ਦੀ ਭਾਸ਼ਾ ਨੂੰ ਹੀ ਵਧੇਰੇ ਕਰਕੇ ਸਮਝ ਨਹੀਂ ਸਕਦੇ ? 'ਬਹਾਦਰੀ ਦੇ ਪ੍ਰਦਰਸ਼ਨ ਲਈ ਕੋਈ ਵੀ ਮੌਕਾ ਨਾ ਪਾ ਸਕਣ ਵਾਲੇ ਵੀਰ' ਤੋਂ ਸਾਡਾ ਭਾਵ ਹੈ ਕਿ ਜਨਤਾ ਤੁਹਾਡੇ ਵਲੋਂ ਇਕੱਠੀਆਂ ਕੀਤੀਆਂ ਮਹਾਨ ਸੱਚਾਈਆਂ ਦੀ ਵਾਹ ਵਾਹ ਕਦੇ ਨਹੀਂ ਕਰਦੀ। ਜਨਤਾ ਸਾਹਮਣੇ ਤੁਸੀਂ ਜਿੰਨੇ ਹੀ ਸੂਰਮੇ ਬਣਨ ਦਾ ਦਿਖਾਵਾ ਕਰਦੇ ਹੋ ਅਤੇ ਜਿੰਨੇ ਹੀ ਵੱਧ 'ਵੀਰ' ਬਣਨ ਦਾ ਦਾਅਵਾ ਕਰਦੇ ਹੋ ਅਤੇ ਜਨਤਾ ਸਾਹਮਣੇ ਜਿੰਨੀ ਵੱਧ ਅਜਿਹੀ ਸਮੱਗਰੀ ਪਰੋਸਦੇ ਹੋ ਓਨੀਂ ਹੀ ਉਨ੍ਹਾਂ ਦੁਆਰਾ ਉਸਨੂੰ ਮੰਨਣ ਦੀ ਸੰਭਾਵਨਾ ਘੱਟ ਹੁੰਦੀ ਜਾਂਦੀ ਹੈ। ਜੇ ਤੁਸੀਂ ਚਾਹੁੰਦੇ ਹੋ ਕਿ ਆਮ ਜਨਤਾ ਤੁਹਾਨੂੰ ਸਮਝੇ, ਜੇ ਤੁਸੀਂ ਲੋਕ ਚਾਹੁੰਦੇ ਹੋ ਕਿ ਆਮ ਜਨਤਾ ਤੁਹਾਡੇ ਨਾਲ ਇਕ ਜੁੱਟ ਹੋਵੇ ਤਾਂ ਤੁਹਾਨੂੰ ਤਪ ਕੇ ਫੌਲਾਦ ਬਣਨ ਦੀ ਇਕ ਲੰਬੀ ਤੇ ਦੁਖਦਾਈ ਪ੍ਰਕ੍ਰਿਆ ਵਿਚੋਂ ਗੁਜ਼ਰਨ ਲਈ ਤਿਆਰ ਹੋ ਜਾਣਾ ਚਾਹੀਦਾ ਹੈ। ਇਥੇ ਮੈਂ ਆਪਣਾ ਖੁਦ ਦਾ ਅਨੁਭਵ ਸੁਣਾ ਦੇਵਾਂ ਕਿ ਮੇਰੀਆਂ ਆਪਣੀਆਂ ਭਾਵਨਾਵਾਂ ਵਿਚ ਤਬਦੀਲੀ ਕਿਵੇਂ ਆਈ। ਮੈਂ ਆਪਣੀ ਜ਼ਿੰਦਗੀ ਇਕ ਵਿਦਿਆਰਥੀ ਦੇ ਰੂਪ ਵਿਚ ਸ਼ੁਰੂ ਕੀਤੀ ਅਤੇ ਸਕੂਲ ਵਿਚ ਇਕ ਆਮ ਵਿਦਿਆਰਥੀ ਦੇ ਤੌਰ-ਤਰੀਕੇ ਅਪਣਾ ਲਏ। ਉਦੋਂ ਮੈਂ ਥੋੜ੍ਹੀ ਜਿਹੀ ਸਰੀਰਕ ਮਿਹਨਤ ਕਰਨ ਵਿਚ ਹੀ ਆਪਣੀ ਤੌਹੀਨ ਸਮਝਦਾ ਸਾਂ। ਮਿਸਾਲ ਦੇ ਲਈ ਆਪਣੇ ਉਨ੍ਹਾਂ ਸਾਥੀ ਵਿਦਿਆਰਥੀਆਂ ਦੇ ਸਾਹਮਣੇ ਆਪਣਾ ਸਮਾਨ ਨਾ ਚੁੱਕਣਾ ਜਿਹੜੇ ਆਪਣੇ ਮੋਢਿਆਂ ਤੇ ਜਾਂ ਆਪਣੇ ਹੱਥਾਂ ਵਿਚ ਕੋਈ ਵੀ ਚੀਜ਼ ਚੁੱਕ ਨਹੀਂ ਸਨ ਸਕਦੇ। ਉਸ ਸਮੇਂ ਮੇਰੀ ਭਾਵਨਾ ਸੀ ਕਿ ਦੁਨੀਆਂ ਭਰ ਵਿਚ ਸਿਰਫ ਬੁੱਧੀਜੀਵੀ ਹੀ ਸਾਫ ਸੁਥਰੇ ਹੁੰਦੇ ਹਨ। ਜਦ ਕਿ ਮਜ਼ਦੂਰ ਕਿਸਾਨ ਗੰਦੇ ਰਹਿੰਦੇ ਹਨ। ਸਾਫ ਸੁਥਰਾ ਸਮਝ ਕੇ ਦੂਸਰੇ ਬੁੱਧੀਜੀਵੀਆਂ ਦੇ ਕੱਪੜੇ ਪਾ ਲੈਣ ਵਿਚ ਮੈਨੂੰ ਕੋਈ ਇਤਰਾਜ ਨਹੀਂ ਸੀ ਜਦ ਕਿ ਕਿਸੇ ਮਜ਼ਦੂਰ ਜਾਂ ਕਿਸਾਨ ਦੇ ਕੱਪੜੇ ਮੈਂ ਹਰਗਿਜ਼ ਨਹੀਂ ਸਾਂ ਪਹਿਨ ਸਕਦਾ। ਪ੍ਰੰਤੂ ਜਦੋਂ ਮੈਂ ਇਨਕਲਾਬੀ ਬਣਿਆ ਅਤੇ ਮਜ਼ਦੂਰਾਂ ਕਿਸਾਨਾਂ ਅਤੇ ਇਨਕਲਾਬੀ ਸੈਨਾ ਨਾਲ ਰਹਿਣ ਲੱਗਾ ਤਾਂ ਹੌਲੀ ਹੌਲੀ ਮੈਂ ਉਨ੍ਹਾਂ ਤੋਂ ਚੰਗੀ ਤਰ੍ਹਾਂ ਵਾਕਿਫ ਹੋ ਗਿਆ ਅਤੇ ਉਹ ਵੀ ਮੈਨੂੰ



ਚੰਗੀ ਤਰ੍ਹਾਂ ਪਹਿਚਾਨਣ ਲੱਗੇ। ਉਦੋਂ ਤੇ ਸਿਰਫ ਉਦੋਂ ਹੀ ਮੈਂ ਆਪਣੀਆਂ, ਪੂੰਜੀਵਾਦੀ ਅਤੇ ਨਿਮਨ-ਪੂੰਜੀਵਾਦੀ ਭਾਵਨਾਵਾਂ ਨੂੰ ਬੁਨਿਆਦੀ ਤੌਰ ਤੇ ਬਦਲ ਸਕਿਆ। ਜਿਹੜੀਆਂ ਪੂੰਜੀਵਾਦੀ ਸਕੂਲਾਂ ਵਿਚ ਹੀ ਮੇਰੇ ਅੰਦਰ ਬੀਜ ਦਿੱਤੀਆਂ ਗਈਆਂ ਸਨ। ਮੈਂ ਅਨੁਭਵ ਕਰਨ ਲੱਗਾ ਕਿ ਮਜ਼ਦੂਰਾਂ ਤੇ ਕਿਸਾਨਾਂ ਦੇ ਮੁਕਾਬਲੇ ਉਹ ਬੁੱਧੀਜੀਵੀ ਵਧੇਰੇ ਸਾਫ ਸੁਥਰੇ ਨਹੀਂ ਹਨ। ਜਿਨ੍ਹਾਂ ਨੇ ਅਜੇ ਤੱਕ ਦੁਬਾਰਾ ਆਪਣੇ ਆਪ ਨੂੰ ਸੋਧਿਆ ਨਹੀਂ ਹੈ। ਅੰਤਿਮ ਤੌਰ ਤੇ ਮਜ਼ਦੂਰ ਤੇ ਕਿਸਾਨ ਹੀ ਸਭ ਤੋਂ ਵੱਧ ਸਾਫ ਸੁਥਰੇ ਲੋਕ ਹਨ। ਚਾਹੇ ਉਨ੍ਹਾਂ ਦੇ ਹੱਥ ਮਿੱਟੀ ਨਾਲ ਲਿਬੜੇ ਹੋਣ ਜਾਂ ਪੈਰ ਗੋਹੇ ਨਾਲ ਲੱਥ-ਪੱਥ ਹੋਣ ਫਿਰ ਵੀ ਉਹ ਪੂੰਜੀਵਾਦੀ ਤੇ ਨਿਮਨ-ਪੂੰਜੀਵਾਦੀ ਬੁੱਧੀਜੀਵੀਆਂ ਦਾ ਮੁਕਾਬਲੇ ਕਿਤੇ ਵਧੇਰੇ ਸਾਫ ਸੁਥਰੇ ਹੁੰਦੇ ਹਨ। ਇਸਦਾ ਮਤਲਬ ਹੁੰਦਾ ਹੈ ਭਾਵਨਾਵਾਂ ਦਾ ਰੂਪਾਂਤਰਣ, ਇਕ ਵਰਗ ਤੋਂ ਦੂਸਰੇ ਵਰਗ ਵਿਚ ਰੂਪਾਂਤਣ। ਬੁੱਧੀਜੀਵੀ ਸਮਾਜ ਵਿਚ ਜੰਮੇ ਲੇਖਕ ਤੇ ਕਲਾਕਾਰ ਜੇ ਚਾਹੁੰਦੇ ਹਨ ਕਿ ਉਨ੍ਹਾਂ ਦੀਆਂ ਕਿਰਤਾਂ ਦਾ ਜਨਤਾ ਪੂਰਾ ਆਦਰ-ਸਨਮਾਨ ਕਰੇ ਤਾਂ ਉਨ੍ਹਾਂ ਨੂੰ ਆਪਣੀਆਂ ਭਾਵਨਾਵਾਂ ਅਤੇ ਵਿਚਾਰਾਂ ਦਾ ਰੂਪਾਂਤਰਣ ਕਰ ਲੈਣਾ ਚਾਹੀਦਾ ਹੈ। ਇਸ ਤਰ੍ਹਾਂ ਦੇ ਰੂਪਾਂਤਰਣ ਤੋਂ ਬਗੈਰ, ਇਸ ਪੱਧਰ ਦੇ ਪਰਿਵਰਤਨ ਤੋਂ ਬਗੈਰ ਉਹ ਲੋਕ ਕਦੇ ਕੁਝ ਵੀ ਚੰਗੀ ਤਰ੍ਹਾਂ ਨਹੀਂ ਕਰ ਸਕਣਗੇ ਤੇ ਨਿਕੰਮੇ ਸਾਬਿਤ ਹੋਣਗੇ।

ਆਖਰੀ ਸਮੱਸਿਆ ਅਧਿਐਨ ਦੀ ਹੈ। ਇਸ ਅਧਿਐਨ ਤੋਂ ਮੇਰਾ ਭਾਵ ਮਾਰਕਸਵਾਦ-ਲੈਨਿਨਵਾਦ ਅਤੇ ਸਮਾਜ ਦੇ ਅਧਿਐਨ ਤੋਂ ਹੈ। ਕੋਈ ਵੀ ਆਪਣੇ ਆਪਨੂੰ ਇਨਕਲਾਬੀ ਮਾਰਕਸਵਾਦੀ ਲੇਖਕ ਸਮਝਦਾ ਹੋਵੇ ਖਾਸ ਤੌਰ ਤੇ ਉਹ ਲੇਖਕ ਜਿਹੜਾ ਕਮਿਊਨਿਸਟ ਪਾਰਟੀ ਦਾ ਮੈਂਬਰ ਹੋਵੇ ਉਸਨੂੰ ਮਾਰਕਸਵਾਦ-ਲੈਨਿਨਵਾਦ ਦਾ ਗਿਆਨ ਹੋਣਾ ਜ਼ਰੂਰੀ ਹੈ। ਇਸ ਸਮੇਂ ਕੁਝ ਸਾਥੀਆਂ ਵਿਚ ਮਾਰਕਸਵਾਦ ਦੀਆਂ ਬੁਨਿਆਦੀ ਧਾਰਣਾਵਾਂ ਬਾਰੇ ਅਗਿਆਨ ਵਿਦਮਾਨ ਹੈ। ਮਿਸਾਲ ਦੇ ਤੌਰ ਤੇ ਇਕ ਬੁਨਿਆਦੀ ਮਾਰਕਸਵਾਦੀ ਧਾਰਣਾ ਹੈ ਕਿ ਮਨੁੱਖ ਦੀ ਪ੍ਰਸਥਿਤੀ ਹੀ ਉਸਦੀ ਚੇਤਨਾ ਨੂੰ ਨਿਰਧਾਰਿਤ ਕਰਦੀ ਹੈ ਕਿ ਵਰਗ ਸੰਘਰਸ਼ ਅਤੇ ਰਾਸ਼ਟਰੀ ਸੰਘਰਸ਼ ਦੀ ਵਸਤੂਗਤ ਵਾਸਤਵਿਕਤਾ ਹੀ ਸਾਡੇ ਵਿਚਾਰਾਂ ਅਤੇ ਭਾਵਾਂ ਨੂੰ ਨਿਰਧਾਰਿਤ ਕਰਦੀ ਹੈ। ਪ੍ਰੰਤੂ ਸਾਡੇ ਕੁਝ ਸਾਥੀ ਇਸਨੂੰ ਬਿਲਕੁਲ ਹੀ ਉਲਟ-ਪੁਲਟ ਦਿੰਦੇ ਹਨ ਅਤੇ ਕਹਿੰਦੇ ਹਨ ਕਿ ਹਰ ਚੀਜ਼ ਦਾ ਆਰੰਭ ਪ੍ਰੇਮ ਤੋਂ ਹੋਣਾ ਚਾਹੀਦਾ ਹੈ। ਜਿੱਥੋਂ ਤੱਕ ਪਿਆਰ ਦਾ ਸੰਬੰਧ ਹੈ ਇਕ ਵਰਗਗਤ ਸਮਾਜ ਵਿਚ ਪਿਆਰ ਸਿਰਫ ਵਰਗ-ਪ੍ਰੇਮ ਹੀ ਹੋ ਸਕਦਾ ਹੈ, ਪ੍ਰੰਤੂ ਇਹ ਸਾਥੀ ਅਜਿਹੇ ਪਿਆਰ ਦੀ ਤਲਾਸ਼ ਵਿਚ ਹਨ ਜੋ ਵਰਗਾਂ ਤੋਂ ਪਰੇ ਹੋਵੇ। ਉਨ੍ਹਾਂ ਨੂੰ ਪ੍ਰੇਮ ਦੇ ਦਰਸ਼ਨ ਅਮੂਰਤ ਵਿਚ ਹੁੰਦੇ ਹਨ, ਉਹ ਅਮੂਰਤ ਵਿਚ ਹੀ ਆਜ਼ਾਦੀ ਪਾਉਂਦੇ ਹਨ। ਅਮੂਰਤ ਵਿਚ ਸੱਚ ਅਤੇ ਅਮੂਰਤ ਵਿਚ ਹੀ ਮਾਨਵ-ਸੁਭਾਅ ਦੀ ਖੋਜ ਕਰਦੇ ਹਨ। ਪ੍ਰਮਾਣਿਤ ਇਸ ਤੋਂ ਇਹ ਹੁੰਦਾ ਹੈ ਕਿ ਪੂੰਜੀਵਾਦੀ ਵਰਗ ਨੇ ਉਨ੍ਹਾਂ ਨੂੰ ਬੜੀ ਡੂੰਘਾਈ ਤੱਕ ਪ੍ਰਭਾਵਿਤ ਕੀਤਾ ਹੈ। ਉਨ੍ਹਾਂ ਨੂੰ ਇਸ ਪ੍ਰਭਾਵ ਤੋਂ ਪੂਰੀ ਤਰ੍ਹਾਂ ਮੁਕਤ ਕਰ ਲੈਣਾ ਚਾਹੀਦਾ ਹੈ ਅਤੇ ਬੜੀ ਨਿਮਰਤਾ ਨਾਲ ਮਾਰਕਸਵਾਦ-ਲੈਨਿਨਵਾਦ ਦਾ ਅਧਿਐਨ ਕਰਨਾ ਚਾਹੀਦਾ ਹੈ। ਲੇਖਕਾਂ ਤੇ ਕਲਾਕਾਰਾਂ ਵਲੋਂ ਸਾਹਿਤਕ ਰਚਨਾਵਾਂ ਤੇ ਕਲਾਕਿਰਤਾਂ ਦਾ ਅਧਿਐਨ ਬਿਲਕੁਲ ਉਚਿਤ ਹੈ, ਪ੍ਰੰਤੂ ਸਾਰੇ ਇਨਕਲਾਬੀਆਂ ਨੂੰ ਮਾਰਕਸਵਾਦ ਲੈਨਿਨਵਾਦ ਦੇ ਵਿਗਿਆਨ ਦਾ ਅਧਿਐਨ ਕਰਨਾ ਚਾਹੀਦਾ ਹੈ। ਲੇਖਕ ਅਤੇ ਕਲਾਕਾਰ ਇਸਦਾ ਅਪਵਾਦ ਨਹੀਂ ਹਨ। ਲੇਖਕਾਂ ਅਤੇ ਕਲਾਕਾਰਾਂ ਨੂੰ ਚਾਹੀਦਾ ਹੈ ਕਿ ਉਹ ਸਮਾਜ ਦਾ ਅਧਿਐਨ ਕਰਨ ਭਾਵ ਕਿ ਉਹ ਸਮਾਜ ਦੇ ਵਿਭਿੰਨ ਵਰਗਾਂ ਦਾ ਅਧਿਐਨ ਕਰਨ। ਉਨ੍ਹਾਂ ਦੇ ਆਪਸੀ ਸੰਬੰਧਾਂ ਅਤੇ ਉਨ੍ਹਾਂ ਦੀਆਂ ਵੱਖ-ਵੱਖ ਸਥਿਤੀਆਂ ਦਾ ਅਤੇ ਉਨ੍ਹਾਂ ਦੀਆਂ ਬਾਹਰੀ ਸ਼ਕਲਾਂ ਤੇ ਮਨੋ-ਬਿਰਤੀਆਂ ਦਾ ਅਧਿਐਨ ਕਰਨ। ਇਨ੍ਹਾਂ ਸਾਰੀਆਂ ਗੱਲਾਂ ਨੂੰ ਆਤਮਸਾਤ ਕਰ ਲੈਣ ਤੋਂ ਬਾਦ ਹੀ ਅਸੀਂ ਇਕ ਅਜਿਹੇ ਸਾਹਿਤ ਅਤੇ ਕਲਾ ਦੀ ਸਿਰਜਣਾ ਕਰ ਸਕਾਂਗੇ ਜਿਸਦਾ ਵਿਸ਼ੇ-ਵਸਤੂ ਅਮੀਰ ਹੋਵੇਗਾ ਤੇ ਜਿਸਦੀ ਦਿਸ਼ਾ ਸਹੀ ਹੋਵੇਗੀ।

ਇਨ੍ਹਾਂ ਸਮੱਸਿਆਵਾਂ ਨੂੰ ਮੈਂ ਸਿਰਫ ਵਿਸ਼ੇ ਪ੍ਰਵੇਸ਼ ਦੇ ਰੂਪ ਹੀ ਉਠਾ ਰਿਹਾ ਹਾਂ। ਮੈਨੂੰ ਉਮੀਦ ਹੈ ਕਿ

ਤੁਸੀਂ ਸਾਰੇ ਲੋਕ ਇਨ੍ਹਾਂ ਤੇ ਦੂਸਰੀਆਂ ਸੰਬੰਧਿਤ ਸਮੱਸਿਆਵਾਂ ਦੇ ਬਾਰੇ ਆਪਣੇ ਵਿਚਾਰ ਪ੍ਰਗਟ ਕਰੋਗੇ।

ਸਾਥੀਓ ਸਾਡੀ ਗੋਸ਼ਟੀ ਦੀਆਂ ਇਸ ਮਹੀਨੇ ਤਿੰਨ ਬੈਠਕਾਂ ਹੋਈਆਂ ਹਨ। ਸੱਚ ਦੀ ਖੋਜ ਵਾਸਤੇ ਅਸੀਂ ਜ਼ੋਰਦਾਰ ਬਹਿਸਾਂ ਕੀਤੀਆਂ ਹਨ। ਜਿਨ੍ਹਾਂ ਵਿਚ ਅਨੇਕਾਂ ਪਾਰਟੀ ਅਤੇ ਗੈਰ-ਪਾਰਟੀ ਕਾਮਰੇਡਾਂ ਨੇ ਵਿਚਾਰ ਪੇਸ਼ ਕੀਤੇ ਹਨ। ਮਸਲਿਆਂ ਨੂੰ ਸਪੱਸ਼ਟ ਰੂਪ ਵਿਚ ਪੇਸ਼ ਕੀਤਾ ਹੈ ਅਤੇ ਉਨ੍ਹਾਂ ਨੂੰ ਠੋਸ ਰੂਪ ਦਿੱਤਾ ਹੈ। ਮੇਰਾ ਵਿਚਾਰ ਹੈ ਕਿ ਇਸ ਤੋਂ ਸਮੁੱਚੇ ਸਾਹਿਤਕ ਅਤੇ ਕਲਾਤਮਕ ਅੰਦੋਲਨ ਨੂੰ ਬਹੁਤ ਫਾਇਦਾ ਹੋਵੇਗਾ।

ਕਿਸੇ ਵੀ ਸਮੱਸਿਆ ਤੇ ਵਿਚਾਰ ਕਰਦੇ ਸਮੇਂ ਸਾਨੂੰ ਵਾਸਤਵਿਕਤਾ ਤੋਂ ਸ਼ੁਰੂਆਤ ਕਰਨੀ ਚਾਹੀਦੀ ਹੈ ਨਾ ਕਿ ਪਰਿਭਾਸ਼ਾਵਾਂ ਤੋਂ। ਜੇਕਰ ਅਸੀਂ ਪਾਠ-ਪੁਸਤਕਾਂ ਤੋਂ ਸਾਹਿਤ ਤੇ ਕਲਾ ਦੀਆਂ ਪਰਿਭਾਸ਼ਾਵਾਂ ਨੂੰ ਧਿਆਨ ਵਿਚ ਰੱਖਕੇ ਵਰਤਮਾਨ ਸਾਹਿਤਕ ਅਤੇ ਕਲਾਤਮਿਕ ਅੰਦੋਲਨਾਂ ਦੇ ਮਾਰਗ-ਦਰਸ਼ਕ ਅਸੂਲਾਂ ਨੂੰ ਨਿਰਧਾਰਿਤ ਕਰਨ ਲਈ ਉਨ੍ਹਾਂ ਦੀ ਵਰਤੋਂ ਕਰਾਂਗੇ ਅਤੇ ਅੱਜ ਉਠ ਰਹੇ ਅਨੇਕ ਮਤਾਂ ਤੇ ਮਤ ਭੇਦਾਂ ਨੂੰ ਪਰਖਣ ਲਈ ਉਨ੍ਹਾਂ ਦਾ ਇਸਤੇਮਾਲ ਕਰਾਂਗੇ ਤਾਂ ਅਸੀਂ ਇਕ ਗਲਤ ਢੰਗ ਦੇ ਪਿਛਲੱਗੂ ਬਣ ਰਹੇ ਹੋਵੇਗੇ। ਅਸੀਂ ਮਾਰਕਸਵਾਦੀ ਹਾਂ ਅਤੇ ਮਾਰਕਸਵਾਦ ਸਾਨੂੰ ਸਿਖਾਉਂਦਾ ਹੈ ਕਿ ਕਿਸੇ ਸਮੱਸਿਆ ਨੂੰ ਨਿਪਟਾਉਣ ਲਈ ਸਾਨੂੰ ਵਸਤੂਗਤ ਤੱਥਾਂ ਤੋਂ ਹੀ ਆਰੰਭ ਕਰਨਾ ਚਾਹੀਦਾ ਹੈ। ਨਾ ਕਿ ਅਮੂਰਤ ਪਰਿਭਾਸ਼ਾਵਾਂ ਤੋਂ ਅਤੇ ਸਾਨੂੰ ਮਾਰਗ ਦਰਸ਼ਕ ਨਿਯਮਾਂ, ਨੀਤੀਆਂ ਅਤੇ ਉਨ੍ਹਾਂ ਦੇ ਉਪਾਵਾਂ ਦਾ ਨਿਰਧਾਰਣ ਤੱਥਾਂ ਦੇ ਵਿਸ਼ਲੇਸ਼ਣ ਦੇ ਆਧਾਰ ਤੇ ਕਰਨਾ ਚਾਹੀਦਾ ਹੈ। ਸਾਹਿਤਕ ਤੇ ਕਲਾਤਮਕ ਕੰਮ ਦੇ ਆਪਣੇ ਵਿਵਾਦ ਵਿਚ ਵੀ ਸਾਨੂੰ ਇਹੀ ਕੁਝ ਕਰਨਾ ਚਾਹੀਦਾ ਹੈ।

ਇਸ ਸਮੇਂ ਤੱਥ ਕੀ ਹਨ ? ਉਹ ਇਸ ਤਰ੍ਹਾਂ ਹਨ ਜਾਪਾਨੀ ਹਮਲੇ ਵਿਰੋਧ ਯੁੱਧ, ਜਿਸਨੂੰ ਚੀਨ ਪਿਛਲੇ ਪੰਜ ਸਾਲਾਂ ਤੋਂ ਲੜ ਰਿਹਾ ਹੈ। ਸੰਸਾਰ ਪੱਧਰੀ ਫਾਸ਼ਿਸਟ ਵਿਰੋਧੀ ਯੁੱਧ, ਜਾਪਾਨੀ-ਹਮਲੇ-ਵਿਰੋਧੀ ਯੁੱਧ ਵਿਚ ਚੀਨ ਦੇ ਵੱਡੇ ਵੱਡੇ ਜ਼ਿਮੀਦਾਰ ਅਤੇ ਵੱਡੇ ਵੱਡੇ ਪੂੰਜੀਪਤੀਆਂ ਵਲੋਂ ਢਿਲਾ-ਮੱਠਾ ਰੁੱਖ ਅਪਣਾਇਆ ਜਾਣਾ ਅਤੇ ਮਨਮਾਨੇ ਢੰਗ ਨਾਲ ਜੰਤਾ ਤੇ ਜ਼ੁਲਮ ਢਾਹੁਣ ਦੀ ਉਨ੍ਹਾਂ ਦੀ ਨੀਤੀ। ਚਾਰ ਮਈ ਅੰਦੋਲਨ ਤੋਂ ਬਾਦ ਸਾਹਿਤ ਤੇ ਕਲਾ ਦੇ ਖੇਤਰ ਵਿਚ ਇਨਕਲਾਬੀ ਅੰਦੋਲਨ ਚਲਾਇਆ ਜਾਣਾ ਪਿਛਲੇ ਤੇਈ ਸਾਲਾਂ ਤੋਂ ਇਨਕਲਾਬ ਲਈ ਉਸਦਾ ਮਹਾਨ ਯੋਗਦਾਨ ਅਤੇ ਉਸਦੀਆਂ ਅਨੇਕਾਂ ਕਮਜ਼ੋਰੀਆਂ, ਅੱਠਵੀਂ ਮਾਰਗ ਸੈਨਾ ਅਤੇ ਨਵੀਂ ਚੌਥੀ ਸੈਨਾ ਦੇ ਜਾਪਾਨ ਵਿਰੋਧੀ ਜਨਵਾਦੀ ਅ ਧਾਰ ਖੇਤਰਾਂ ਦਾ ਹੋਣਾ ਅਤੇ ਲੇਖਕਾਂ ਤੇ ਕਲਾਕਾਰਾਂ ਦਾ ਵੱਡੀ ਤਾਦਾਦ ਵਿਚ ਇਨ੍ਹਾਂ ਸੇਨਾਵਾਂ ਦੇ ਨਾਲ ਅਤੇ ਇਨ੍ਹਾਂ ਆਧਾਰ ਖੇਤਰਾਂ ਦੇ ਮਜ਼ਦੂਰਾਂ ਤੇ ਕਿਸਾਨਾਂ ਨਾਲ ਇਕਮਿਕ ਹੋ ਜਾਣਾ। ਇਨ੍ਹਾਂ ਆਧਾਰ ਖੇਤਰਾਂ ਦੇ ਲੇਖਕਾਂ ਤੇ ਕਲਾਕਾਰਾਂ ਅਤੇ ਕਵਾਮਿਗਤਾਂਗ ਖੇਤਰਾਂ ਦੇ ਲੇਖਕਾਂ ਤੇ ਕਲਾਕਾਰਾਂ ਦੇ ਵਾਤਾਵਰਣ ਅਤੇ ਫਰਜ਼ਾਂ ਵਿਚ ਅੰਤਰ ਅਤੇ ਸਾਹਿਤ ਤੇ ਕਲਾ ਦੇ ਉਹ ਵਿਵਾਦਪੂਰਣ ਸਵਾਲ ਜੋ ਯੇਨਾਨ ਅਤੇ ਦੂਸਰੇ ਜਾਪਾਨ ਵਿਰੋਧੀ ਆਧਾਰ ਖੇਤਰਾਂ ਵਿਚ ਉੱਠ ਰਹੇ ਹਨ। ਇਹ ਸਾਰੇ ਅਜਿਹੇ ਵਾਸਤਵਿਕ ਤੇ ਅਕੱਟ ਤੱਥ ਹਨ ਜਿਨ੍ਹਾਂ ਦੀ ਰੌਸ਼ਨੀ ਵਿਚ ਅਸੀਂ ਆਪਣੀਆਂ ਸਮੱਸਿਆਵਾਂ ਤੇ ਵਿਚਾਰ ਕਰਨਾ ਹੈ।

ਆਖਿਰ ਮੁੱਖ ਸਮੱਸਿਆ ਕੀ ਹੈ ? ਮੇਰੇ ਵਿਚਾਰ ਵਿਚ ਬੁਨਿਆਦੀ ਤੌਰ ਤੇ ਸਮੱਸਿਆ ਇਹ ਹੈ ਕਿ ਆਮ ਜਨਤਾ ਲਈ ਕੰਮ ਕਰਨ ਦਾ ਸਵਾਲ ਤੇ ਇਹ ਸਵਾਲ ਕਿ ਇਸਨੂੰ ਕੀਤਾ ਕਿਵੇਂ ਜਾਵੇ। ਜਦੋਂ ਤੱਕ ਇਹ ਦੋਨੋਂ ਸਵਾਲ ਹੱਲ ਨਹੀਂ ਹੋ ਜਾਂਦੇ ਜਾਂ ਚੰਗੀ ਤਰ੍ਹਾਂ ਹੱਲ ਨਹੀਂ ਹੋ ਜਾਂਦੇ, ਉਦੋਂ ਤੱਕ ਸਾਡੇ ਲੇਖਕ ਤੇ ਕਲਾਕਾਰ ਆਪਣੇ ਆਪਨੂੰ, ਆਪਣੇ ਆਲੇ ਦੁਆਲੇ ਦੇ ਵਾਤਾਵਰਣ ਅਤੇ ਆਪਣੇ ਫਰਜ਼ਾਂ ਦੇ ਅਨੁਸਾਰ ਢਾਲ ਨਹੀਂ ਸਕਣਗੇ ਤੇ ਇਨ੍ਹਾਂ ਨੂੰ ਅਨੇਕਾਂ ਅੰਦਰੂਨੀ ਅਤੇ ਬਾਹਰੀ ਔਕੜਾਂ ਦਾ ਸਾਹਮਣਾ ਕਰਨਾ ਪਵੇਗਾ। ਮੇਰਾ ਨਿਰਣਾ ਮੁੱਖ ਰੂਪ ਵਿਚ ਇਨ੍ਹਾਂ ਦੋ ਸਵਾਲਾਂ ਤੇ ਹੀ ਕੇਂਦ੍ਰਿਤ ਰਹੇਗਾ ਤੇ ਨਾਲ ਹੀ ਮੈਂ ਕੁਝ ਹੋਰ ਸੰਬੰਧਿਤ ਸਵਾਲਾਂ ਦੀ ਵੀ ਸਰਸਰੀ ਜਿਹੀ ਚਰਚਾ ਕਰਾਂਗਾ। (ਜਾਰੀ)

❑





## ਪ੍ਰਚੀਨ ਚੀਨੀ ਪੁਸਤਕਾਂ ਦਾ ਇਤਿਹਾਸ/ *ਜ਼ਿਗਓ ਛਗਕਲ*

ਪੁਸਤਕਾਂ ਦੇ ਪ੍ਰਵੇਸ਼ ਤੇ ਵਿਕਾਸ ਨੇ ਚੀਨ ਦੀ ਪ੍ਰਾਚੀਨ ਸਭਿਅਤਾ ਵਿਚ ਉੱਘਾ ਹਿੱਸਾ ਪਾਇਆ ਸੀ। ਉਹ ਵੱਖ-ਵੱਖ ਸਮਿਆਂ ਵਿੱਚ ਕਈ ਤਰ੍ਹਾਂ ਦੀ ਸਮੱਗਰੀ ਜਿਵੇਂ ਪਸ਼ੂਆਂ ਦੀਆਂ ਹੱਡੀਆਂ ਤੋਂ ਲੱਗ ਕੇ ਕੱਛੂ ਕੁੰਮਿਆਂ ਦੀਆਂ ਖੋਪਰੀਆਂ ਤੇ ਬਾਂਸ ਜਾਂ ਲੱਕੜੀ ਦੀਆਂ ਫੱਟੀਆਂ ਤੇ ਰੇਸ਼ਮ ਅਤੇ ਕਾਗਜ਼ ਦੀਆਂ ਬਣਾਈਆਂ ਜਾਂਦੀਆਂ ਸਨ। ਕਦੇ ਧਾਗੇ ਨਾਲ ਬੰਨ੍ਹੀਆਂ ਪੁਸਤਕਾਂ, ਸਭ ਤੋਂ ਵਿਕਸਿਤ ਸ਼ਕਲ ਦੀਆਂ ਸਮਝੀਆਂ ਜਾਂਦੀਆਂ ਸਨ।

ਆਮ ਮੰਨਿਆ ਜਾਂਦਾ ਹੈ ਕਿ ਪ੍ਰਾਚੀਨ ਚੀਨੀ ਪੁਸਤਕਾਂ ਦੀ ਕਾਢ ਈਸਾ ਮਸੀਹ ਤੋਂ ਸੋਲਾਂ ਸਦੀਆਂ ਪਹਿਲਾਂ ਨਿਕਲੀ ਸੀ। ਇਹ ਵਿਸ਼ਵਾਸ ਹੇਨ੍ਹਾਨ ਸੂਬੇ, ਵਿਚ ਬਿਨ ਦੀ ਥਾਂ ਦੇ ਖੰਡਰਾਂ ਦੀ ਖੁਦਾਈ ਤੋਂ ਜਾਨਵਰਾਂ ਦੀਆਂ ਖੋਪਰੀਆਂ ਉਤਲੀ ਉਕਰਾਈਆਂ ਤੋਂ ਬਣਿਆ ਹੈ। ਇਹ ਉਕਰਾਈ ਪੁਰਾਤਨ ਸ਼ੈਗ ਖਾਨਦਾਨ ਦੇ ਰਾਜ ਨਾਲ ਸੰਬੰਧਤ ਹੈ, ਜੋ ਕਿ ਈਸਾ ਤੋਂ ਸੋਲਾਂ ਸੌ ਸਾਲ ਅਰਥਾਤ ਅੱਜ ਤੋਂ ਤਿੰਨ ਹਜ਼ਾਰ ਸਾਲ ਪੁਰਾਣੀ ਬਣਦੀ ਹੈ।

ਅੱਜ ਤੀਕ 4500 ਚਿੰਨਾਂ ਨੂੰ ਪ੍ਰਗਟਾਉਂਦੇ, ਕੱਛੂ ਕੰਮਿਆਂ ਦੇ ਖੋਲ ਤੇ ਪਸ਼ੂਆਂ ਦੀਆਂ ਹੱਡੀਆਂ ਦੇ 150,000 ਨਮੂਨੇ ਖੁਦਾਈ ਕਰਕੇ ਲੱਭੇ ਜਾ ਚੁੱਕੇ ਹਨ। ਅਜੋਕੇ ਚੀਨੀ ਅੱਖਰਾਂ ਵਿਚੋਂ 1500 ਪ੍ਰਾਚੀਨ ਚਿੰਨਾਂ ਨੂੰ ਪੜ੍ਹਿਆ ਜਾ ਚੁੱਕਾ ਹੈ ਅਤੇ ਇਹ ਟੁਕੜੇ ਮੁੱਖ ਤੌਰ ਤੇ ਜੰਗਾਂ, ਪਸ਼ੂ-ਪਾਲਣ, ਖੇਤੀ-ਬਾੜੀ, ਕੁਦਰਤੀ ਆਫਤਾਂ, ਬੀਮਾਰੀਆਂ ਤੇ ਬਲੀਦਾਨ ਦੀਆਂ ਰਸਮਾਂ ਨਾਲ ਸੰਬੰਧਤ ਹਨ। ਕਈ ਕੱਛੂ-ਕੰਮਿਆਂ ਦੀਆਂ ਖੋਪਰੀਆਂ ਤੇ ਹੱਡੀਆਂ ਦੇ ਟੁਕੜਿਆਂ ਵਿਚ ਮੋਰੀਆਂ ਕੱਢੀਆਂ ਹੁੰਦੀਆਂ ਸਨ। ਤਾਂ ਕਿ ਉਹਨਾਂ ਨੂੰ ਡੋਰ ਨਾਲ ਇਕੱਠੇ ਬੰਨਿਆਂ ਜਾ ਸਕੇ, ਇਹ ਆਮ ਕਰਕੇ ਪਿੱਛੋਂ ਪ੍ਰਚਲੱਤ ਹੋਏ ਲੱਕੜੀ ਤੇ ਵਾਂਸ ਦੇ ਫੱਟਿਆਂ ਨਾਲ ਮਿਲਦੀਆਂ ਜੁਲਦੀਆਂ ਹਨ।

ਈਸਾ ਮਸੀਹ ਤੋਂ ਦੋ ਸਦੀਆਂ ਪਹਿਲਾਂ ਵਿਕਸਿਤ ਹੋਏ ਕਾਂਸੀ ਦੇ ਬਰਤਨਾਂ ਦੇ ਵਿਕਾਸ ਨਾਲ ਕਾਂਸੀ ਦੇ ਬਰਤਨਾਂ ਤੇ ਉਕਰਾਈ ਕਰਨ ਨਾਲ ਪ੍ਰਾਚੀਨ ਕਿਤਾਬ ਦਾ ਇੱਕ ਹੋਰ ਰੂਪ ਵਿਕਸਿਤ ਹੋਇਆ। ਇਸ ਸਮੇਂ ਵਿਚ ਬਲੀ ਦੇਣ ਵਾਲੇ ਬਰਤਨਾਂ, ਸੰਗੀਤਕ ਸਾਜ਼ਾਂ, ਰਸੋਈ ਦੇ ਭਾਂਡਿਆਂ, ਸੰਦਾਂ ਤੇ ਹਥਿਆਰਾਂ ਨੂੰ ਸੁਹਜਾਤਮਿਕ ਪੱਖੋਂ ਆਮ ਵਰਤੋਂ ਲਈ ਢਾਲਿਆ ਜਾਂਦਾ ਸੀ। ਇਹ ਉਕਰਾਈ ਦਿਲਚਸਪੀ ਦੇ ਕਈ ਖੇਤਰਾਂ ਨੂੰ ਘੇਰੇ ਵਿਚ ਲਿਆਉਂਦੀ ਹੈ। ਜਿਵੇਂ ਪੁਰਖਿਆਂ ਦੀ ਯਾਦ ਮਨਾਉਣੀ, ਜ਼ਮੀਨ ਤੇ ਗੁਲਾਮਾਂ ਦੀ ਪ੍ਰਵਾਨਗੀ ਦੇਣੀ ਗੁਲਾਮਾਂ, ਜੰਗਾਂ ਤੇ ਸਮਝੌਤਿਆਂ ਦੇ ਨਾਲ ਨਾਲ ਕਾਨੂੰਨ ਤੇ ਨੇਮਾਂ, ਆਦਿ ਦੀ ਲਿਖਤ ਵਿਚ ਇਹ ਉਕਰਾਈਆਂ ਜਿਹਨਾਂ ਵਿਚ ਕਈ ਸੈਂਕੜੇ ਅੱਖਰ ਵਰਤੇ ਜਾਂਦੇ ਸਨ, ਤੇ ਇਹ ਹੱਡੀਆਂ ਦੇ ਗੈਬੀ ਬਚਨਾਂ ਤੇ ਕੱਛੂ-ਕੰਮਿਆਂ ਦੀਆਂ ਖੋਪਰੀਆਂ ਨਾਲੋਂ ਵਿਸ਼ੇ ਪੱਖੋਂ ਜ਼ਿਆਦਾ ਭਰਪੂਰ ਹਨ। ਇਹਨਾਂ ਵਿੱਚੋਂ ਕਈ ਮੁਕੰਮਲ ਦਸਤਾਵੇਜ਼ਾਂ ਹਨ। ਇਹ ਰਿਕਾਰਡ ਰੱਖਣ ਦੇ ਵਧੇਰੇ ਯੋਗ ਹਨ ਤੇ ਕਿਤਾਬਾਂ ਦੀ ਅਜੋਕੀ ਪਰਿਭਾਸ਼ਾ ਦੇ ਵਧੇਰੇ ਨੇੜੇ ਹਨ।

ਪੱਥਰਾਂ ਤੇ ਉਕਰਾਈ ਕਰਨੀ ਅਜੋਕੀ ਕਿਤਾਬ ਦੇ ਇੱਕ ਹੋਰ ਪੁਰਖੇ ਦੀ ਉਦਾਹਰਣ ਮਾਤਰ ਹੈ। ਸਭ ਤੋਂ ਪੁਰਾਣੀ ਪੱਥਰਾਂ ਦੀ ਪ੍ਰਚਲਤ ਉਕਰਾਈ ਦਾ ਨਾਂ "ਸ਼ਿਗੂ ਵੇਨ" ਹੈ। ਜੋ ਕਵਿੱਨ ਰਾਜ ਵਿਚ ਈਸਾ ਤੋਂ 765 ਤੇ 716 ਸਾਲ ਪਹਿਲਾਂ ਦੇ ਢੋਲ ਵਰਗੇ ਪੱਥਰ ਸਨ। ਸਭ ਤੋਂ ਪਸਿੱਧ ਪੱਥਰ ਦੀਆਂ ਲਿਖਤਾਂ ਕਨਫਿਊਸ਼ੀਅਨ ਕਲਾਸਿਕਸ ਹਨ ਜੋ ਈਸਟ ਹਾਨ ਖਾਨਦਾਨ ਦੇ ਬਾਦਸ਼ਾਹ ਲਿੰਗ ਦੇ ਸਮੇਂ ਈਸਾ ਤੋਂ 175 ਸਾਲ ਬਾਅਦ ਲਿਖੀਆਂ ਗਈਆਂ, ਇਹਨਾਂ ਕਲਾਸਿਕੀ ਲਿਖਤਾਂ ਵਿਚ ਅਕਸਰ

ਪਾਈਆਂ ਜਾਂਦੀਆਂ ਨਕਲ ਵੇਲੇ ਦੀਆਂ ਗਲਤੀਆਂ ਕਾਰਨ 'ਕਾਈ-ਬੀ' ਵਿਦਵਾਨ ਨੇ ਬਾਦਸ਼ਾਹ ਕੋਲੋਂ ਗਲਤੀਆਂ ਠੀਕ ਕਰਨ ਦੀ ਆਗਿਆ ਮੰਗੀ ਤੇ ਫਿਰ ਆਖਰੀ ਠੀਕ ਕੀਤੀ ਲਿਖਤ ਨੂੰ ਕੌਮੀ ਮਿਆਰ ਅਨੁਸਾਰ ਆਖਰੀ ਲਿਖਤ ਪ੍ਰਵਾਨ ਕੀਤਾ ਗਿਆ। ਜੋ ਪੱਥਰ ਦੀ ਸਲੇਟ ਤੇ ਉੱਕਰੀ ਜਾਣੀ ਹੁੰਦੀ ਸੀ। ਅੱਠਾਂ ਸਾਲਾਂ ਦੇ ਵਿਚ ਦੋ ਲੱਖ ਅੱਖਰਾਂ ਵਾਲੀਆਂ ਸੱਤ ਕਿਤਾਬਾਂ ਉਹਨਾਂ ਪੱਥਰ ਦੀਆਂ ਸਿਲਾਂ ਤੇ ਉੱਕਰੀਆਂ ਗਈਆਂ ਜੋ ਰਾਜਧਾਨੀ ਲਿਓ ਯੈਂਗ ਵਿਚ ਉਸਾਰੀਆਂ ਗਈਆਂ ਸਨ, ਤੇ ਜਿਹਨਾਂ ਦੀ ਵਿਦਵਾਨਾਂ ਵਲੋਂ ਭਰਪੂਰ ਪ੍ਰਸ਼ੰਸਾ ਕੀਤੀ ਗਈ। ਇਤਿਹਾਸਕ ਰਿਕਾਰਡ ਤੋਂ ਪਤਾ ਲੱਗਦਾ ਹੈ ਕਿ ਹਰ ਸਾਲ ਲੱਗਭਗ ਹਜ਼ਾਰ ਰੱਥ ਨਿੰਰਤਰ ਵਿਦਵਾਨਾਂ ਦੇ ਭਰੇ ਸਾਰੇ ਦੇਸ਼ ਵਿਚੋਂ ਇਹਨਾਂ ਪੱਥਰ ਦੀਆਂ ਸਲੇਟਾਂ ਉੱਤੇ ਲਿਖਣ ਲਈ ਤੇ ਨਕਲ ਕਰਨ ਲਈ ਆਉਂਦੇ ਸਨ। ਬਦਕਿਸਮਤੀ ਨਾਲ ਕੁਝ ਸਾਲਾਂ ਬਾਅਦ ਹੋਈ ਜੰਗ ਵਿਚ, ਇਹ ਪੱਥਰ ਦੀਆਂ ਸਿਲਾਂ ਤਬਾਹ ਹੋ ਗਈਆਂ ਤੇ ਅਚਾਨਕ ਹੀ "ਯਾਤਰਾ" ਦਾ ਵੀ ਅੰਤ ਹੋ ਗਿਆ।

ਪੱਥਰ ਦੀਆਂ ਉਕਰਾਈਆਂ ਨੇ ਲੱਕੜ ਦੇ ਠੱਪਿਆਂ ਦੀ ਛਪਾਈ ਨੂੰ ਜਨਮ ਦਿੱਤਾ।

ਭਾਵੇਂ, ਕੱਛੂ ਕੰਮਿਆਂ ਦੀਆਂ ਖੋਪਰੀਆਂ ਹੱਡੀਆਂ ਦੇ ਅਗੰਮੀ ਵਾਕ, ਤਾਂਬੇ ਦੇ ਬਰਤਨਾਂ ਅਤੇ ਪੱਥਰ ਦੀਆਂ ਸਿਲਾਂ ਉੱਤੇ ਉਕਰੀਆਂ ਲਿਖਤਾਂ ਵਿਚ ਕਿਤਾਬਾਂ ਦੇ ਕੁਝ ਗੁਣ ਭਰੇ ਪ੍ਰਤੀਤ ਹੁੰਦੇ ਹਨ, ਪਰ ਇਹ ਅਸਲ ਅਰਥਾਂ ਵਿਚ ਪੁਸਤਕਾਂ ਤਾਂ ਨਹੀਂ ਹਨ। ਚੀਨ ਦੀ ਸਭ ਤੋਂ ਪਹਿਲੀ ਪੁਸਤਕ ਦੀ ਸ਼ਕਲ "ਜੀਆਨ-ਡੂ" ਹੈ। ਜਿਹੜੀ ਸ਼ਕਲ ਸ਼ੈਗ ਖਾਨਦਾਨ ਤੋਂ ਹਾਨ ਖਾਨਦਾਰ ਦੇ ਅੰਤ ਤੀਕ ਅਰਥਾਤ ਈਸਾ ਤੋਂ 206 ਸਾਲ ਪਹਿਲਾਂ ਤੋਂ ਈਸਾ ਦੇ ਜਨਮ ਤੋਂ 220 ਸਾਲ ਬਾਅਦ ਤੀਕ ਇਹ ਹਜ਼ਾਰ ਤੱਕ ਪ੍ਰਚਲਤ ਰਹੀ।

'ਜ਼ੀਆਨ ਡੂ' ਬਾਂਸ ਜਾਂ ਲੱਕੜੀ ਦੀਆਂ ਛਿੱਲਾਂ ਹੁੰਦੀਆਂ ਹਨ। ਜਿਹਨਾਂ ਉੱਤੇ ਅੱਖਰ ਉਕਰੇ ਹੁੰਦੇ ਹਨ, ਤੇ ਜੋ ਵਾਰੀ ਸਿਰ ਰੇਸ਼ਮ ਜਾਂ ਚਮੜੇ ਦੀਆਂ ਡੋਰਾਂ ਨਾਲ ਇਕੱਠੀਆਂ ਬੱਧੀਆਂ ਹੁੰਦੀਆਂ ਸਨ। ਹਰ ਲੜੀ ਵਿਚ ਚਾਰ ਜਾਂ ਪੰਜ ਛਿਲਕੇ ਹੁੰਦੇ ਸਨ। ਸ਼ਬਦ ਜੀਆਨ ਦਾ ਅਰਥ ਹੈ, ਬਾਂਸ ਦੀ ਛਿੱਲ, ਜਦਕਿ ਡੂ ਦਾ ਅਰਥ ਹੈ ਲੱਕੜੀ ਦੀ ਤਖਤੀ। 'ਜੀਆਨ' ਆਇਤ ਦੀਆਂ ਕਈ ਇੰਚਾਂ ਲੰਮੀਆਂ ਤੇ ਇੱਕ ਮੀਟਰ ਜਾਂ 0.5 ਸੈਂਟੀਮੀਟਰ ਤੋਂ ਇਕ ਸੈਂਟੀਮੀਟਰ ਚੌੜੀਆਂ ਹੁੰਦੀਆਂ ਹਨ। ਜੋ ਜੀਆਨ ਕਨਫੂਸ਼ੀਅਨ ਲਿਖਤਾਂ ਲਈ ਵਰਤੀਆਂ ਜਾਂਦੀਆਂ ਸਨ, ਉਹ ਸਤਿਕਾਰ ਵਜੋਂ ਔਸਤ ਨਾਲੋਂ ਲੰਮੀਆਂ ਹੁੰਦੀਆਂ ਸਨ। ਹਰ ਕੜੀ ਵਿਚ ਖੜੇ ਰੁਖ ਕਈ ਚਿੰਨਾਂ ਦੀ ਕਤਾਰ ਹੁੰਦੀ ਸੀ। ਤੇ ਸਿਰਫ ਵਿਸ਼ੇਸ਼ ਹਾਲਤਾਂ ਵਿਚ ਦੋ ਜਾਂ ਤਿੰਨ ਸਤਰਾਂ ਹੁੰਦੀਆਂ ਸਨ। ਚਿੰਨਾਂ ਦੀ ਗਿਣਤੀ ਕਈ ਵਾਰ ਚਾਲੀ ਤੀਕ ਚਲੇ ਜਾਂਦੀ ਸੀ। ਜਦੋਂ ਬਾਂਸ ਦੀਆਂ ਫੱਟੀਆਂ ਇੱਕ ਕਤਾਰ ਵਿਚ ਇਕੱਠੀਆਂ ਬੰਨ੍ਹੀਆਂ ਜਾਂਦੀਆਂ ਸਨ ਤਾਂ ਪਹਿਲੀ ਫੱਟੀ ਤੇ ਕਿਤਾਬਾਂ ਦਾ ਸਿਰਲੇਖ ਹੁੰਦਾ ਸੀ। ਕਈ ਵਾਰ ਦੋ ਖਾਲੀ ਫੱਟੀਆਂ ਕਿਤਾਬਾਂ ਦੀ ਜਿਲਦ ਵਜੋਂ ਨਾਲ ਜੋੜ ਦਿੱਤੀਆਂ ਜਾਂਦੀਆਂ ਸਨ। ਆਖਰੀ ਫੱਟੀ ਨੂੰ ਰੂਲ ਵਜੋਂ ਵਰਤ ਲਿਆ ਜਾਂਦਾ ਸੀ। ਤਾਜ਼ਾ ਬੈਂਤ ਦੀਆਂ ਫੱਟੀਆਂ ਨੂੰ ਪਹਿਲਾਂ ਕੀੜਿਆਂ ਤੋਂ ਬਚਾਉਣ ਲਈ, ਸੁਕਾਇਆ ਜਾਂਦਾ ਸੀ ਤੇ ਫਿਰ ਉਹਨਾਂ ਨੂੰ ਮਰੋੜ ਨੇ ਫੱਟੀਆਂ ਬਣਾਈਆਂ ਜਾਂਦੀਆਂ ਸਨ। ਭੁਲੇਖੇ ਤੋਂ ਬਚਣ ਲਈ ਇਕੋ ਹੀ ਸਿਰਲੇਖ ਵਾਲੀਆਂ ਕਿਤਾਬਾਂ ਇੱਕੋ ਹੀ ਕੱਪੜੇ ਦੇ ਥੈਲੇ ਵਿਚ ਸੰਭਾਲੀਆਂ ਜਾਂਦੀਆਂ ਸਨ।

ਲੱਕੜੀ ਦੀਆਂ ਤਖਤੀਆਂ ਨੇ ਵੱਖਰਾ ਕੰਮ ਨਿਭਾਇਆ। ਉਹ ਆਮ ਕਰਕੇ ਵਸਤੂਆਂ ਜਾਂ ਘਰਾਂ ਦੇ ਨਾਵਾਂ ਨੂੰ ਲਿਖਣ ਜਾਂ ਤਸਵੀਰਾਂ ਤੇ ਨਕਸ਼ੇ ਬਣਾਉਣ ਲਈ ਵਰਤੀਆਂ ਜਾਂਦੀਆਂ ਸਨ। ਉਹ ਖਤ ਲਿਖਣ ਲਈ ਵੀ ਵਰਤੀਆਂ ਜਾਂਦੀਆਂ ਸਨ। ਫੱਟੀਆਂ ਦਾ ਕੱਦ ਆਮ ਕਰਕੇ ਤੀਹ ਸੈਂਟੀਮੀਟਰ ਮੁਰੱਬਾ ਹੁੰਦਾ ਸੀ। ਜਦ ਖਤ ਲਿਖਿਆ ਜਾ ਚੁੱਕਾ ਹੁੰਦਾ ਸੀ ਇਸ ਤੇ ਇਕ ਹੋਰ ਫੱਟੀ ਰੱਖ ਦਿੱਤੀ ਜਾਂਦੀ



ਸੀ। ਜੋ ਲਿਫਾਫੇ ਦਾ ਕੰਮ ਦਿੰਦੀ ਸੀ ਤੇ ਉਸ ਤੇ ਪਹੁੰਚਣ ਵਾਲੇ ਦੇ ਨਾਮ ਤੇ ਭੇਜਣ ਵਾਲੇ ਦੇ ਸਿਰਨਾਵੇਂ ਹੁੰਦੇ ਸਨ। ਫੱਟੀਆਂ ਫਿਰ ਰੱਸੀ ਨਾਲ ਇਕੱਠੀਆਂ ਬੰਨ ਲਈਆਂ ਜਾਂਦੀਆਂ ਸਨ ਤੇ ਉਸ ਤੇ ਜੋੜਨ ਵਾਲੀ ਮਿੱਟੀ ਨਾਲ ਬੰਦ ਕੀਤਾ ਜਾਂਦਾ ਤੇ ਮੋਹਰ ਲਗਾਈ ਜਾਂਦੀ ਸੀ।

ਭਾਵੇਂ ਕਾਗਜ਼ ਦੀ ਕਾਢ ਤੇ ਵਰਤੋਂ ਈਸਾ ਦੇ ਜਨਮ ਤੋਂ 105 ਸਾਲ ਪਹਿਲਾਂ ਕੱਢੀ ਜਾ ਚੁੱਕੀ ਸੀ। ਪਰ 'ਜੀਆਨ-ਡੂ' ਦਾ ਤਰੀਕਾ ਚੌਥੀ ਸਦੀ ਤੀਕ ਪ੍ਰਚਲਤ ਰਿਹਾ ਤੇ ਇਹ 1400 ਸਾਲ ਤੀਕ ਵਰਤਿਆ ਜਾਂਦਾ ਰਿਹਾ। ਆਉਣ ਵਾਲੀਆਂ ਕਿਤਾਬਾਂ ਤੇ ਇਸ ਦਾ ਪ੍ਰਭਾਵ ਬਹੁਤ ਜ਼ਿਆਦਾ ਸੀ। ਪਿੱਛੇ ਜਾ ਕੇ ਡੋਰੀ ਨਾਲ ਬੰਨ੍ਹੀਆਂ ਕਿਤਾਬਾਂ ਤੇ ਅਜੋਕੀਆਂ ਕਿਤਾਬਾਂ ਜੋ ਚੁੱਕਣ ਵਾਲੇ ਟਾਈਪ ਨਾਲ ਛਪਦੀਆਂ ਹਨ। ਏਸੇ ਹੀ ਪ੍ਰਬੰਧ ਵਿਚੋਂ ਨਿਕਲੀਆਂ ਸਨ।

ਬਾਂਸ ਤੇ ਲੱਕੜੀ ਦੀਆਂ ਤਖਤੀਆਂ ਭਾਰੀਆਂ ਤੇ ਚੁੱਕਣੀਆਂ ਔਖੀਆਂ ਹੁੰਦੀਆਂ ਸਨ। ਇਕ ਕਿਤਾਬ ਤਿਆਰ ਕਰਨ ਲਈ ਦਰਜਣਾਂ ਤੇ ਕਈ ਵਾਰ ਸੈਂਕੜੇ ਟੁਕੜੇ ਲੱਗਦੇ ਸਨ। ਇਤਿਹਾਸਕ ਰਿਕਾਰਡਾਂ ਤੋਂ ਪਤਾ ਲੱਗਦਾ ਹੈ ਕਿ ਕਵਿੰਨ ਪਹਿਲਾ ਸਮਰਾਟ (ਜਿਸ ਨੇ ਈਸਾ ਤੋਂ 246 ਤੋਂ ਲੱਗ ਕੇ 20 ਸਾਲ ਪਹਿਲਾਂ ਰਾਜ ਕੀਤਾ) ਹਰ ਰੋਜ਼ ਪੰਜਾਹ ਕਿੱਲੋ ਭਾਰੀਆਂ ਦਸਤਾਵੇਜ਼ਾਂ ਨੂੰ ਪੜ੍ਹਦਾ ਹੁੰਦਾ ਸੀ। ਹਾਨ ਖਾਨਦਾਨ ਦੇ ਰਾਜ ਵਿਚ ਕਿਸੇ ਨੇ ਬਾਦਸ਼ਾਹ 'ਵੂਅ' ਨੂੰ ਬੇਨਤੀ-ਪੱਤਰ ਭੇਜਿਆ, ਜਿਸ ਵਿਚ ਤਿੰਨ ਹਜ਼ਾਰ ਬਾਂਸ ਤੇ ਲੱਕੜ ਦੀਆਂ ਫੱਟੀਆਂ ਸਨ, ਤੇ ਜਿਹਨਾਂ ਨੂੰ ਦੋ ਆਦਮੀ ਚੁੱਕ ਕੇ ਲਿਆਏ ਸੀ।

ਰੇਸ਼ਮ ਈਸਾ ਦੇ ਜਨਮ ਤੋਂ ਪੰਜ ਸਦੀਆਂ ਪਹਿਲਾਂ ਲਿਖਣ ਸਮੱਗਰੀ ਵਜੋਂ ਵਰਤਿਆਂ ਜਾਣ ਲੱਗਾ। ਹਲਕਾ, ਨਰਮ ਤੇ ਸਾਫ, ਲੋੜ ਅਨੁਸਾਰ ਲੰਬਾਈ ਵਿਚ ਕੱਟਿਆ ਜਾ ਸਕਦਾ ਸੀ, ਤੇ ਸੌਖਾ ਹੀ ਇਕੱਠਾ ਕਰਕੇ ਸੰਭਾਲਿਆ ਜਾ ਸਕਦਾ ਸੀ। ਪਰ ਇਸ ਦੀ ਜ਼ਿਆਦਾ ਕੀਮਤ ਤੇ ਘਾਟ ਕਾਰਨ ਸਿਰਫ ਤਕੜੇ ਤੇ ਅਮੀਰ ਹੀ ਇਸ ਨੂੰ ਵਰਤੋਂ ਵਿਚ ਲਿਆ ਸਕਦੇ ਸੀ। ਸਭਿਆਚਾਰ ਦੀ ਤੇਜ਼ ਗਤੀ ਤੇ ਲੋਕਾਂ ਦੀ ਪੜ੍ਹਨ ਤੇ ਲਿਖਣ ਲਈ, ਵਧਦੀ ਜੰਤਕ ਮੰਗ ਦੇ ਸਨਮੁੱਖ ਇਕ ਸਸਤੀ ਤੇ ਸੌਖੀ ਮਿਲਦੀ ਸਮੱਗਰੀ ਦੀ ਲੋੜ ਸੀ। ਕਾਗਜ਼ ਦੀ ਕਾਢ ਨੇ ਇਹ ਸਮੱਸਿਆ ਹੱਲ ਕਰ ਦਿੱਤੀ ਤੇ ਇਸ ਨਾਲ ਚੀਨੀ ਕਿਤਾਬ ਦਾ ਨਵਾਂ ਯੁੱਗ ਆਰੰਭ ਹੋਇਆ।

ਈਸਾ ਤੋਂ 105 ਸਾਲ ਬਾਅਦ ਈਸਟ ਹਾਨ ਖਾਨਦਾਨ ਦੇ ਰਾਜ ਸਮੇਂ ਕਾਗਜ਼ ਦੀ ਕਾਈ ਲੁਨੇ ਵੱਲੋਂ ਕਾਢ ਕੱਢੀ ਗਈ। ਕਾਗਜ਼ ਛਿੱਲ ਮੋਮ, ਕੱਪੜੇ ਤੇ ਮੱਛੀਆਂ ਫੜਨ ਵਾਲੇ ਜਾਲਾਂ ਦੇ ਰੱਦੀ ਹੋਏ ਟੁਕੜਿਆਂ ਤੋਂ ਬਣਦਾ ਸੀ। ਕਾਗਜ ਦੀ ਮਾੜੀ ਕਿਸਮ ਕਾਰਨ ਅਮੀਰਾਂ ਵੱਲੋਂ ਦੂਸਰੀ ਤੇ ਤੀਸਰੀ ਸਦੀ ਵਿਚ ਹਾਲੀ ਵੀ, ਰੇਸ਼ਮ ਨੂੰ ਹੀ ਪਹਿਲੀ ਦਿੱਤੀ ਜਾਂਦੀ ਸੀ। ਕਾਗਜ ਦੀ ਵੀ ਤੇ 'ਜਿੰਨ' ਕਾਗਜ਼ ਦੀ ਕਿਸਮ ਹੌਲੀ ਹੌਲੀ ਸੁਧਰਨ ਲੱਗੀ। ਪਰ ਬਾਂਸ ਦੀਆਂ ਫੱਟੀਆਂ ਸਰਕਾਰੀ ਦਸਤਾਵੇਜ਼ਾਂ ਲਈ ਮੁੱਖ ਮਾਧਿਅਮ ਬਣੀਆਂ ਰਹੀਆਂ। ਪੰਜਵੀਂ ਸਦੀ ਈਸਵੀ ਦੇ ਅੰਤ ਤੀਕ ਜਾ ਕੇ ਕਾਗਜ ਨੇ ਸਰਬ-ਵਿਆਪੀ ਹਰਮਨ ਪਿਆਰਤਾ ਪ੍ਰਾਪਤ ਕੀਤੀ।

ਕਾਗਜ਼ ਦੀ ਕਾਢ ਤੋਂ ਵੀ ਪਹਿਲਾਂ ਲਿਖਣ ਵਾਲੇ ਬੁਰਸ਼ਾਂ, ਸਿਆਹੀ ਤੇ ਦਵਾਤਾਂ ਦਾ ਕਾਫੀ ਰਿਵਾਜ ਪ੍ਰਚਲਤ ਸੀ। ਕਾਗਜ ਦੀ ਕਾਢ ਨਾਲ ਹੱਥ ਦੀਆਂ ਲਿਖੀਆਂ ਕਿਤਾਬਾਂ ਦਾ ਹੜ੍ਹ ਆ ਗਿਆ। ਪਹਿਲੀ ਸਦੀ ਈਸਵੀ ਦੇ ਆਰੰਭ ਵਿਚ ਪੁਸਤਕਾਂ ਦੇ ਭੰਡਾਰੇ ਦਿਸਣ ਲੱਗੇ। ਪੇਸ਼ਾਵਰ ਕਿਤਾਬਾਂ ਨਕਲ ਕਰਨ ਵਾਲੇ ਪੰਜਵੀਂ ਸਦੀ ਦੇ ਆਰੰਭ ਤੇ ਛੇਵੀਂ ਸਦੀ ਦੇ ਅਖੀਰ ਵਿਚ ਦਿਸਣ ਲੱਗੇ। ਸੀਊਈ ਤੇ ਤੈਂਗ ਖਾਨਦਾਨਾਂ ਦੇ ਰਾਜ ਵਿਚ ਐਡੀਸ਼ਨਾਂ ਸਿਖਰ ਤੇ ਪਹੁੰਚ ਗਈਆਂ।

ਉਹਨਾਂ ਨੇ ਐਡੀਸ਼ਨਾਂ ਵਿਚੋਂ, ਸਮਾਜੀ ਉਥਲ-ਪੁਥਲ ਤੇ ਸਮੇਂ ਦੇ ਬੀਤਣ ਨਾਲ, ਥੋੜੀਆਂ ਹੀ ਬਚੀਆਂ ਹਨ। ਬਹੁਤੀਆਂ ਹਜ਼ਾਰਾਂ ਹੀ ਹਾਨਸੂ ਸੂਬੇ ਦੀ ਡਨਹੂਆਂਗ ਵਿਚਲੀਆਂ ਬੋਧੀ ਗੁਫਾਵਾਂ

ਵਿਚੋਂ ਪਈਆਂ ਲੱਭੀਆਂ ਹਨ ਤੇ ਇਹ 1899 ਵਿਚ ਲੱਭੀਆਂ ਸਨ। ਇਹ ਚੌਥੀ ਸਦੀ ਤੋਂ ਲੈ ਕੇ ਦਸਵੀਂ ਸਦੀ ਈਸਵੀ ਦੇ ਅੰਤ ਤੀਕ ਦੀਆਂ ਹਨ। ਕੁਝ ਰੇਸ਼ਮ ਦੀਆਂ ਹਨ ਤੇ ਵਧੇਰੇ ਕਾਗਜ਼ ਉੱਤੇ। ਇਹਨਾਂ ਪੁਸਤਕਾਂ ਦਾ ਵਿਸ਼ੇ ਵਸਤੂ (ਜਿਹਨਾਂ ਦੀ ਗਿਣਤੀ 25000 ਹੈ) ਬੁੱਧ-ਮੱਤ ਤਾਉਵਾਦ ਕਨਫੀਊਸ਼ੀਅਨਵਾਦ, ਇਤਿਹਾਸ, ਭੂਗੋਲ ਦਵਾਈਆਂ ਤੇ ਗਲਪ ਹਨ ਤੇ ਨਾਲ ਹੀ ਇਸ ਵਿਚ ਖਤ, ਹਿਸਾਬ-ਕਿਤਾਬ ਦੀਆਂ ਕਿਤਾਬਾਂ, ਕਲੰਡਰ, ਘਰੇਲੂ ਹਿਸਾਬ ਦੇ ਰਜਿਸਟਰ ਤੇ ਇਕਰਾਰਨਾਮੇ ਹਨ। ਇਹਨਾਂ ਵਿਚ ਵਰਤੀਆਂ ਗਈਆਂ ਭਾਸ਼ਾਵਾਂ ਚੀਨੀ, ਤਿੱਬਤੀ, ਸੰਸਕ੍ਰਿਤ ਤੇ ਹੋਰ ਘੱਟ-ਗਿਣਤੀ ਭਾਸ਼ਾਵਾਂ ਹਨ। ਇਹ ਕਿਤਾਬਾਂ ਚੀਨ ਤੇ ਕੇਂਦਰੀ ਏਸ਼ੀਆ ਦੇ ਇਤਿਹਾਸ ਤੇ ਸਾਹਿਤ ਬਾਰੇ ਵਿਸ਼ੇਸ਼ ਵਿਗਿਆਨਕ ਖੋਜ ਦਾ ਧੁਰਾ ਬਣ ਚੁੱਕੀਆਂ ਹਨ।

ਇਸ ਸਮੇਂ ਦੀਆਂ ਕਿਤਾਬਾਂ ਨੂੰ ਲਪੇਟ ਕੇ ਜਿਲਦਬੰਦੀ ਕੀਤੀ ਜਾਂਦੀ ਸੀ। ਜਦੋਂ ਇਕ ਕਿਤਾਬ ਖੋਲ੍ਹੀ ਜਾਂਦੀ ਸੀ ਤਾਂ ਵਿਚ ਸੱਜੇ ਤੋਂ ਖੱਬੇ ਨੂੰ ਪਾਠ ਖੁੱਲਦਾ ਸੀ। ਹਰ ਲਿਖਤ ਦੇ ਆਰੰਭ ਵਿਚ ਦੋ ਥਾਵਾਂ ਖੁੱਲੀਆਂ ਛੱਡੀਆਂ ਜਾਂਦੀਆਂ ਸਨ। ਇਸ ਪਿੱਛੋਂ ਲਿਖਤ ਦਾ ਸਿਰਲੇਖ, ਜਿਲਦ ਦਾ ਨੰਬਰ ਤੇ ਫਿਰ ਸਾਰੀ ਪੁਸਤਕ ਦਾ ਸਿਰਲੇਖ ਹੁੰਦਾ ਸੀ। ਕਾਲੇ ਕਾਗਜ਼ ਦਾ ਵਰਕਾ ਕਿਤਾਬ ਦੇ ਮੁੱਖੜੇ ਤੇ ਇਸ ਦੇ ਬਚਾਅ ਲਈ ਲਾਇਆ ਜਾਂਦਾ ਸੀ। ਕਈ ਵਾਰ ਰੇਸ਼ਮ ਜਾਂ ਅਤਲਸ ਦਾ ਟੁਕੜਾ ਵਰਤਿਆ ਜਾਂਦਾ ਸੀ। ਖੜੇ ਰੁਖ਼ ਵਾਲੇ ਧੁਰੇ ਨਾਲ ਇਕ ਰਿਬਨ ਬੰਨ੍ਹਿਆ ਜਾਂਦਾ ਸੀ ਤਾਂ ਕੇ ਵਲੇਟੀ ਹੋਈ ਪੁਸਤਕ ਇਕੱਠੀ ਕਰਕੇ ਰੱਖੀ ਜਾ ਸਕੇ। ਇਹ ਧੁਰਾ ਲੱਕੜੀ, ਸ਼ੀਸ਼ੇ, ਹਾਥੀ ਦੰਦ, ਸੋਨੇ, ਚਾਂਦੀ, ਹੀਰੇ ਜਾਂ ਪੱਥਰ ਦਾ ਹੁੰਦਾ ਸੀ ਤੇ ਵਲੇਟੀ ਹੋਈ ਪੁਸਤਕ ਵਿਚ ਠੋਕਿਆ ਹੁੰਦਾ ਸੀ। ਲਪੇਟੀਆਂ ਹੋਈਆਂ ਪੁਸਤਕਾਂ ਦੇ ਰੰਗ ਤੇ ਧੁਰੀ ਲਈ ਵਰਤੀ ਗਈ ਵੱਖਰੀ ਸਮੱਗਰੀ ਅਨੁਸਾਰ ਵਰਗੀਕਰਨ ਕੀਤਾ ਜਾਂਦਾ ਸੀ। ਧੁਰੀ ਦਵਾਲੇ ਲੱਕੜੀ ਜਾਂ ਹਾਥੀ ਦੰਦ ਦੀ ਟਾਈਟਲ ਪਰਚੀ ਬੰਨ੍ਹੀ ਜਾਂਦੀ ਸੀ। ਵੱਡੀ ਲਪੇਟੀ ਪੁਸਤਕ 25-30 ਸੈਂਟੀਮਟੀਰ ਚੌੜੀ ਹੁੰਦੀ ਸੀ ਤੇ 50-70 ਸੈਂਟੀਮੀਟਰ ਲੰਮੀ। ਵੱਡੀ ਲਪੇਟੀ ਪੁਸਤਕ ਸੱਤ ਮੀਟਰ ਲੰਮੀ ਵੀ ਹੁੰਦੀ ਸੀ।

ਲੰਮੀਆਂ ਲਪੇਟਦਾਰ ਪੁਸਤਕਾਂ ਨੂੰ ਖੋਲ੍ਹਣ ਤੇ ਲਪੇਟਣ ਵਿਚ ਆਉਂਦੀ ਔਖਿਆਈ ਸਪੱਸ਼ਟ ਹੀ ਸੀ, ਖਾਸ ਕਰਕੇ ਹਵਾਲਾ ਪੁਸਤਕਾਂ ਦੀਆਂ ਲਿਖਤਾਂ ਬਾਰੇ ਇਸ ਕਾਰਨ ਜਿਲਦਾਂ ਦਾ ਸਿਸਟਮ ਸ਼ੁਰੂ ਹੋਇਆ, ਜੋ ਛਪਾਈ ਦੀ ਕਾਢ ਤੇ ਜਾ ਕੇ ਮੁੱਕਿਆ।

ਛਪਾਈ ਦੀ ਕਾਢ ਪਹਿਲਾਂ ਚੀਨ ਵਿਚ ਕੱਢੀ ਗਈ। ਇਹ ਦੋ ਤਰ੍ਹਾਂ ਦੀ ਸੀ। ਬਲਾਕ ਦੀ ਛਪਾਈ ਅਤੇ ਚੁੱਕ ਕੇ ਰੱਖਣ ਵਾਲੀ ਟਾਈਪ ਦੀ ਛਪਾਈ।

ਇਹ ਪੱਥਰ ਦੀ ਉਕਰਾਈ ਤੇ ਠੱਪੇਦਾਰੀ ਦੀ ਕਲਾ ਸੀ। ਜਿਸ ਨੇ ਛਪਾਈ ਦੀ ਕਾਢ ਤੀਕ ਗੱਲ ਤੋਰੀ। ਆਮ ਕਰਕੇ ਇਹ ਮੰਨਿਆਂ ਜਾਂਦਾ ਹੈ ਕਿ ਬਲਾਕ ਦੀ ਛਪਾਈ ਸਤਵੀਂ ਸਦੀ ਦੇ ਅਖੀਰ ਤੇ ਅੱਠਵੀਂ ਸਦੀ ਦੇ ਆਰੰਭ ਵਿਚਕਾਰ ਕੱਢੀ ਗਈ। ਤੇ ਇਹ ਕਾਫੀ ਹੱਦ ਤੀਕ ਨੌਵੀਂ ਸਦੀ ਦੇ ਅੱਧ ਵਿਚ ਜਾ ਕੇ ਵਿਕਸਿਤ ਹੋਈ, ਅਰਥਾਤ ਟੈਂਗ ਖਾਨਦਾਨ ਦੇ ਰਾਜ ਦੇ ਅੱਧ-ਵਿਚਕਾਰ। ਕਿਤਾਬਾਂ ਲੱਕੜ ਦੇ ਬਲਾਕਾਂ ਦੇ ਸਮੇਂ ਇਸ ਤਰੀਕੇ ਨਾਲ ਛਪੀਆਂ ਪੁਸਤਕਾਂ ਵਿਚ ਬਹੁਤ ਘੱਟ ਕਿਤਾਬਾਂ ਹੁਣ ਹੋਂਦ ਵਿਚ ਹਨ। ਸਭ ਤੋਂ ਪ੍ਰਸਿੱਧ ਪੁਸਤਕ 868 ਏ.ਡੀ. ਵਾਲੀ ਡਾਇਮੰਡ ਸੂਤਰਾ ਹੈ, ਜੋ ਗਾਂਸੂ ਦੇ ਡੁੰਨ ਹੁਆਂਗ ਦੀ ਗੁਫਾ ਤੋਂ 1900 ਵਿਚ ਲੱਭੀ ਸੀ। ਪਰ ਛੇਤੀ ਬਾਅਦ ਹੀ ਇਹ 'ਆਰੀਰਾਇਲ ਸਟੇਨ' ਵੱਲੋਂ ਚੋਰੀ ਕਰ ਲਈ ਗਈ ਤੇ ਹੁਣ ਇਹ ਬਰਤਾਨੀਆਂ ਦੇ ਅਜਾਇਬ ਘਰ ਵਿਚ ਹੈ। ਇਹ ਲਿਖਤ ਵਲੇਟ ਕੇ ਬੰਨ੍ਹੀ ਗਈ ਹੈ ਤੇ ਇਹ ਪੰਜ ਮੀਟਰ ਲੰਮੀ ਤੇ ਤੀਹ ਸੈਂਟੀਮੀਟਰ ਚੌੜੀ ਹੈ ਤੇ ਇਸ ਦੀ ਛਪਾਈ ਵਧੀਆ ਭਾਂਤ ਦੀ ਹੈ।



ਸੋਂਗ ਖਾਨਦਾਨ ਤੀਕ (960-1279) ਬਲਾਕ ਦੀ ਛਪਾਈ ਪ੍ਰਫੁੱਲਤ ਹੋਣੀ ਆਰੰਭ ਹੋ ਗਈ ਸੀ। ਸਿਚੁਆਨ, ਜ਼ੀਇਆਂਗ, ਤੇ ਫੂਜੇਨ ਛਪਾਈ ਦੇ ਤਿੰਨ ਸਭ ਤੋਂ ਵੱਡੇ ਕੇਂਦਰ ਸਨ। ਇਸ ਸਮੇਂ ਛਪੀਆਂ ਲਿਖਤਾਂ ਵਿਚ ਇਤਿਹਾਸ, ਫਿਲਾਸਫੀ, ਦਵਾਈਆਂ ਤੇ ਗਣਿਤ ਆਦਿ ਵਿਸ਼ੇ ਸ਼ਾਮਿਲ ਹਨ। "ਤਾਈਪਿੰਗ ਇੰਪੀਅਰਲ ਮਹਾਨ ਕੋਸ਼" ਜਿਸਦੀਆਂ ਇੱਕ ਹਜ਼ਾਰ ਜਿਲਦਾਂ ਹਨ, ਤੇ ਇਹ ਪੰਚਵੰਜਾ ਖੇਤਰਾਂ ਦੀਆਂ 1690 ਲਿਖਤਾਂ ਤੇ ਨਿਰਭਰ ਹੈ। 'ਟਾਈਪਿੰਗ ਯੁੱਗ' ਦੇ ਰੀਕਾਰਡ ਕਿਤਾਬ ਇਤਿਹਾਸਕ ਰੀਕਾਰਡ ਦੀਆਂ ਪੰਜ ਸੌ ਜਿਲਦਾਂ ਵਾਲਾ ਹੈ ਤੇ "ਵੈੱਨ ਯੁਆਨ ਯਿੰਗ ਹੁਆ ਪੁਸਤਕ" ਦੀਆਂ ਹਜ਼ਾਰ ਜਿਲਦਾਂ ਹਨ, ਜਿਸ ਵਿਚ, 19,102 ਵਾਰਤਕ ਲਿਖਤਾਂ, ਕਵਿਤਾਵਾਂ ਤੇ ਲੇਖ ਹਨ, ਜੋ 502 ਏ.ਡੀ. ਤੋਂ 907 ਏ.ਡੀ. ਤੀਕ ਲਿਖੀਆਂ ਗਈਆਂ ਸਨ। ਇਹ ਤਿੰਨੇ ਲਿਖਤਾਂ ਨਾਲ ਪ੍ਰਾਚੀਨ ਚੀਨੀ ਪ੍ਰਕਾਸ਼ਨਾ ਵਿਚ ਵੱਡੀ ਪ੍ਰਗਤੀ ਹੋਈ। ਦਸਵੀਂ ਸਦੀ ਈਸਵੀ ਵਿਚ ਇੱਕ ਹਵਾਲਾ ਗ੍ਰੰਥ "ਸੀ. ਫੂ. ਯੁਆਨ ਗੁਈ" ਛਪਿਆ ਜੋ ਹਜ਼ਾਰ ਜਿਲਦਾਂ ਦਾ ਹਵਾਲਾ ਗ੍ਰੰਥ ਸੀ ਤੇ ਨਾਲ ਹੀ "ਹਿਸਟਰੀ ਐਜ਼ ਏ ਮਿਰਰ" ਪੁਸਤਕ ਛਪੀ ਜਿਹੜੀ ਚੀਨ ਦੇ ਇਤਿਹਾਸ ਦੀ 294 ਜਿਲਦਾਂ ਵਿਚ ਛਪੀ ਪੁਸਤਕ ਹੈ। "ਤਰੀਪੀਤਾਨ" ਪੁਸਤਕ ਦੀਆਂ 5048 ਜਿਲਦਾਂ ਲਿਖਣ ਵਿਚ 130, 000 ਪਲੇਟਾਂ ਵਰਤੀਆਂ ਗਈਆਂ ਸਨ।

ਚੁੱਕ ਕੇ ਲਿਜਾਣ ਵਾਲੇ ਟਾਈਪ ਦੀ ਕਾਢ ਗਿਆਰਵੀਂ ਸਦੀ ਦੇ ਅੱਧ ਵਿਚ ਕੱਢੀ ਗਈ। ਪਲਾਸਟਰ ਦਾ ਚੁੱਕਣ ਵਾਲਾ ਟਾਈਪ 'ਬੀ - ਸ਼ੇਂਗ" ਨੇ ਕੱਢਿਆ ਸੀ ਤੇ ਇਸ ਤੋਂ ਮਗਰੋਂ ਲੱਕੜੀ ਤੇ ਤਾਂਬੇ ਦੇ ਚੁੱਕਣ ਵਾਲੇ ਟਾਈਪਾਂ ਦੀ ਕਾਢ ਕੱਢੀ ਗਈ। ਭਾਵੇਂ ਚੁੱਕਣ ਰੱਖਣ ਵਾਲਾ ਟਾਈਪ, ਤੇਜ਼ ਤੇ ਸੌਖਾ ਸੀ, ਪਰ ਇਹ ਬਲਾਕ ਦੀ ਛਪਾਈ ਨੂੰ ਪਾਸੇ ਨਾ ਕਰ ਸਕਿਆ। ਇਸ ਗੱਲ ਦੇ ਹੇਠ ਲਿਖੇ ਕਾਰਨ ਸਨ ਤੇ ਇਸ ਨਾਲ ਚੀਨ ਵਿਚ ਛਪਾਈ ਦਾ ਬੜਾ ਥੋੜਾ ਭਾਗ ਹੀ ਕੀਤਾ ਜਾਂਦਾ ਸੀ।

1. ਚੁੱਕ ਕੇ ਘੜਨ ਵਾਲੇ ਟਾਈਪ ਲਈ ਆਦਰਸ਼ਕ ਢੁੱਕਵੀਂ ਸਮੱਗਰੀ ਦੀ ਘਾਟ
2. ਚੀਨ ਦੇ ਵਧੇਰੇ ਅੱਖਰ, ਛਾਪਕਾਂ ਦੀ ਅੱਖਰ ਢਾਲਣ ਯੋਗਤਾ ਤੋਂ ਪਰੇ ਸਨ।
3. ਬਲਾਕਾਂ ਰਾਹੀਂ ਛਪਾਈ ਸਮੇਂ ਉੱਘੜ ਦੁਘੜਾ ਕੰਮ, ਚੁੱਕ ਥੱਲ ਕਰਨ ਵਾਲੇ ਟਾਈਪ ਲਈ ਅਨੁਕੂਲ ਨਹੀਂ ਸੀ।

ਸਿਰਫ 1840 ਦੀ ਅਫੀਮ ਜੰਗ ਤੋਂ ਬਾਅਦ, ਪੱਛਮੀ ਛਾਪਾ ਖਾਨਾ ਚੀਨ ਵਿਚ ਪ੍ਰਚਲਤ ਹੋ ਗਿਆ ਤੇ ਚੁੱਕਣ-ਥੱਲਣ ਵਾਲੇ ਟਾਈਪ ਦੀ ਥਾਂ ਬਲਾਕ ਦੀ ਛਪਾਈ ਪ੍ਰਚਲਤ ਹੋ ਗਈ।

ਛਪਾਈ ਦੀ ਲੱਭਤ ਨਾਲ ਕਿਤਾਬਾਂ ਦੀ ਸਜਾਵਟ ਵਿਚ ਤਬਦੀਲੀਆਂ ਆਈਆਂ। ਜਿਲਦ-ਬੰਦੀ ਵਿਚ ਵਲੇਟਣ ਵਾਲੇ ਪ੍ਰਬੰਧ ਦੀ ਥਾਂ ਵਾਲੂਅਮ ਪ੍ਰਬੰਧ ਚਾਲੂ ਹੋ ਗਿਆ, ਤੇ ਇਹ ਪ੍ਰਕਿਰਿਆ, ਨੌਵੀਂ ਸਦੀ ਦੇ ਅੱਧ ਵਿਚ ਚਾਲੂ ਹੋਈ ਸੀ ਤੇ ਸੋਲਵੀਂ ਸਦੀ ਦੇ ਆਰੰਭ ਤੀਕ ਪ੍ਰਚਲਤ ਰਹੀ, ਧਾਗੇ ਨਾਲ ਬੰਨੀਆ ਬਲਾਕ ਦੀ ਛਪਾਈ ਵਾਲੀਆਂ ਪੁਸਤਕਾਂ ਤਿੰਨ ਸੌ ਸਾਲ ਤੀਕ ਪ੍ਰਚਲਤ ਰਹੀਆਂ ਤੇ ਉਨ੍ਹੀਵੀਂ ਸਦੀ ਦੇ ਅੱਧ ਤੀਕ ਚੱਲਦੀਆਂ ਰਹੀਆਂ। ਅੱਜ ਧਾਗੇ ਨਾਲ ਜਿਲਦ ਬੰਦੀ ਕੀਤੀਆਂ ਪੁਸਤਕਾਂ ਪ੍ਰਾਚੀਨ ਪੁਸਤਕਾਂ ਦੇ ਸਮਾਨ ਅਰਥੀ ਬਣ ਗਈਆਂ ਹਨ, ਤੇ ਇਹ ਚੀਨ ਦੇ ਪ੍ਰਾਚੀਨ ਸਭਿਆਚਾਰ ਦਾ ਪ੍ਰਤੀਕ ਹਨ।

ਵੀਹਵੀਂ ਸਦੀ ਦੇ ਆਰੰਭ ਵਿਚ ਕਵਿੰਗ ਖਾਨਦਾਨ ਦੇ ਅੰਤ ਤੀਕ, ਚੀਨੀਆਂ ਨੇ ਪੱਛਮੀ ਛਪਾਈ ਦੀ ਤਕਨੀਕ ਨੂੰ ਆਪਣੇ ਕਾਰਜ ਵਿਚ ਸਿਮਲਿਤ ਕਰਨਾ ਸ਼ੁਰੂ ਕੀਤਾ ਤੇ ਇਸ ਨਾਲ ਚੀਨ ਦੀ ਪੁਸਤਕਾਂ ਦਾ ਪ੍ਰਾਚੀਨ ਇਤਿਹਾਸ ਖਤਮ ਹੋ ਗਿਆ।

(ਅੰਗ੍ਰੇਜ਼ੀ ਤੋਂ ਅਨੁਵਾਦ ਹ.ਸ.)

## ਸਮਾਜਵਾਦੀ ਲੋਕ ਚੀਨ/*ਸੂਫ਼ੀ ਅਮਰਜੀਤ*

ਵੀਹਵੀਂ ਸਦੀ ਨੂੰ ਅਲਵਿਦਾ ਕਹਿ ਚੁੱਕੇ ਹਾਂ। ਇਕੱਵੀਂ ਸਦੀ ਦੀ ਪ੍ਰਭਾਤ ਉਭਰ ਰਹੀ ਹੈ। ਨਵੀਂ ਤਕਨਾਲੋਜੀ ਨੂੰ ਪਈਆ ਮੁਨਾਫ਼ੇਖੋਰ ਬੇੜੀਆਂ ਤੋਂ ਮੁਕਤ ਕਰਨ ਲਈ ਚੇਤਨਤਾ, ਲਹਿਰ ਤੇ ਦਰਿੜਤਾ ਦੀ ਲੋੜ ਹੈ।

ਵੀਹਵੀਂ ਸਦੀ ਨੂੰ ਅਲਵਿਦਾ ਕਹਿਣ ਦਾ ਇਹ ਅਰਥ ਕਦਾਚਿਤ ਨਹੀਂ ਕਿ ਵੀਹਵੀਂ ਸਦੀ ਵਿੱਚ ਵਾਪਰੀਆਂ ਧਰਤ ਕੰਬਾਂਉ ਕ੍ਰਾਂਤੀਕਾਰੀ ਘਟਨਾਵਾਂ ਦੇ ਇਤਿਹਾਸਕ ਪ੍ਰਭਾਵਾ ਨੂੰ ਵੀ ਅਲਵਿਦਾ ਕਹਿ ਗਈ ਹੈ। ਕੋਈ ਵੀ ਘਟਨਾ ਵਾਪਰ ਕੇ ਅਲੋਪ ਨਹੀਂ ਹੋ ਜਾਂਦੀ। ਉਹ ਆਪਣਾ ਪ੍ਰਭਾਵ ਜ਼ਰੂਰ ਛੱਡ ਕੇ ਜਾਂਦੀ ਹੈ। ਧਰਤੀ ਦੇ ਮੁੱਢਕਦੀਮ ਵਿੱਚ ਫਟੇ ਜੁਆਲਾ ਮੁਖੀਆਂ ਤੇ ਹੋਰਨਾਂ ਭੂਗੋਲਕ ਉਥੱਲਾਂ-ਪੁੱਥਲਾਂ ਦੇ ਸਿੱਟੇ ਵਜੋਂ ਬਣੇ ਪਹਾੜ, ਸਮੁੰਦਰ, ਝੀਲਾਂ, ਦਰਿਆਂ ਆਦਿ ਸਾਡੇ ਸਾਹਮਣੇ ਹਨ। 1917 ਦੇ ਮਹਾਨ ਰੂਸੀ ਅਕਤੂਬਰ ਇੰਨਕਲਾਬ, ਦੂਜੀ ਸੰਸਾਰ ਜੰਗ ਵਿੱਚ ਫਾਸ਼ੀ ਤਾਕਤਾਂ ਦੀ ਹਾਰ, ਸਿੱਟੇ ਵਜੋਂ ਬਸਤੀ ਵਾਦ ਦੇ ਖਾਤਮੇਂ ਦਾ ਆਰੰਭ, ਲੋਕਚੀਨ ਦਾ ਇਨਕਲਾਬ, ਵੀਅਤਨਾਮੀ ਲੋਕਾਂ ਦੀ ਜਿੱਤ ਤੇ ਇਸ ਵਿਚ ਅਮਰੀਕੀ, ਸਾਮਰਾਜ ਦੀ ਹਾਰ ਆਦਿ, ਅਜਿਹੀਆਂ, ਘਟਨਾਵਾਂ ਹਨ, ਜੋ ਵਾਪਰ ਜਾਣ ਪਿਛੋਂ ਵੀ, ਆਪਣੇ ਪੈਰਚਿੰਨ੍ਹਾਂ ਨੂੰ ਸਮਾਜੀ ਵਿਕਾਸ ਅਤੇ ਮਨੁਖੀ ਚੇਤਨਾਂ ਨੂੰ, ਨਵੇਂ ਉੱਦਮਾ ਨੂੰ ਅਰੰਭਣ ਲਈ ਹੱਲਾਸ਼ੇਰੀ ਦੇ ਰਹੀਆਂ ਹਨ। ਇਹਨਾਂ ਦਾ ਅਕਾਰ ਇੰਨਾ ਵੱਡਾ ਤੇ ਸਦੀਵੀ ਹੈ ਕਿ ਇਹਨਾਂ ਦੇ ਅਕਾਰ ਨੂੰ ਘਟਾਉਣ ਤੇ ਮਹਾਨਤਾ ਨੂੰ ਛੁਟਿਆਉਣ ਲਈ, ਹਾਲ ਵੀ ਸਾਮਰਾਜੀ ਸ਼ਕਤੀਆਂ ਯਤਨਸ਼ੀਲ ਹਨ।

ਸੱਤਰ ਸਾਲਾਂ ਪਿਛੋਂ ਸੋਵੀਅਤ ਯੂਨੀਅਨ ਦੇ ਵਿਖਰਾਵ ਨੂੰ ਆਧਾਰ ਬਣਾ ਕੇ, ਉਸ ਦੀ ਉਤਪਤੀ ਦੇ ਮਹਾਨ ਉਦੇਸ਼ਾਂ ਤੇ ਕਾਰਨਾਂ ਨੂੰ ਕੋਈ ਕਿਵੇਂ ਅਣਡਿੱਠ ਕਰ ਸਕਦਾ ਹੈ। ਕਾਰਨ ਅਤੇ ਉਦੇਸ਼ ਅੱਜ ਵੀ ਸੰਸਾਰ ਦੀ ਅੱਸੀ ਫੀਸ ਦੀ ਜਨਤਾ ਦੀ ਗੁਰਬਤ ਤੋਂ ਮੁਕਤੀ ਲਈ, ਉਸੇ ਤਰਾਂ ਹੀ ਮੌਜੂਦ ਹਨ। ਅਖੌਤੀ ਉੱਤਰ-ਆਧੁਨਿਕਵਾਦੀ ਮਿਥਿਆ ਧਾਰਨਾਵਾਂ ਲਈ ਪਰਚਾਰ-ਸਾਧਨਾਂ ਦੇ ਸਾਰੇ ਯਤਨ ਰੇਤ ਦੀਆਂ ਕੰਧਾਂ ਵਾਂਗ ਵਿਖਰਦੇ ਜਾ ਰਹੇ ਹਨ। ਇਹਨਾਂ ਦੀ ਆਰਜ਼ੀ ਸਫਲਤਾ ਤੇ ਪੈਦਾ ਕੀਤੇ ਭੁਲੇਖਿਆਂ ਸੰਸਾਰ ਦੀ ਵਿਸ਼ਾਲ ਜਨਤਾ ਦੀ ਅਣਪੜ੍ਹਤਾ, ਗੁਰਬਤ ਤੇ ਸੱਭਿਆਚਾਰਿਕ ਪਛੜੇਵਾਂ ਸਹਾਇਕ ਹੋ ਰਿਹਾ ਹੈ। ਪਰ ਇਹ ਸਦੀਵੀ ਨਹੀਂ ਰਹਿਣ ਲੱਗਾ।

ਮਨੁੱਖਤਾ ਦੇ ਵਿਕਾਸ ਲਈ ਸੰਸਾਰ ਵਿਆਪੀ ਸੰਘਰਸ਼ ਵਿਚ ਅਜੇ ਲੋਕ ਚੀਨ ਦੀ ਵਿਸ਼ੇਸ਼ ਭੂਮਿਕਾ ਨੂੰ ਅਣਡਿੱਠ ਨਹੀਂ ਕੀਤਾ ਜਾ ਸਕਦਾ।

### ਇੰਨਕਲਾਬ ਤੋਂ ਪਹਿਲਾਂ ਦਾ ਚੀਨ

ਵੀਹਵੀਂ ਸਦੀ ਦੇ ਚੜ੍ਹਦਿਆਂ ਹੀ, ਸਾਮਰਾਜੀ ਸ਼ਕਤੀਆਂ ਨੇ ਆਪਣੀਆਂ ਬਸਤੀਆਂ ਅਤੇ ਹਾਕਮ ਸਾਮੰਤਾਂ ਦੇ ਰਾਜਾਂ ਵਿਚ ਲੋਕਾਂ ਦੀ ਲੁੱਟ ਹੋਰ ਵਧੇਰੇ ਤੇਜ਼ ਕਰ ਦਿੱਤੀ। ਚੀਨ ਵਿਚ 'ਕੁਇੰਗ ਘਰਾਣੇ' ਦੇ ਲਗਾਤਾਰ ਤਿੰਨ ਸੌ ਸਾਲਾਂ ਦੇ ਰਾਜ ਤੋਂ, ਦੁਖੀ ਲੋਕਾਂ ਦਾ ਤਰਾਹ ਨਿਕਲਿਆ ਪਿਆ ਸੀ। ਚੀਨ ਦੀ ਕੌਮੀ ਸਰਮਾਏਦਾਰ ਸ਼੍ਰੇਣੀ ਵੀ ਇਸ ਤੋਂ ਡਾਢੀ ਦੁਖੀ ਸੀ। ਉਹਨਾਂ 1911 ਵਿੱਚ ਸਰਮਾਏਦਾਰ ਇਨਕਲਾਬ ਅਰੰਭ ਦਿੱਤਾ। ਪ੍ਰੰਤੂ ਆਮ ਚੀਨੀ ਜਨਤਾ ਵਿੱਚ ਰਾਜਨੀਤਕ ਜਾਗਰਤੀ ਨਾ ਹੋਣ ਦੇ ਕਾਰਨ ਅਤੇ ਸਰਮਾਏਦਾਰ ਲੀਡਰ ਸ਼ਿਪ ਦੇ ਕਮਜ਼ੋਰ ਹੋਣ ਕਾਰਨ ਤੇ ਸਮਝੌਤਾਵਾਦੀ ਕਿਰਦਾਰ ਦੇ ਕਾਰਨ ਇਨਕਲਾਬ ਫੇਲ੍ਹ ਹੋ ਗਿਆ। ਸਰਮਾਏ ਦਾਰ ਲੀਡਰਸ਼ਿਪ ਸਾਮੰਤਾਂ ਦੇ ਪਰਤਵੇਂ ਹਮਲੇ ਅੱਗੇ ਖਲੋ ਨਾ ਸਕੀ। ਉਹ ਕਿਸਾਨ ਸ਼੍ਰੇਣੀ ਜੱਥੇਬੰਦ ਕਰਕੇ ਇਨਕਲਾਬ ਨੂੰ ਜਮਹੂਰੀ ਲੀਹਾਂ ਉਪਰ ਨਾ ਪਾ ਸਕੇ। ਇਨਕਲਾਬ ਦੀ ਅਸਫਲਤਾ ਪਿਛੋਂ ਸਰਮਾਏਦਾਰ ਲੀਡਰਸ਼ਿਪ ਵੰਡੀ ਗਈ। ਲਾਲਚੀ ਤੇ ਖੁਦਗਰਜ਼ ਲੀਡਰ ਹਾਕਮ ਸਾਮੰਤ ਸ਼੍ਰੇਣੀ ਨਾਲ ਮਿਲ ਗਏ। ਪ੍ਰੰਤੂ ਡਾ. ਸਨਯਤ ਸੈਨ ਦੀ ਲੀਡਰਸ਼ਿਪ ਹੇਠ, ਦੂਜਾ



ਧੜਾ ਇਨਕਲਾਬ ਨੂੰ ਵਿਕਸਤ ਕਰਨਾ ਚਾਹੁੰਦਾ ਸੀ, ਪਰ ਉਸ ਦੇ ਕੋਲ ਕੋਈ ਰਾਜਨੀਤਕ ਪ੍ਰੋਗਰਾਮ ਨਹੀਂ ਸੀ। ਦੇਸ਼ ਭਰ ਵਿੱਚ ਗਰੀਬ ਤੇ ਬੇਜ਼ਮੀਨੇ ਕਿਸਾਨ ਜਾਗੀਰ ਦਾਰਾਂ ਦੇ ਅਤਿਆਚਾਰਾਂ ਤੇ ਵਗਾਰਾਂ ਦੇ ਕਾਰਨ ਕੁਚਲੇ ਪਏ ਸਨ ਅਤੇ ਸ਼ਹਿਰਾਂ ਕਸਬਿਆਂ ਵਿਚ ਛੋਟੀ ਸਰਮਾਏਦਾਰੀ, ਮੁਲਾਜ਼ਮਾ, ਮਧਵਰਗ,. ਮਜ਼ਦੂਰ ਅਤੀ ਦੁਖੀ ਸਨ। ਬੁਧੀਜੀਵੀਆਂ ਨੂੰ ਕੋਈ ਚਾਨਣ ਦੀ ਕਿਰਨ ਨਹੀਂ ਦਿਸ ਰਹੀ ਸੀ। ਉਹ ਢੇਰੀ ਢਾਹੀ ਬੈਠੇ ਸਨ।

ਪਹਿਲੇ ਸੰਸਾਰ ਯੁਧ ਦੀ ਸਮਾਪਤੀ ਉਪਰੰਤ ਜਾਪਾਨ ਨੇ ਚੀਨ ਦੇ ਇਕ ਹਿੱਸੇ ਉਪਰ ਕਬਜ਼ਾ ਕਰ ਲਿਆ। ਦੇਸ਼ ਭਗਤ ਤਾਕਤਾਂ ਇਸ ਦੇ ਖ਼ਿਲਾਫ਼ ਜੱਥੇਬੰਦ ਹੋ ਕੇ ਆਵਾਜ਼ ਉਠਾ ਰਹੀਆਂ ਸਨ। ਇਨਕਲਾਬ ਦੀ ਅਸਫਲਤਾ ਤੋਂ ਪਿਛੋਂ ਬਣੀ ਜਾਗੀਰਦਾਰਾਂ ਤੇ ਸਰਮਾਏਦਾਰਾਂ ਦੀ ਸਰਕਾਰ ਨੇ ਜਾਪਾਨ ਅੱਗੇ ਗੋਡੇ ਟੇਕ ਦਿੱਤੇ ਸਨ। ਉਹਨਾਂ ਨੇ ਜਾਪਾਨ ਦੇ ਸਹਿਯੋਗੀਆਂ ਨੂੰ ਸਰਕਾਰ ਵਿਚ ਸ਼ਾਮਲ ਕਰ ਲਿਆ ਜਦੋਂ ਕਿ ਲੋਕ ਉਹਨਾਂ ਨੂੰ, ਦੇਸ਼ ਨਾਲ ਗ਼ਦਾਰੀ ਕਰਨ ਦੀ ਸਖ਼ਤ ਸਜ਼ਾ ਦੇਣ ਦੀ ਮੰਗ ਕਰ ਰਹੇ ਸਨ। ਦੇਸ਼ ਭਰ ਵਿੱਚ ਇਸ ਦੇ ਖ਼ਿਲਾਫ ਅਤੇ ਸ਼ਹਿਰਾਂ ਕਸਬਿਆ ਵਿਚ ਵੱਡੇ ਜਲੂਸ ਜਲਸੇ ਹੋਣ ਲੱਗੇ ਜਿਸ ਨੇ ਲੱਖਾਂ ਲੋਕਾਂ ਨੂੰ ਇਸ ਵਿੱਚ ਖ਼ਿੱਚ ਲਿਆ। ਇਹ ਲਹਿਰ 4 ਮਈ ਦੇ ਵਿਆਪਕ ਰੋਸ ਦਿਵਸ ਤੋਂ ਸ਼ੁਰੂ ਹੋਣ ਕਾਰਨ, ਚੀਨ ਦੇ ਇਤਿਹਾਸ ਵਿੱਚ "ਚਾਰ ਮਈ ਦੀ ਲਹਿਰ" ਦੇ ਨਾਂ ਨਾਲ ਮਸ਼ਹੂਰ ਹੈ। ਇਸ ਨੇ ਦੇਸ਼ ਦੇ ਜਮਹੂਰੀ ਇਨਕਲਾਬ ਦੀ ਨੀਂਹ ਪੱਕੀ ਕਰ ਦਿੱਤੀ। ਇਸ ਲਹਿਰ ਦੇ ਵਿਆਪਕ ਪ੍ਰਭਾਵ ਅਤੇ ਵਿਸ਼ਾਲਤਾ ਦੇ ਕਾਰਨ ਅੱਗੇ ਵਧੂ ਬੁਧੀਜੀਵੀ ਵੀ ਇਸ ਵਿਚ ਆ ਸ਼ਾਮਲ ਹੋਏ। ਉਹਨਾਂ ਨੇ ਚੀਨ ਵਿੱਚ ਜਗੀਰਦਾਰ ਵਿਰੋਧੀ ਸੱਭਿਆਚਾਰਕ ਲਹਿਰ ਨੂੰ ਜਨਮ ਦਿੱਤਾ।

ਏਸੇ ਸਮੇਂ ਹੀ 1917 ਵਿਚ ਮਹਾਨ ਰੂਸੀ ਅਕਤੂਬਰ ਇੰਨਕਲਾਬ ਦੀ ਸਫਲਤਾ ਨੇ, ਚੀਨ ਵਿੱਚ ਸਮਾਜਵਾਦੀ ਵਿਚਾਰਾਂ ਦੇ ਵਧਣ ਫੁਲਣ ਦਾ ਮੁੱਢ ਬੰਨ੍ਹ ਦਿੱਤਾ। ਇਸ ਵਿਚੋਂ ਬੁੱਧੀਜੀਵੀਆਂ ਦਾ ਵਿਸ਼ੇਸ਼ ਯੋਗਦਾਨ ਸੀ। ਪ੍ਰਸਿੱਧ ਚੀਨੀ ਸਾਹਿਤਕਾਰ ਲੂਸ਼ੱਨ ਉਹਨਾਂ ਵਿਚੋਂ ਇਕ ਸਨ।

1921 ਵਿੱਚ ਚੀਨ ਦੀ ਕਮਿਊਨਿਸਟ ਪਾਰਟੀ ਦਾ ਮੁੱਢ ਬੰਨ੍ਹਿਆ ਗਿਆ ਇਸ ਵਿੱਚ ਕਾ: 'ਲੀ ਦਾ ਜਾਓ', ਜਿਨ੍ਹਾਂ ਨੂੰ ਫਾਂਸੀ ਦੇ ਦਿੱਤੀ ਗਈ ਸੀ, ਕਾ: ਮਾਓ ਜ਼ੇ ਤੁੰਗ, ਚਾਊ ਇੰਨਲਾਈ ਆਦਿ ਪ੍ਰਮੁੱਖ ਆਗੂ ਸਨ। ਕਾ: ਮਾਓ ਨੇ ਚੀਨੀ ਸਮਾਜ ਦੀ ਸ਼੍ਰੇਣਿਕ ਬਣਤਰ ਦਾ ਵਿਸਤਾਰ ਨਾਲ ਵਿਸ਼ਲੇਸ਼ਨ ਕੀਤਾ। ਅਤੇ ਚੀਨ ਦੀ ਮਜ਼ਦੂਰ ਸ਼੍ਰੇਣੀ ਭਾਵੇਂ ਉਸ ਸਮੇਂ ਛੋਟੀ ਹੀ ਸੀ, ਦੇ ਇਤਿਹਾਸਕ ਆਗੂ ਰੋਲ ਨੂੰ ਨਿਸਚਿਤ ਕੀਤਾ। ਉਹਨਾਂ ਸਰਮਾਏ ਦੇ ਕੌਮੀ ਅਤੇ ਦਲਾਲ ਖ਼ਾਸੇ ਦੇ ਖਿੜਕਵੇਂ ਰੋਲ ਬਾਰੇ, ਅਰਧ ਜਾਗੀਰੂ ਤੇ ਅਰਧ ਬਸਤੀਵਾਦੀ ਸਾਮਾਜ ਵਿੱਚ ਬਣਦੇ, ਟੁਟਦੇ ਗੱਠ ਜੋੜਾਂ, ਸਹਿਯੋਗੀ ਅਤੇ ਵਿਰੋਧੀ ਰੋਲ ਦੇ ਖ਼ਾਸੇ ਬਾਰੇ ਲੋਕਾਂ ਨੂੰ ਅਤੇ ਪਾਰਟੀ ਨੂੰ ਸਮਝਾਉਣ ਵਿਚ ਆਗੂ ਦਾ ਰੋਲ ਅਦਾ ਕੀਤਾ।

ਇਸ ਤਰ੍ਹਾਂ ਚੀਨ ਦੀ ਕਮਿਊਨਿਸਟ ਪਾਰਟੀ, ਕੌਮੀ, ਸਰਮਾਏਦਾਰੀ ਦਾ ਸਾਮਰਾਜਵਾਦ ਪੱਖੀ ਹਾਕਮ ਕੋਮਨਤਾਂਗ ਪਾਰਟੀ ਵਿਰੁੱਧ ਅਤੇ ਸਾਮਰਾਜ ਵਿਰੁੱਧ ਵਿਸ਼ਾਲ ਕਿਸਾਨੀ ਜਨ ਸਮੂਹ, ਛੋਟੇ ਦੁਕਾਨਦਾਰਾਂ ਦਸਤਕਾਰਾਂ, ਬੁਧੀਜੀਵੀਆਂ, ਵਿਦਿਆਰਥੀਆਂ ਸਰਕਾਰੀ ਕਰਮਚਾਰੀਆਂ ਅਤੇ ਛੋਟੇ ਵਪਾਰੀਆਂ ਆਦਿ ਨੂੰ ਲਾਮਬੰਦ ਕਰਨ ਵਿਚ ਵੱਡੀ ਹੱਦ ਤੱਕ ਸਫਲ ਹੋ ਹੋਈ।

ਦੂਜੇ ਸੰਸਾਰ ਯੁਧ ਦੇ ਦੌਰਾਨ ਕਮਿਊਨਿਸਟ ਪਾਰਟੀ ਨੇ ਕੌਮਨਤਾਂਗ ਪਾਰਟੀ ਦੀ ਸਰਕਾਰ ਨੂੰ, ਸਾਂਝੇ ਸਾਮਰਾਜੀ ਦੁਸ਼ਮਣ ਜਾਪਾਨ ਵਿਰੁੱਧ ਇਕੱਮੁੱਠ ਹੋ ਕੇ ਲੜਨ ਦਾ ਬਾਰ ਬਾਰ ਯਤਨ ਕੀਤਾ। ਉਹਨਾਂ ਇਹ ਸਹਿਯੋਗ ਉਨੀ ਦੇਰ ਤੱਕ ਪ੍ਰਵਾਨ ਨਾ ਕੀਤ ਜਿੰਨੀ ਦੇਰ ਉਹਨਾਂ ਨੂੰ ਸਾਮਰਾਜ ਤੋਂ ਹਾਰ ਦਾ ਅਹਿਸਾਸ ਨਹੀਂ ਹੋ ਗਿਆ। ਦੂਜੇ ਸੰਸਾਰ ਯੁੱਧ ਦੀ ਸਮਾਪਤੀ ਪਿਛੋਂ ਦੇਸ਼ ਵਿਆਪੀ ਗ੍ਰਹਿਯੁਧ ਆਰੰਭ ਹੋ ਗਿਆ। ਜਿਸ ਵਿੱਚ ਸਾਮਰਾਜ ਨੇ ਕੌਮਾਨਤਾਂਗ ਸਰਕਾਰ ਦੀ ਭਰਪੂਰ ਮਦਦ ਕੀਤੀ। ਪ੍ਰੰਤੂ ਦੇਸ਼ ਦੇ ਵਿਸ਼ਾਲ ਜਨ-ਸਮੂਹ ਦੀ ਸ਼ਮੂਲੀਅਤ ਤੇ ਸਮਰਥਨ ਦੇ ਕਾਰਨ 1949 ਵਿੱਚ ਕਮਿਊਨਿਸਟ ਪਾਰਟੀ ਦੀ ਅਗਵਾਈ ਵਿੱਚ ਲੋਕ ਜਮਹੂਰੀ ਇੰਨਕਲਾਬ ਸਫਲ ਹੋ ਗਿਆ ਅਤੇ ਲੋਕ ਚੀਨ ਦੇ

ਗਣਰਾਜ ਦੀ ਸਥਾਪਨਾਂ ਦਾ ਐਲਾਨ ਕਰ ਦਿਤਾ ਗਿਆ। ਦੇਸ਼ ਵਿਚੋਂ ਦਲਾਲ ਸਰਮਾਏਦਾਰੀ, ਸਾਮੰਤਾਂ, ਸਮਾਰਾਜ ਵਾਦੀਆਂ ਦੇ ਪਿਠੂਆਂ ਦਾ ਰਾਜ ਹਮੇਸ਼ਾ ਲਈ ਖ਼ਤਮ ਕਰ ਦਿੱਤਾ ਗਿਆ।

## ਇਨਕਲਾਬ ਤੋਂ ਪਿਛੋਂ

ਲੋਕ ਚੀਨ ਦੀ ਗਣਰਾਜ ਵਜੋਂ ਸਥਾਪਤੀ ਤੋਂ ਪਿਛੋਂ, ਸਭ ਤੋਂ ਪਹਿਲਾਂ ਦੇਸ਼ ਵਿੱਚ ਗ੍ਰਹਿਯੁਧ ਕਾਰਨ ਪੈਦਾ ਹੋਈ ਬਦਅਮਨੀ ਨੂੰ ਕੰਟਰੋਲ ਕਰਕੇ, ਵਿਸ਼ਾਲ ਜਨਸਮੂਹ ਦੀਆਂ ਮੁੱਢਲੀਆਂ ਲੋੜਾਂ ਨੂੰ ਪੂਰਾ ਕਰਨ ਵੱਲ ਧਿਆਨ ਦੇਣਾ ਸੀ। ਇਸ ਵੱਡੇ ਹੰਭਲੇ ਵਿੱਚ ਬੇਜ਼ਮੀਨੇ ਕਿਸਾਨਾਂ ਨੂੰ ਜ਼ਮੀਨ ਦੇਣਾ, ਅਣਪੜ੍ਹਤਾ ਦੂਰ ਕਰਨ, ਸਿਹਤ ਸੰਭਾਲ ਆਦਿ ਦਾ ਪ੍ਰਬੰਧ ਕਰਨਾ ਸੀ। ਚੀਨ ਦੇ ਇਕ ਕਿਸਾਨੀ ਪ੍ਰਧਾਨ ਦੇਸ਼ ਵਜੋਂ ਹੋਣ ਦੇ ਕਾਰਨ, ਜ਼ਮੀਨ ਤੋਂ ਪੈਦਾਵਾਰ ਦੀਆਂ ਉਚੀਆਂ ਦਰਾਂ ਪ੍ਰਾਪਤ ਕਰਨ ਲਈ ਕਮਿਊਨ ਪ੍ਰਬੰਧ ਲਾਗੂ ਕੀਤਾ ਗਿਆ। ਕਮਿਊਨ ਦੇ ਹੱਥ ਸਾਰਾ ਪ੍ਰਬੰਧ ਸੀ ਜੋ ਕਰੋੜਾਂ ਮੈਂਬਰਾਂ ਤੇ ਲਾਲ ਸੈਨਾ ਦੀ ਉਤਸ਼ਾਹਤ ਅਗਵਾਈ ਅਤੇ ਸਹਿਯੋਗ ਨਾਲ ਵੱਡੀਆਂ ਮੱਲਾਂ ਮਾਰਨ ਵਿੱਚ ਕਾਮਯਾਬ ਹੋਇਆ। ਨੌਜੁਆਨ ਗੱਭਰੂਆਂ ਅਤੇ ਮੁਟਿਆਰਾਂ ਦੇ ਨਵੇਂ ਚੀਨ ਦੀ ਉਸਾਰੀ ਵਿੱਚ ਨਿਸਚੇ, ਪ੍ਰਤੀਬੱਧਤਾ ਤੇ ਉਦੇਸ਼ ਪ੍ਰਾਪਤੀ ਦੀ ਲਗਨ ਦਾ ਠਾਠਾਂ ਮਾਰਦਾ ਉਤਸ਼ਾਹ ਇਕ ਸਜੀਵ ਸ਼ਕਤੀ ਬਣਕੇ ਸਾਹਮਣੇ ਆਇਆ।

ਉਸਾਰੀ ਦੇ ਸਾਰੇ ਕਾਰਜ ਵਿੱਚ ਚੀਨੀ ਜਨ ਸਮੂਹ ਦੀ ਸਕਿਰਿਆ ਸ਼ਮੂਲੀਅਤ ਨੇ, ਉਹਨਾਂ ਨੂੰ ਪਾਰਟੀ ਅਤੇ ਸਰਕਾਰ ਨਾਲ ਯਕਜਾਨ ਕਰ ਦਿੱਤਾ। ਇਸ ਉਸਾਰੀ ਵਿੱਚ ਜੁੱਟੇ ਚੀਨ ਦੇ ਵਿਕਾਸ ਨੂੰ ਸਾਮਰਾਜੀ ਕਿਵੇਂ ਵੀ ਬਰਦਾਸ਼ਤ ਕਰਨ ਲਈ ਤਿਆਰ ਨਹੀਂ ਸਨ। ਕੋਰੀਆ ਦੇ ਇਨਕਲਾਬ ਨੂੰ ਕੁਚਲਣ ਲਈ ਸਾਮਰਾਜ ਦੀ ਮੁਦਾਖ਼ਲਤ ਨੂੰ ਚਕਨਾ ਚੂਰ ਕਰਨ ਲਈ, ਆਪਣੀ ਕੌਮਾਂਤਰੀ ਜਿੰਮੇਵਾਰੀ ਸਮਝਦਿਆਂ ਲਾਲ ਸੈਨਾ ਭੇਜ ਕੇ ਸਹਾਇਤਾ ਕੀਤੀ। ਬੇਸ਼ਕ ਸਾਮਰਾਜ ਕੋਰੀਆ ਨੂੰ ਵੰਡਣ ਵਿਚ ਸਫਲ ਹੋ ਗਿਆ ਪ੍ਰੰਤੂ ਅਮਰੀਕਨਾਂ ਨੂੰ ਹਜ਼ਾਰਾਂ ਸੈਨਕਾਂ ਦੀਆਂ ਜਾਨਾਂ ਦੀ ਅਹੂਤੀ ਦੇਣ ਪਈ।

ਏਸੇ ਸਮੇਂ ਸੋਵੀਅਤ, ਯੂਨੀਅਨ ਦੀ ਸਹਾਇਤਾ ਨਾਲ ਚੀਨ ਵਿੱਚ ਸਮਾਜਵਾਦ ਦੀ ਉਸਾਰੀ ਦਾ ਕੰਮ ਅਰੰਭ ਹੋਇਆ। ਜਿਸ ਵਿਚ ਹਾਈਡਰੋ ਡੈਮਾਂ, ਕਾਰਖਾਨਿਆਂ, ਢਲਾਈ ਦੇ ਇਸਪਾਤੀ ਕਾਰਖ਼ਾਨਿਆਂ ਤੋਂ ਲੈ ਕੇ ਕਮਿਊਨ ਵਿਚ ਅਨੇਕਾਂ ਛੋਟੇ ਉਦਯੋਗਾਂ ਨੂੰ ਸਥਾਪਤ ਕੀਤਾ ਗਿਆ। ਕਾ. ਸਟਾਲਿਨ ਦੀ ਮ੍ਰਿਤੂ ਤੋਂ ਪਿਛੋਂ ਸੋਵੀਅਤ ਯੂਨੀਅਨ ਅਤੇ ਲੋਕ ਚੀਨ ਵਿਚਕਾਰ ਕੁਝ ਵਿਚਾਰਧਾਰਕ ਮੱਤਭੇਦ ਵਧਦੇ ਗਏ। ਜਿਸ ਨਾਲ ਦੋਵਾਂ ਸਮਾਜਵਾਦੀ ਦੇਸ਼ਾਂ ਵਿਚੋਂ ਤਨਾਅ ਵੀ ਪੈਦਾ ਹੋ ਗਿਆ। ਤੇ ਸੋਵੀਅਤ ਯੂਨੀਅਨ ਦੀ ਖ਼ਰੁਸਚੋਵ ਦੀ ਲੀਡਰਸ਼ਿਪ ਨੇ ਮਾਹਰਾਂ ਨੂੰ ਵਾਪਸ ਬੁਲਾ ਲਿਆ।

ਸੋਵੀਅਤ ਸਹਾਇਤਾ ਤੋਂ ਬਿਨਾਂ ਸਾਮਜਵਾਦੀ ਉਸਾਰੀ ਨੂੰ ਸੱਟ ਵੱਜਣੀ ਕੁਦਰਤੀ ਸੀ, ਪ੍ਰੰਤੂ ਲੋਕਾਂ ਦੇ ਉਤਸ਼ਾਹ ਤੇ ਜਨ ਸ਼ਕਤੀ ਹਰ ਸੱਮਸਿਆ ਨੂੰ ਹੱਲ ਕਰਨ ਦੇ ਸਮਰਥ ਹੁੰਦੀ ਹੈ। ਪਾਰਟੀ ਨੇ "ਲੋਕ ਹੀ ਮਹਾਨ ਹਨ" ਦਾ ਨਾਅਰਾ ਉੱਚਾ ਕੀਤਾ। ਉਹਨਾਂ ਯੈਂਗਸੀ ਵਰਗੇ ਪਰਬੱਲ ਦਰਿਆ ਨੂੰ ਬੰਨ੍ਹ ਮਾਰ ਕੇ, ਉਸ ਦੀ ਆਏ ਸਾਲ ਕੀਤੀ ਜਾਣ ਵਾਲੀ ਤਬਾਹੀ ਨੂੰ ਨੱਥ ਪਾ ਲਈ, ਜਿਸ ਨਾਲ ਇਕ ਅਸੰਭਵ ਜਾਪਦੇ ਕਾਰਜ ਨੂੰ ਸਫਲ ਕਰ ਦਿਖਾਇਆ। ਉਹਨਾਂ ਆਪਣੇ ਸਾਧਨਾਂ ਅਤੇ ਉੱਦਮੀ ਉਤਸ਼ਾਹ ਨਾਲ "ਲੰਬੀ ਛਾਲ" ਨਾਂ ਦੀ ਮੁਹਿੰਮ ਵਿੱਢ ਲਈ। ਇਸ ਨਾਲ ਦੇਸ਼ ਦੀ ਖੁਰਾਕੀ ਦੌੜ ਵਿੱਚ ਸਫਲਤਾ ਅਤੇ ਦੇਸ਼ ਦੀ ਰੱਖਿਆ ਦੀਆਂ ਲੋੜਾਂ ਪੂਰੀਆਂ ਕਰ ਲਈਆਂ ਗਈਆਂ।

ਸੰਸਾਰ ਸਾਮਰਾਜੀ ਸ਼ਕਤੀਆਂ ਇਸ ਨੂੰ ਬਰਦਾਸ਼ਤ ਕਿਵੇਂ ਕਰਦੀਆਂ। ਸੋਵੀਅਤ ਚੀਨ ਮਤਭੇਦਾਂ ਨੇ ਉਹਨਾਂ ਨੂੰ ਹੋਰ ਉਤਸ਼ਾਹਤ ਕੀਤਾ। ਭਾਰਤ ਚੀਨ ਸੰਬੰਧ, ਜੋ ਸੰਸਾਰ ਅਮਨ ਲਈ ਦੂਜੇ ਸੰਸਾਰ ਯੁੱਧ ਪਿਛੋਂ, ਆਸ ਬਣਕੇ ਉਭਰੇ ਸਨ, ਅਮਰੀਕੀ ਸਾਮਰਾਜ ਦੇ ਜੰਗੀ ਉਦੇਸ਼ਾ, ਹੱਥਿਆਰਾਂ ਦੇ ਵਪਾਰ ਦੇ ਵਿਰੁੱਧ ਜਾਂਦੇ ਸਨ। ਭਾਰਤ ਅਤੇ ਚੀਨ ਜੋ ਆਜ਼ਾਦੀ ਦੇ ਪੱਖੋਂ ਸੰਸਾਰ ਦਾ ਲਗਭਗ ਅੱਧ ਬਣਦੇ ਸਨ, (ਅਤੇ ਹੁਣ ਵੀ ਹਨ) ਅੱਜ ਵਾਂਗ ਹੀ, ਵਧੇਰੇ ਨੇੜਲੇ ਸੰਬੰਧਾਂ ਦੀ ਲੋੜ ਰੱਖਦੇ ਸਨ। ਲੋਕ ਚੀਨ ਵਿੱਚ



ਇਨਕਲਾਬ ਦੀ ਸਫਲਤਾ ਨੂੰ, ਸਾਮਰਾਜੀਆਂ ਵਾਂਗ ਹੀ ਭਾਰਤ ਦੀ ਹਾਕਮ ਜਮਾਤ ਦੇ ਕੁਝ ਤੱਤ ਆਪਣੇ ਲਈ ਖਤਰਾ ਸਮਝਦੇ ਸਨ। ਦੂਸਰੇ 1951 ਵਿੱਚ ਦੀਆਂ ਚੋਣਾਂ ਵਿੱਚ ਭਾਰਤ ਦੀ ਕਮਿਊਨਿਸਟ ਪਾਰਟੀ ਵੱਡੀ ਸ਼ਕਤੀ ਨਾਲ ਉਭਰ ਕੇ ਸਾਹਮਣੇ ਆਈ ਸੀ। ਅਜਿਹੀ ਸਥਿਤੀ ਵਿੱਚ ਭਾਰਤ-ਚੀਨ ਸੀਮਾਂ ਦਾ ਝਗੜਾ ਜਿਵੇਂ ਕਿਵੇਂ ਪੈਦਾ ਹੋਇਆ। ਇਸ ਨੇ ਚੀਨ ਨਾਲੋਂ ਭਾਰਤ ਨੂੰ ਵੀ ਅਲੱਗ ਕਰ ਦਿੱਤਾ। ਹੁਣ ਚੀਨ ਇਕ ਤਰ੍ਹਾਂ ਇਕੱਲਾ ਰਹਿ ਗਿਆ। ਦੇਸ਼ ਵਿਚ ਵਿਕਾਸ ਦੀ ਲੋੜ ਦੀ ਤੀਬਰਤਾ ਨੂੰ ਅਮਲ ਵਿਚ ਲਿਆਉਣ ਲਈ ਵੱਡੀਆਂ ਮੁਸ਼ਕਲਾਂ ਪੈਦਾ ਹੋ ਗਈਆਂ। ਇਸ ਦਾ ਹੱਲ ਲੋਕ ਚੀਨ ਦੀ ਸਰਕਾਰ ਤੇ ਪਾਰਟੀ ਨੇ "ਸਭਿਆਚਰਕ ਇਨਕਲਾਬ" ਲਿਆਉਣ ਵਿਚੋਂ ਦੇਖਿਆ।

ਇਹ ਸੱਭਿਆਚਰਿਕ ਇਨਕਲਾਬ 1966 ਤੋਂ 1976 ਤੱਕ ਜਾਰੀ ਰਿਹਾ। ਇਸ ਨੇ ਕੋਈ ਸਮੱਸਿਆ ਨਾ ਹੱਲ ਕੀਤੀ ਅਤੇ ਨਾ ਹੀ ਵਿਕਾਸ ਵਿੱਚ ਕੋਈ ਸਹਾਇਤਾ ਹੀ ਕੀਤੀ। ਸਗੋਂ ਪਹਿਲਾਂ ਨਾਲੋਂ ਵੀ ਵੱਡੀਆਂ ਸਮੱਸਿਆਵਾਂ ਵਿੱਚ ਦੇਸ਼ ਦਾ ਸਾਰਾ ਹੀ ਵਿਕਾਸ ਕਾਰਜ ਨੂੰ ਰਾਜਨੀਤਿਕ ਅਰਥਦਾਰਾ ਫਸ ਗਿਆ। ਦੋ ਸ਼ਬਦਾਂ ਵਿੱਚ ਚੀਨ ਦਾ ਇਹ ਸੱਭਿਆਚਾਰਿਕ ਇਨਕਲਾਬ ਕੇਵਲ ਚੀਨ ਨੂੰ ਖ਼ਬਿ ਕੁਰਾਹੇ ਵੱਲ ਧੂਹ ਕੇ ਲਈ ਜਾ ਰਿਹਾ ਸੀ। ਪ੍ਰੰਤੂ ਚੀਨ ਦੀ ਪਾਰਟੀ ਦੀ ਤਜਰਬੇਕਾਰ ਲੀਡਰਸ਼ਿਪ ਦੇ ਆਗੂ ਡੈਂਗਸਿਆਓ ਪਿੰਗ ਨੇ, ਹੋਰਨਾਂ ਸਾਥੀ ਆਗੂਆਂ ਨੂੰ ਨਾਲ ਲੈ ਕੇ ਸਥਿਤੀ ਤੇ ਕਾਬੂ ਕਰ ਲਿਆ। ਮੁੜ ਤੋਂ ਸਾਰੇ ਬੀਤੇ ਦੀਆਂ ਨੀਤੀਆਂ ਦਾ ਜਾਇਜ਼ਾ ਲੈ ਕੇ ਦੇਸ਼ ਨੂੰ ਨਵੇਂ ਰਾਹ ਉਪਰ, ਨਵੀਂ ਸਥਿਤੀ ਅਨੁਸਾਰ ਤੋਰਨ ਲਈ ਨਵਾਂ ਪ੍ਰੋਗਰਾਮ ਉਲੀਕਿਆ ਗਿਆ। ਜਿਸ ਦੀ ਸਮੇਂ ਸਮੇਂ ਵੇਰਵੇ ਸਹਿਤ ਚੀਰਫਾੜ ਕੀਤੀ ਜਾਂਦੀ ਰਹੀ।

ਨਵੇਂ ਪ੍ਰੋਗਰਾਮ ਅਨੁਸਾਰ ਲੋਕ ਚੀਨ ਸਮਾਜਵਾਦੀ ਦੇਸ਼ ਵਜੋਂ ਵਿਕਸਤ ਕਰਨ ਲਈ, ਬਾਹਰਲੀ ਦੁਨੀਆਂ ਲਈ ਖੋਹਲਣ ਦਾ ਫੈਸਲਾ ਲਿਆ ਗਿਆ। ਦੇਸ਼ ਨੂੰ ਕਮਿਊਨਿਸਟ ਪਾਰਟੀ ਦੀ ਹੀ ਅਗਵਾਈ ਵਿੱਚ ਸਮਾਜਵਾਦ ਦੀ ਮੰਜ਼ਿਲ ਤੱਕ ਲੈ ਜਾਣ ਦਾ ਹਲਫ ਲਿਆ ਗਿਆ ਭਾਵ ਦੇਸ਼ ਵਿਚੋਂ ਹੋਰ ਰਾਜਨੀਤਕ ਪਾਰਟੀ ਜਾਂ ਬਹੁ ਪਾਰਟੀ ਪ੍ਰਬੰਧ ਨੂੰ ਰੱਦ ਕਰ ਦਿੱਤਾ ਗਿਆ। ਇਹ ਫੈਸਲਾ ਲਿਆ ਗਿਆ ਕਿ ਨਵੀਂ ਇਲੈਕਟ੍ਰਾਨਿਕ ਤਕਲੋਜੀ ਤੋਂ ਬਿਨਾਂ ਦੇਸ਼ ਅੱਗੇ ਨਹੀਂ ਵਧ ਸਕਦਾ। ਜਿਸ ਦੀ ਪ੍ਰਾਪਤੀ ਲਈ ਪੱਛਮੀ ਦੇਸ਼ਾਂ ਨਾਲ ਸਹਿਯੋਗ ਜਰੂਰੀ ਸੀ। ਪ੍ਰੰਤੂ ਅਜਿਹਾ ਸਹਿਯੋਗ, ਚੀਨ ਦੀਆਂ ਲੋੜਾਂ, ਹਿੱਤਾਂ ਅਤੇ ਸਮਾਜਵਾਦੀ ਪ੍ਰਬੰਧ ਨੂੰ ਵਿਕਾਸਕਰਨ ਲਈ ਹੀ ਪੂਰੀ ਸਾਵਧਾਨੀ ਨਾਲ, ਲੈਣਾ ਤਹਿ ਕੀਤਾ। ਪੱਛਮੀ ਦੇਸ਼ਾਂ ਲਈ ਚੀਨ ਦੀ ਘਰੇਲੂ ਮੰਡੀ ਖੋਲਣ ਦੇ ਨਾ, ਚੀਨ ਲਈ ਪੱਛਮੀ ਦੇਸ਼ਾਂ ਦੀਆਂ ਮੰਡੀਆਂ ਵੀ ਖੋਹਲ ਦਿੱਤੀਆਂ ਗਈਆਂ। ਇਸ ਤਰਾਂ ਚੀਨ ਦੀ ਇਕੱਲ ਸਮਾਪਤ ਹੋ ਗਈ। ਉਸ ਦੀ ਪਹੁੰਚ ਚੀਨ ਦੇ ਸਮਾਜਵਾਦੀ ਹਿਤਾਂ ਲਈ ਦੁਨੀਆਂ ਦੇ ਹਰਇਕ ਦੇਸ਼ ਤੱਕ ਪਸਰ ਗਈ ਹੈ। ਇਥੇ ਇਹ ਪੱਖ ਸਾਹਮਣੇ ਆਉਂਦਾ ਹੈ ਕਿ ਸੋਵੀਅਤ ਯੂਨੀਅਨ ਸਮੇਂ ਜਿਵੇਂ ਬਦੇਸ਼ ਨੀਤੀ ਵਿੱਚ ਕੌਮਾਂਤਰੀ ਵਾਦੀ ਦ੍ਰਿਸ਼ਟੀ ਤੋਂ ਸਮਾਜਵਾਦ ਦੇ ਪਰਚਾਰ ਨੂੰ ਪਹਿਲ ਦਿਤੀ ਜਾਂਦੀ ਸੀ, ਇਸ ਤਰਾਂ ਚੀਨ ਦੀ ਬਦੇਸ਼ ਨੀਤੀ (ਸ਼ਾਇਦ ਹਾਲ ਦੀ ਘੜੀ) ਇਸ ਪਾਸੇ ਖ਼ਾਮੋਸ਼ ਹੈ। ਪ੍ਰੰਤੂ ਇਸ ਨਾਲ ਇਹ ਵੀ ਸਿੱਧ ਹੁੰਦਾ ਹੈ ਕਿ ਲੋਕ ਚੀਨ ਨੇ ਦੁਨੀਆਂ ਦੀਆਂ ਕਮਿਊਨਿਸਟ ਪਾਰਟੀਆਂ ਨਾਲ ਵਿਚਾਰਧਾਰਕ ਸੰਬੰਧ ਕੇਵਲ ਪਾਰਟੀ ਆਧਾਰ ਉਮਰ ਹੀ ਰੱਖਣਾ ਤਹਿ ਕੀਤਾ ਹੈ। ਭਾਵ ਪਾਰਟੀ ਅਤੇ ਸਰਕਾਰ ਨੇ ਆਪੋ ਆਪਣੇ ਖੇਤਰਾਂ ਵਿੱਚ ਕੰਮ ਵੰਡ ਕੀਤੀ ਹੈ ਜਦੋਂ ਕਿ ਅਜਿਹਾ ਸੰਬੰਧ ਅੰਦਰੂਨੀ ਤੌਰ ਉਪਰ ਪਾਰਟੀ ਦੀ ਅਗਵਾਈ ਵਿੱਚ ਹੀ ਹੋ ਰਿਹਾ ਹੈ। ਹੋਰ ਸਪੱਸ਼ਟ ਇਉਂ ਕਹਿ ਸਕਦੇ ਹਾਂ ਕਿ ਪਾਰਟੀ ਰਾਜ ਪ੍ਰਬੰਧ ਦੀ ਅਗਵਾਈ ਕਰਦੀ ਹੈ। ਉਸ ਵਿੱਚ ਦਖ਼ਲ ਨਹੀਂ ਦਿੰਦੀ। ਇਸ ਨਾਲ ਸੰਸਾਰ ਪੱਧਰ ਉਪਰ ਕਮਿਊਨਿਸਟ ਵਿਚਾਰਧਾਰਾ ਨੂੰ ਹਰ ਦੇਸ਼ ਦੀਆਂ ਸਥਿਤੀਆਂ ਅਤੇ ਸ਼ਕਤੀ ਅਨੁਸਾਰ ਵਿਕਸਤ ਹੋਣ ਲਈ ਛੱਡ ਦਿੱਤਾ ਗਿਆ ਹੈ ਅਤੇ ਉਨ੍ਹਾਂ ਨੂੰ ਆਪਣੇ ਵਿਕਾਸ ਦੇ ਵਸੀਲੇ ਆਪ ਹੀ ਪੈਦਾ ਕਰਨੇ ਹਨ। ਇਉਂ ਸਾਮਰਾਜੀਆਂ ਲਈ ਲੋਕ ਚੀਨ ਨੂੰ ਸਾਹਮਣੇ ਰੱਖ ਕੇ, ਸੋਵੀਅਤ ਸੁਪਰਪਾਵਰ ਦੇ ਦਿਨਾਂ ਵਾਂਗ, ਕਮਿਊਨਿਜ਼ਮ ਵਿਚਾਰਧਾਰਾ ਵਿਰੁੱਧ

ਆਪਣੇ ਦੇਸ਼ਾਂ ਵਿੱਚ ਹਊਆ ਖੜਾ ਕਰਨ ਦਾ ਬਹਾਨਾ ਲੱਭਣਾ ਮੁਸ਼ਕਲ ਹੋ ਗਿਆ ਹੈ। ਭਾਵ ਸੰਸਾਰ ਪੱਧਰ ਕਮਿਊਨਿਸਟ ਵਿਚਾਰਧਾਰਾ ਦਾ ਵਿਕਾਸ ਕਿਸੇ ਬਾਹਰੀ ਸਹਾਇਤਾ ਤੋਂ ਬਿਨਾ, ਸਹਿਜ ਭਾਵੀ ਤੇ ਵਿਰੋਧੀ ਵਿਕਾਸੀ ਪ੍ਰਕਿਰਿਆ ਦੁਆਰਾ ਹੋਣਾ ਸ਼ੁਰੂ ਹੋ ਗਿਆ ਹੈ।

ਉਪਰੋਕਤ ਸਥਿਤੀ ਦੇ ਵਿਕਸਤ ਹੋਣ ਲਈ ਪੰਦਰਾਂ ਵਰ੍ਹੇ ਲੱਗੇ ਹਨ ਅਤੇ ਹੁਣ ਇਹ ਆਪਦੇ ਟੀਚੇ ਵੱਲ ਵਧਣੀ ਸ਼ੁਰੂ ਹੋ ਗਈ ਹੈ। ਸਾਮਰਾਜੀ ਦੇਸ਼ਾਂ ਦੇ ਚੀਨ ਨਾਲ ਵਪਾਰਕ ਤੇ ਰਾਜਨੀਤਕ ਸੰਬੰਧ ਵਿਕਸਤ ਕਰਨ ਵਿੱਚ ਉਹਨਾਂ ਦੀਆਂ ਮੁਨਾਫਾ-ਭੁੱਖੀਆਂ ਕਾਰਪੋਰੇਸ਼ਨਾਂ ਦੀ ਲਾਲਸਾ ਨੇ ਵੱਡਾ ਰੋਲ ਅਦਾ ਕੀਤਾ ਹੈ ਕਿਉਂਕਿ ਉਹਨਾਂ ਲਈ ਨਵੀਂ ਵਿਕਸਤ ਇਲੈਕਟ੍ਰਾਨਿਕ ਟੈਕਨਾਲੋਜੀ ਲਈ ਘਰੇਲੂ ਮੰਡੀ ਦੇ ਸੁੰਗੜ ਜਾਣ ਨਾਲ ਖ਼ਤਰਾ ਪੈਦਾ ਹੋ ਗਿਆ ਸੀ। ਨਵੀਂ ਸੰਸਾਰੀ ਕਰਨ, ਉਦਾਰੀਕਰਨ ਤੇ ਨਿਜੀਕਰਨ ਦੀ ਤ੍ਰੈਸੂਤਰੀ ਨੀਤੀ ਦੀ ਸੇਧ ਵਿੱਚ ਸਾਮਰਾਜੀ ਦੇਸ਼ਾਂ ਦੀ 'ਪੂੰਜੀਵਾਦੀ ਪ੍ਰਬੰਧ' ਦੀ ਸਦੀਵਤਾ ਤੇ ਵਿਕਾਸ ਦੇ ਅੰਤਮ ਪੜਾ ਦਾ ਮਿਥਿਆ ਉਦੇਸ਼ ਫਿਰ ਵੀ ਪੂਰਾ ਹੋਣ ਵਾਲਾ ਨਹੀਂ ਹੈ। ਉਹ ਭਾਵੇਂ ਹਾਲੇ ਵੀ ਇਸ ਤਾਕ ਵਿਚ ਹਨ ਕਿ ਲੋਕ ਚੀਨ ਨੂੰ ਉਦਾਰੀ ਕਰਨ ਦੀ 'ਸਮਾਜਵਾਦੀ ਮੰਡੀ ਆਰਥਿਕਤਾ' ਦੇ ਉਦੇਸ਼ਾਂ ਤੋਂ ਥਿੜਕਾ ਕੇ 'ਮੰਡੀ ਆਰਥਿਕਤਾ' ਦੇ ਘੇਰੇ ਵਿੱਚ ਖਿੱਚ ਲੈਣਗੇ ਤੇ ਫਿਰ ਸੋਵੀਅਤ  ਦੇ ਢਹਿ ਢੇਰੀ ਕਰ ਦੇਣ ਵਾਂਗ, ਉਲਟ ਇਨਕਲਾਬ ਕਰ ਲੈਣਗੇ। ਹਾਲ ਵੀ ਘੜੀ ਤਾਂ ਲੋਕ ਚੀਨ ਵਿੱਚ ਕਿਸੇ ਗੋਰਬਾ ਚੋਣ ਜਾਂ ਜੇਲਤਿਸਨ ਦੀ ਬਿੜਕ ਨਹੀਂ ਆ ਰਹੀ। ਭਵਿੱਖ ਵਿੱਚ ਅਜਿਹੀ ਆਸ ਦੀ ਸੰਭਾਵਨਾ ਵੀ ਨਜ਼ਰ ਨਹੀਂ ਆ ਰਹੀ। ਕਿਉਂਕਿ ਚੀਨ ਦੀ ਪਾਰਟੀ ਨੇ ਆਪਣੇ ਪਾਰਟੀ ਪ੍ਰੋਗਰਾਮ ਤੇ ਰਾਜਨੀਤਕ ਸੇਧ ਨੂੰ ਲਾਗੂ ਕਰਦਿਆਂ, ਪਿਛਲੇ ਦਹਾਕੇ ਵਿੱਚ ਅਜਿਹੇ ਅਨੇਕਾਂ ਆਗੂਆਂ ਦੀ ਛੁੱਟੀ ਕੀਤੀ ਹੈ।

1989 ਵਿੱਚ ਤਿੰਨ ਮਿੰਨ ਚੌਂਕ ਦੇ ਉਲਟ ਇਨਕਲਾਬੀ ਯਤਨ ਦੇ ਫੇਲ ਹੋਣ ਅਤੇ ਭਾਰਤ ਦੀ ਆਰ.ਆਰ.ਐਸ. ਤਰਜ ਦੀ 'ਗੌਂਗ ਫੂਅ' ਨਾਂ ਦੀ ਲਹਿਰ ਦੇ ਉਲਟ ਇਨਕਲਾਬੀ ਉਦੇਸ਼ਾਂ ਨੂੰ ਵੀ ਛੇਤੀ ਪਛਾਣ ਕੇ ਕੰਟਰੋਲ ਕਰ ਲਿਆ ਹੈ। ਉਪਰੋਕਤ ਦੋਵੇਂ ਸਥਿਤੀਆਂ ਉਸ ਸਮੇਂ ਸਾਹਮਣੇ ਆਈਆਂ ਜਦੋਂ ਲੋਕ ਚੀਨ ਦੀ ਪਾਰਟੀ ਨੇ ਸਮਾਜਵਾਦੀ ਆਰਥਿਕਤਾ ਦੇ ਪੁਰਾਣੇ ਕਮਿਊਨ ਪ੍ਰਬੰਧ ਨੂੰ ਬਦਲ ਕੇ, ਨਵੇਂ 'ਸਮਾਜਵਾਦੀ ਮੰਡੀ ਆਰਥਿਕਤਾ' ਦੇ ਖੇਤਰ ਨੂੰ ਉਸਾਰਨ ਦਾ ਪ੍ਰੋਗਰਾਮ ਅਮਲ ਵਿੱਚ ਲਿਆਉਣਾ ਸ਼ੁਰੂ ਕੀਤਾ। ਇਸ ਦੇ ਨਾਲ ਖੇਤੀਬਾੜੀ ਉਪਰ ਤੇ ਛੋਟੇ ਉਦਯੋਗਾਂ ਤੇ ਆਧਾਰਤ ਕਰੋੜਾਂ ਦੀ ਵਸੋਂ ਨੂੰ ਨਵੀਂ ਵਿਦਿਆ, ਨਵੇਂ ਇਲੈਕਟ੍ਰੋਨਿਕ ਛੋਟੇ, ਮੱਧਮ ਤੇ ਦਿਓਕੱਟ ਉਪਯੋਗਾਂ ਵਿੱਚ ਲਾਉਣ ਕਾਰਨ ਆਰਜ਼ੀ ਤੌਰ ਉਪਰ ਬੇਰੁਜ਼ਗਾਰੀ ਪੈਦਾ ਹੋ ਗਈ। ਕਮਿਊਨ ਪ੍ਰਬੰਧ ਸਮੇਂ ਕੋਈ ਬੇਰੁਜ਼ਗਾਰੀ ਨਹੀਂ ਸੀ। ਪ੍ਰੰਤੂ ਉਸ ਵਿੱਚ ਭਾਵੇਂ ਮੁੱਢਲੀਆਂ ਲੋੜਾਂ ਦੀ ਪੂਰਤੀ ਯਕੀਨੀ ਸੀ। ਪ੍ਰੰਤੂ ਸਮਾਜ ਦੀ ਆਰਥਿਕ ਖ਼ੁਸ਼ਹਾਲੀ ਦੇ ਨਾਲ ਸਭਿਆਚਾਰਕ ਤੇ ਸਮਾਜੀ ਪੱਧਰ ਲਗਭਗ ਗਰੀਬੀ ਦੀ ਪੱਧਰ ਦਾ ਹੀ ਸੀ। ਇਸ ਦਾ ਆਉਂਦੇ 2050 ਤੱਕ ਦੇ ਅਰਸੇ ਵਿੱਚ ਪੱਛਮੀ ਪੱਧਰ ਉਪਰ ਲੈ ਜਾਣ ਦਾ ਟੀਚਾ ਮਿਥਿਆ ਗਿਆ ਹੈ। ਪੱਛਮੀ ਦੇਸ਼ਾਂ ਕੈਨੇਡਾ-ਅਮਰੀਕਾ ਵਾਂਗੂ ਖੇਤੀ ਧੰਦਿਆਂ ਵਿੱਚ ਵਸੋਂ ਦੇ 5 ਤੋਂ 7 ਪ੍ਰਤੀਸ਼ਤ ਤੱਕ ਲਿਆਉਣ ਤੇ ਬਾਕੀ ਕੰਮ ਦੇ ਯੋਗ ਵੱਸੋਂ ਨੂੰ ਉਦਯੋਗਾਂ ਤੇ ਸੇਵਾ ਸੈਕਟਰ ਵਿੱਚ ਲਾਉਣ ਤੋਂ ਬਿਨਾਂ ਉੱਚਾ ਜੀਵਨ ਪੱਧਰ ਪ੍ਰਾਪਤ ਕਰਨਾ ਸੰਭਵ ਨਹੀਂ। ਸੋ ਇਸ ਤਬਦੀਲੀ ਦੇ ਦੌਰ ਵਿੱਚ ਬੇਰੁਜ਼ਗਾਰੀ ਦਾ ਪੈਦਾ ਹੋਣਾ ਕੁਦਰਤੀ ਹੈ। ਪ੍ਰੰਤੂ ਇਹ ਬੇਰੁਜ਼ਗਾਰੀ ਭਾਰਤ ਵਿੱਚ ਸੰਸਾਰੀ ਕਰਨ ਦੀ ਨੀਤੀ ਲਾਗੂ ਕਰਨ ਦੇ ਕਾਰਨ ਪੈਦਾ ਹੋਈ ਬੇਰੁਜ਼ਗਾਰੀ ਵਰਗੀ ਇਸ ਲਈ ਨਹੀਂ ਹੈ ਕਿ ਚੀਨ ਵਿੱਚ ਬੇਰੁਜ਼ਗਾਰ ਪਰਿਵਾਰ ਲਈ ਲਾਜ਼ਮੀ ਅਤੇ ਮੁਫਤ ਵਿਦਿਆ, ਮੈਡੀਕਲ ਮੁਫਤ, ਬੇਰੁਜ਼ਗਾਰੀ ਭੱਤਾ, ਬੁੱਢਿਆਂ ਨੂੰ ਬਿਨਾਂ ਛੋਟ ਪੈਨਸ਼ਨ ਆਦਿ ਦੀ ਸੁਵਿਧਾ ਪ੍ਰਾਪਤ ਹੈ। ਮਹਿੰਗਾਈ ਉੱਪਰ ਕੰਟਰੋਲ ਹੈ। ਕੋਈ ਬਲੈਕ ਮਾਰਕੀਟ ਵਰਗੀ ਵਬਾ ਨਹੀਂ ਹੈ।

ਨਵੇਂ ਵਿਕਸਤ ਹੋ ਰਹੇ ਸਮਾਜੀ ਪੱਧਰ ਨੂੰ ਸਮਝਣ ਲਈ ਕੁਝ ਕੁ ਅੰਕੜੇ ਦੇਣੇ ਸਹਾਇਕ ਹੋਣਗੇ।



ਬੇਸ਼ਕ ਪੇਂਡੂ ਅਤੇ ਸ਼ਹਿਰੀ ਵਸੋਂ ਨੂੰ ਸਹੂਲਤਾਂ ਵਿੱਚ ਕਾਫੀ ਅਨੁਪਾਤ ਹੈ। ਫਿਰ ਵੀ ਸ਼ਹਿਰਾਂ ਵਿੱਚ, ਸਾਡੇ ਸ਼ਹਿਰਾਂ ਵਾਂਗ ਮੱਧਵਰਗ ਤੇ ਉੱਚ ਮੱਧਵਰਗ ਹੀ ਨਹੀਂ ਹੈ। ਉਥੇ ਕਰੋੜਾਂ ਵਿੱਚ ਉਦਯੋਗਾਂ ਤੇ ਸੇਵਾ ਸੈਕਟਰ ਵਿੱਚ ਲੱਗੇ ਕਾਮੇਂ ਰਹਿੰਦੇ ਹਨ। ਉਹਨਾਂ ਦੇ ਰਹਾਇਸ਼ ਘਰਾਂ ਵਿੱਚ ਏਅਰ ਕੰਡੀਸ਼ਨ ਦੇ ਬਕਸੇ ਆਮ ਹੀ ਦੇਖੇ ਜਾ ਸਕਦੇ ਹਨ। ਜਿਵੇਂ ਸਾਡੇ ਸਰਕਾਰੀ ਦਫਤਰਾਂ ਵਿੱਚ ਕਿਤੇ ਕਿਤੇ ਦੇਖਣ ਨੂੰ ਮਿਲਦੇ ਹਨ।

ਚੀਨ ਵਿੱਚ 4 ਕਰੋੜ ਲੋਕਾਂ ਕੋਲ ਮੁਬਾਇਲ ਹਨ ਜੋ ਕਿ ਹਰ ਸੌ ਵਿਅਕਤੀ ਪਿੱਛੇ 3.5 ਫੀਸਦੀ ਬਣਦੇ ਹਨ। ਲਗਭਗ ਹਰ 30ਵੇਂ ਵਿਅਕਤੀ ਕੋਲ ਹਰ ਸੌ ਵਿਅਕਤੀ ਪਿੱਛੇ 13 ਫੂਨ ਹਨ। ਕੁਲ 15 ਕਰੋੜ ਲੋਕਾਂ ਕੋਲ ਟੈਲੀਫੂਨ ਹਨ। 42 ਲੱਖ ਲੋਕਾਂ ਕੋਲ ਰੰਗਦਾਰ ਟੀ.ਵੀ. ਸੈੱਟ ਹਨ। ਭਾਵ ਸ਼ਹਿਰਾਂ ਵਿੱਚ ਹਰ ਸੌ ਪਰਿਵਾਰ ਪਿੱਛੇ 105 ਰੰਗਦਾਰ ਟੀ.ਵੀ. ਅਤੇ ਪੇਂਡੂ ਇਲਾਕਿਆਂ ਵਿੱਚ ਹਰ ਸੌ ਪਿੱਛੇ 33 ਸੈੱਟ ਹਨ। ਸ਼ਹਿਰਾਂ ਵਿੱਚ ਹਰ ਪਰਿਵਾਰ ਕੋਲ ਤੇ ਪਿੰਡਾਂ ਵਿੱਚ ਹਰ ਦਸਵੇਂ ਪਰਿਵਾਰ ਕੋਲ ਕੱਪੜੇ ਧੋਣ ਵਾਲੀਆਂ ਮਸ਼ੀਨਾਂ ਹਨ। ਹੁਣ ਚੀਨੀ ਲੋਕ ਸਾਈਕਲ, ਘੜੀਆਂ, ਰੇਡੀਓ, ਸਿਲਾਈ ਮਸ਼ੀਨਾਂ ਤੋਂ ਅੱਗੇ ਰੈਫਰਜੀਰੇਟਰ ਜੋ, ਇਕ ਕਰੋੜ ਵੀਹ ਲੱਖ ਲੋਕਾਂ ਕੋਲ 1999 ਵਿੱਚ ਸਨ, ਅੱਗੇ ਲੰਘ ਕੇ ਹੋਰ ਲੋੜੀਂਦੀਆਂ ਚੀਜ਼ਾਂ ਤੇਜ਼ੀ ਨਾਲ ਵਰਤੋਂ ਵਿੱਚ ਲਿਆ ਰਹੇ ਹਨ ਅਤੇ 'ਪਰਸਨਲ ਕੰਪਿਊਟਰ' ਹੁਣ ਲੋਕਾਂ ਲਈ ਭਾਰੀ ਖਿੱਚ ਬਣੇ ਹੋਏ ਹਨ। ਲੋਕ ਹੁਣ ਆਪਣੇ ਖਰਚੇ ਖਾਣ ਪੀਣ ਦੀਆਂ ਚੀਜ਼ਾਂ ਤੋਂ ਘਟਾ ਕੇ ਹੋਰਨਾਂ ਮਨੋਰੰਜਨ ਦੇ ਸਾਧਨਾਂ, ਵਿਦਿਆ, ਸਭਿਆਚਾਰਕ ਖੇਤਰਾਂ ਵਿੱਚ ਵਧੇਰੇ ਕਰਨ ਲੱਗੇ ਹਨ। ਉਹਨਾਂ ਕੋਲ ਹੁਣ ਖੇਤੀ ਦੇ ਕੰਮਾਂ ਤੇ ਦੂਸਰੇ ਖੇਤਰਾਂ ਵਿੱਚ ਕੰਮਾਂ ਤੇ ਵਧੇਰੇ ਸਮਾਂ ਵਿਹਲਾ ਮਿਲ ਰਿਹਾ ਹੈ। ਜਿਸ ਨਾਲ ਉਹ ਦੇਸ਼ ਵਿੱਚ ਸੈਰ ਸਪਾਟੇ ਉੱਪਰ ਵਧ ਖਰਚ ਕਰਨ ਲੱਗੇ ਹਨ। ਇਹ ਉਹਨਾਂ ਦੀ ਚੰਗੇਰੀ ਆਰਥਿਕ ਦਸ਼ਾ ਦੀ ਮੂੰਹ ਬੋਲਦੀ ਮਿਸਾਲ ਹੈ। 1999 ਵਿੱਚ ਚੀਨ ਵਿੱਚ 85 ਲੱਖ ਤੋਂ ਵੱਧ ਵਿਦੇਸੀ ਲੋਕ ਸੈਰ ਕਰਨ ਆਏ ਜਦੋਂ ਕਿ ਦੇਸ਼ ਦੇ 71 ਕਰੋੜ ਲੋਕਾਂ ਨੇ ਚੀਨ ਦੇ ਵੱਖ-ਵੱਖ ਥਾਵਾਂ ਦੀ ਸੈਰ ਕੀਤੀ। ਇਸ ਤਰ੍ਹਾਂ ਵਿਦੇਸ਼ੀ ਸੈਲਾਨੀਆਂ ਤੋਂ ਕੇਵਲ 14 ਅਰਬ ਯੁਆਨ (ਚੀਨੀ ਸਿੱਕਾ) ਦੀ ਆਮਦਨ ਹੋਈ ਜਦੋਂ ਕਿ ਘਰੇਲੂ ਸੈਲਾਨੀਆਂ ਤੋਂ ਇਹ ਆਮਦਨ 2 ਖਰਬ 80 ਅਰਬ ਯੁਆਨ ਹੋਈ। ਇਸ ਤਰ੍ਹਾਂ ਔਸਤ ਹਰ ਚੀਨੀ ਵਿਅਕਤੀ ਨੇ ਸੈਰ ਸਪਾਟੇ ਉਪਰ 400 ਯੁਆਨ ਖਰਚ ਕੀਤੇ। ਚੀਨ ਦੀ ਸਰਕਾਰ ਨੂੰ ਸੈਰ ਸਪਾਟੇ ਤੋਂ ਕੁਲ ਆਮਦਨ ਦੀ 17 ਫੀਸਦੀ ਆਮਦਨ ਹੋਈ ਹੈ।

ਇਸ ਤਰ੍ਹਾਂ ਹੀ ਚੀਨ ਵਿੱਚ ਇਸਤਰੀਆਂ ਦੀ ਬਰਾਬਰਤਾ ਲਿਆਉਣ ਵਿੱਚ ਜੋ ਅਮਲ ਸਾਹਮਣੇ ਆਇਆ ਹੈ ਉਹ ਹੈਰਾਨ ਕੁੰਨ ਹੈ। ਉਥੇ ਬਰਾਬਰ ਕੰਮ ਲਈ ਬਰਾਬਰ ਤਨਖਾਹ ਵਾਲੀ ਗੱਲ ਅਜੀਬ ਜਾਪਦੀ ਹੈ। ਕਿਉਂਕਿ ਇਸਤਰੀਆਂ ਹਰ ਖੇਤਰ ਵਿੱਚ ਵੱਡੀ ਪਹਿਲ ਕਦਮੀ ਨਾਲ ਅੱਗੇ ਆ ਚੁੱਕੀਆਂ ਹਨ। ਇਸਤਰੀ ਪੁਰਸ਼ ਵਿੱਚ ਹਰ ਖੇਤਰ ਵਿੱਚ ਬਰਾਬਰਤਾ ਲਿਆਉਣ ਵਿੱਚ ਬਿਨਾਂ ਭਿੰਨ ਭੇਦ ਦੇ "ਸਭ ਨੂੰ ਉਨ੍ਹਾਂ ਦੇ ਕੰਮਾਂ ਅਨੁਸਾਰ" ਦੇ ਸਿਧਾਂਤ ਅਨੁਸਾਰ ਦੇਣਾ ਯਕੀਨੀ ਬਣਾਇਆ ਗਿਆ ਹੈ। ਪ੍ਰੰਤੂ ਬੱਚਿਆਂ ਅਤੇ ਬਜ਼ੁਰਗਾਂ ਲਈ ਹਰ ਪ੍ਰਕਾਰ ਦੀ ਲੋੜੀਂਦੀ ਸਹਾਇਤਾ ਸਮਾਜਵਾਦੀ ਪ੍ਰਬੰਧ ਦਾ ਆਧਾਰ ਹੈ।

### ਨਵੀਆਂ ਆਰਥਿਕ ਨੀਤੀਆਂ ਦੀਆਂ ਸਮੱਸਿਆਵਾਂ:

ਕਮਿਊਨ ਪ੍ਰਬੰਧ ਤੇ ਤੋੜਨ ਤੇ ਉਸ ਦੀ ਥਾਂ ਨਵੀਂ ਇਲੈਕਟ੍ਰਾਨਿਕ ਤਕਨਾਲੋਜੀਕਲ ਇੰਡਸਟਰੀ ਤੇ ਅਧਾਰਤ ਆਰਥਿਕਤਾ  ਅਤੇ ਸਮਾਜ ਦੀ ਉਸਾਰੀ ਨਾਲ, ਨਵੀਆਂ ਸਮੱਸਿਆਵਾਂ ਦਾ ਪੈਦਾ ਹੋਣਾ ਕੁਦਰਤੀ ਸੀ। ਇਹ ਸਮੱਸਿਆਵਾਂ ਅਜਿਹੀਆਂ ਨਹੀਂ ਸਨ ਕਿ ਇਹਨਾਂ ਦੇ ਪੈਦਾ ਹੋਣ ਦੀ ਸੰਭਾਵਨਾ ਨਹੀਂ ਸੀ। ਏਸੇ ਲਈ ਇਹਨਾਂ ਦੇ ਹੱਲ ਲਈ ਪਹਿਲਾਂ ਹੀ ਵਿਉਂਤਬੰਦੀ ਉਲੀਕੀ ਗਈ ਸੀ। ਬਹੁਤ ਸਾਰੇ ਪਾਰਟੀ ਦੇ ਆਗੂ ਨਵੀਆਂ ਨੀਤੀਆਂ ਬਾਰੇ ਵੱਖਰੇ ਵਿਚਾਰ ਰੱਖਦੇ ਸਨ ਅਤੇ ਕਈ ਪੱਛਮੀਂ ਦੇਸ਼ਾਂ ਲਈ ਬੂਹੇ ਚੌੜ ਚੱਪਟ ਖੋਹਲਣ ਲਈ ਕਾਹਲੇ ਸਨ। ਕੁਝ ਉੱਕਾ ਹੀ ਤਬਦੀਲੀ  ਦੇ ਪੱਖ ਵਿਚ ਨਹੀਂ ਸਨ ਤੇ ਬਦੇਸ਼ਾਂ ਸਹਿਯੋਗ ਲਈ ਬੂਹੇ ਬੰਦ ਰੱਖਣਾ ਚਾਹੁੰਦੇ ਸਨ। ਪ੍ਰੰਤੂ ਪਾਰਟੀ ਨੇ ਮਰਹੂਮ ਆਗੂ ਦੈਂਗ ਸਿਆਓ

ਪੈਂਗ ਦੀ ਅਗਵਾਈ ਵਿੱਚ ਦ੍ਰਿੜ ਨਿਸਚਾ ਕਰ ਲਿਆ ਕਿ ਸਮਾਜਵਾਦ ਦੇ ਮੁਢਲੇ ਉਦੇਸ਼ਾਂ ਅਤੇ ਸਿਧਾਤਾਂ ਨੂੰ ਕਾਇਮ ਰੱਖਦਿਆਂ ਨਵੀਆਂ ਨੀਤੀਆਂ ਲਾਗੂ ਕਰਨੀਆਂ ਅਜੋਕੇ ਵਿਕਾਸ ਦੇ ਯੁੱਗ ਵਿੱਚ ਬੇਹੱਦ ਜ਼ਰੂਰੀ ਹਨ। ਇਹਨਾਂ ਤੋਂ ਬਿਨਾਂ ਨਵੀਂ ਸਦੀ ਵਿੱਚ ਵਿਕਾਸ ਦੇ ਉੱਚੇ ਦਰ ਪ੍ਰਾਪਤ ਕਰਨੇ ਅਸੰਭਵ ਹਨ। ਇਹ ਨਿਸਚੇ ਹੀ ਪੁਰਾਣੇ ਸੋਵੀਅਤ ਮਾਡਲ ਦੇ ਸਮਾਜਵਾਦ ਤੋਂ ਹਟ ਕੇ ਨਵਾਂ ਤਜਰਬਾ ਹੈ। ਪ੍ਰੰਤੂ ਪਾਰਟੀ ਲਈ ਮਾਰਕਸਵਾਦ ਨੂੰ ਨਵੀਂ ਸਥਿਤੀ ਵਿੱਚ ਨਵੇਂ ਰੂਪ ਦੇਣਾ ਸਮੇਂ ਦੀ ਤੇ ਇਤਿਹਾਸ ਦੀ ਮੰਗ ਹੈ।

ਇਹਨਾਂ ਆਰਥਿਕ ਨੀਤੀਆਂ ਲਾਗੂ ਕਰਨ ਦਾ ਪਹਿਲਾ ਨਤੀਜਾ ਕੋਈ ਗਿਆਰਾਂ ਕਰੋੜ ਲੋਕਾਂ ਦਾ ਬੇਰੁਜ਼ਗਾਰ ਹੋ ਜਾਣਾ ਸੀ। ਜਿਨ੍ਹਾਂ ਨੂੰ ਮੁੜਕੇ ਟ੍ਰੇਨਿੰਗ ਦੇਣ ਪਿਛੋਂ ਕੰਮ ਉਪਰ ਲਾਉਣ ਲਈ ਦੋ ਸਾਲ ਦਾ ਅਰਸਾ ਮਿਥਿਆ ਗਿਆ। ਜਿਹੜੇ ਉਦਿਯੋਗਾਂ ਵਿਚੋਂ ਵਿਹਲੇ ਹੋਏ, ਉਹਨਾਂ ਨੂੰ ਹੀ, ਇਹਨਾਂ ਨੂੰ ਨਵੀਂ ਕੰਪਿਊਟਰਾਂਈਜ਼ ਤਕਨਾਲੋਜੀ ਦੀ ਟ੍ਰੇਨਿੰਗ ਦੇਣ ਦੀ ਜ਼ਿੰਮੇਵਾਰੀ ਸੀ। ਇੰਨੇ ਅਰਸੇ ਵਿੱਚ ਉਹਨਾਂ ਨੂੰ ਸਭ ਸਹੂਲਤਾਂ ਦੇਣ ਦੀ ਜ਼ੁੰਮੇਵਾਰੀ ਵੀ ਸੀ। ਇਸ ਤਰਾਂ ਪਹਿਲੇ ਕੁਝ ਅਰਸੇ ਵਿਚ ਹੀ ਛੇ ਕਰੋੜ ਲੋਕ ਟ੍ਰੇਨਿੰਗ ਲੈ ਕੇ ਮੁੜ ਉਤਪਾਦਨ ਵਿੱਚ ਜੁੱਟ ਗਏ। ਦੂਜੇ ਵਰ੍ਹੇ ਇਸ ਪਰਕਿਰਿਆ ਨੂੰ ਨੇਪਰੇ ਚਾੜ੍ਹਨ ਦੇ ਨੇੜੇ ਹਨ। ਕਿਸੇ ਹਾਲਤ ਵਿਚ ਇਹ ਯੋਜਨਾ ਤੀਜੇ ਸਾਲ ਤੱਕ ਵੀ ਜਾ ਸਕਦੀ ਸੀ ਉਸ ਲਈ ਵੀ ਇਹ ਪ੍ਰਬੰਧ ਸੀ। ਇਹ ਨਵੀਂ ਨ ਤਕਨਾਲੋਜੀ ਲਾਗੂ ਕਰਨ ਲਈ ਇਕ ਵਿਸਤਰਤ ਪਲੈਨ ਸੀ ਜੋ ਪੱਛਮੀ ਭਾਗ ਵਿੱਚ ਲੱਗਪੱਗ ਪੂਰਾ ਕਰ ਲਿਆ ਗਿਆ ਹੈ ਅਤੇ ਮਧ ਭਾਗ ਵਿਚੋਂ ਜ਼ੋਰਾਂ ਸ਼ੋਰਾਂ ਨਾਲ ਮੁਹਿੰਮ ਬਣਾ ਕੇ ਲਾਗੂ ਕੀਤਾ ਜਾ ਰਿਹਾ ਹੈ। ਜਿਸ ਲਈ ਬੜਾ ਵੱਡਾ ਉਤਸ਼ਾਹ ਦੇਖਣ ਵਿਚ ਆ ਰਿਹਾ ਹੈ।

ਦੂਜੀ ਸਮੱਸਿਆ ਭਰਿਸ਼ਟਾਚਾਰ ਦੀ ਸਾਹਮਣੇ ਆਈ ਹੈ। ਇਹ ਕੇਵਲ ਕਈ ਥਾਵਾਂ ਉਪਰ ਉੱਚ ਅਧਿਕਾਰੀਆਂ ਵਿੱਚ ਦੇਖਣ ਲਈ ਆਈ ਹੈ। ਇਸ ਪਾਸੇ ਸਰਕਾਰ ਅਤੇ ਲੋਕ ਵਿਸ਼ੇਸ਼ ਨਿਗਰਾਨੀ ਰੱਖ ਰਹੇ ਹਨ। ਸਿੱਟੇ ਵਜੋਂ ਸਖ਼ਤ ਸਜ਼ਾਵਾਂ, ਇਥੋਂ ਤੱਕ ਕਿ ਫਾਂਸੀ ਦੇਣ ਦੀਆਂ ਅਤੇ ਲੰਮੇ ਸਮੇਂ ਤੱਕ ਕੈਦ ਦੀਆਂ ਸਜ਼ਾਵਾ ਦਿੱਤੀਆਂ ਜਾ ਰਹੀਆਂ ਹਨ। ਇਥੇ ਸਾਡੇ ਦੇਸ਼ ਵਾਂਗ ਸਿਫਾਰਸ਼ ਜਾਂ ਰਿਸ਼ਵਤ ਕੰਮ ਨਹੀਂ ਕਰਦੀ। ਫਾਂਸੀ ਦੀ ਸਜ਼ਾ ਭੁਗਤਣ ਵਾਲਿਆਂ ਵਿੱਚ ਗਵਰਨਰ, ਮੰਤਰੀ ਤੱਕ ਸ਼ਾਮਲ ਹਨ।

ਤੀਜੀ ਸਮੱਸਿਆ, ਵੱਡੀ ਗਿਣਤੀ ਵਿੱਚ ਨੌਜੁਆਨ ਮੁੰਡੇ ਕੁੜੀਆਂ ਦੇ ਉੱਚੀ ਸਿੱਖਿਆ ਲੈਣ ਲਈ ਬਦੇਸ਼ਾਂ ਵਿਚ ਖਾਸ ਕਰਕੇ ਅਮਰੀਕਾ ਵਿੱਚ ਜਾਣ ਨਾਲ ਪੈਦਾ ਹੋਈ ਹੈ। ਇਹਨਾਂ ਸਿਖਿਆਰਥੀਆਂ ਉਪਰ ਸਰਕਾਰ ਕਰੋੜਾਂ ਡਾਲਰ ਖ਼ਰਚ ਕਰਦੀ ਹੈ। ਇਹਨਾਂ ਵਿਚੋਂ ਕਾਫੀ ਵਾਪਸ ਦੇਸ਼ ਨਹੀਂ ਪਰਤਦੇ, ਬਦੇਸ਼ਾਂ ਵਿੱਚ ਹੀ ਰਹਿ ਜਾਂਦੇ ਹਨ। ਇਸ ਦਾ ਇਲਾਜ ਨੌਜੁਆਨਾ ਵਿੱਚ ਦੇਸ਼ ਲਈ ਵਫਾਦਾਰੀ ਤੇ ਸਮਰਪਨ ਦੀ ਭਾਵਨਾ ਹੀ ਹੈ। ਫਿਰ ਵੀ ਅਜਿਹਾ ਹੋਣਾ ਕੁਦਰਤੀ ਹੈ।

(ੳ) ਨਵੀਂ ਤਕਨਾਲੋਜੀ ਦੇ ਲਾਗੂ ਹੋਣ ਦੇ ਨਾਲ ਸਮਾਜ ਦੇ ਸੱਭਿਆਚਾਰਿਕ ਰੂਪ ਦਾ ਬਦਲਨਾ ਰੋਕਿਆ ਨਹੀਂ ਜਾ ਸਕਦਾ। ਜਿਥੋਂ ਇਹ ਤਕਨਾਲੋਜੀ ਆਉਂਦੀ ਹੈ, ਉਥੇ ਹੀ ਇਹ ਨਾਲ ਆਪਣਾ ਸੱਭਿਆਚਾਰ ਵੀ ਲਿਆਉਂਦੀ ਹੈ। ਲੋਕ ਚੀਨ ਵਿਚੋਂ ਅਨੇਕਾਂ ਬਦੇਸ਼ੀ ਮਾਹਰ ਅਤੇ ਅਨੇਕਾਂ ਚੀਨੀ ਨੌਜੁਆਨ ਪੱਛਮੀ ਦੇਸ਼ਾਂ ਤੋਂ ਸਿਖਿਆ ਲੈ ਕੇ ਪਰਤਦੇ ਹਨ। ਇਹਨਾਂ ਦਾ ਪੱਛਮੀ ਪ੍ਰਭਾਵੰ ਨੂੰ ਕਬੂਲਣਾ ਕੁਦਰਤੀ ਹੈ। ਚੀਨ ਦੇ ਅੰਦਰ ਖ਼ਾਸ ਕਰਕੇ ਪੂਰਬੀ ਭਾਗ ਵਿੱਚ ਹਾਂਗ ਕਾਂਗ ਅਤੇ ਨਵੇਂ ਉਸਾਰੇ ਸੱਨਅਤੀ ਕੇਂਦਰਾ ਵਿੱਚ ਬਦੇਸ਼ੀਆਂ ਦੇ ਆਪ ਆਉਣ ਜਾਣ ਤੇ ਮੇਲ ਮਿਲਾਪ ਦਾ ਪ੍ਰਭਾਵ ਵੀ ਪੈਂਦਾ ਹੈ। ਫਿਰ ਮਿਊਜ਼ਕ ਦੇ ਸਾਜ਼ ਪੱਛਮੀ, ਪਹਿਰਾਵਾ, ਖਾਣ ਪੀਣ ਦੀਆਂ ਆਦਤਾ ਇਥੋਂ ਤੱਕ ਕਿ ਵਿਆਹ ਸ਼ਾਦੀਆਂ ਆਦਿ ਫਿਲਮਾਂ, ਪੁਸਤਕਾਂ ਆਦਿ ਦਾ ਪ੍ਰਭਾਵ ਰੋਕਿਆ ਨਹੀਂ।

ਲੋਕ ਚੀਨ ਦਾ ਸੱਭਿਆਚਾਰਕ ਮਾਮਲਿਆਂ ਵਾਲਾ ਵਿਭਾਗ ਇਸ ਸਮੱਸਿਆ ਤੋਂ ਭਲੀ ਭਾਂਤ ਜਾਣੂੰ ਹੈ। ਇਹ ਬਦੇਸ਼ੀ ਪੂੰਜੀਵਾਦੀ ਸੱਭਿਆਚਾਰਕ ਦੇ ਨਿਰੋਏ ਪੱਖਾਂ ਨੂੰ ਅਪਨਾਉਣ ਦੇ ਵਿਰੁੱਧ ਨਹੀਂ ਹੈ ਪ੍ਰੰਤੂ ਸਮਾਜਵਾਦੀ ਭਾਵਨਾ ਜੋ ਕਿ ਸਮੂਹਿਕ ਪਹਿਲ ਕਦਮੀ ਉਪਰ ਆਧਾਰਤ ਹੁੰਦੀ ਹੈ ਦੀ ਥਾਂ



ਵਿਅਕਤੀਗਤ ਰੁਚੀਆਂ ਨੂੰ, ਸਮਾਜਵਾਦੀ ਭਾਵਨਾਵਾਂ ਦੇ ਅਧੀਨ ਰਹਿਣ ਲਈ ਪਰਚਾਰ ਤੇ ਸਿਖਿਆ ਦੇ ਖੇਤਰ ਪੂਰੀ ਵਾਹ ਲਾਅ ਰਿਹਾ ਹੈ।

ਇਸ ਤਰਾਂ ਸੱਭਿਆਚਾਰ ਦੀ ਸਮੱਸਿਆ ਵੀ ਇਕ ਗੰਭੀਰ ਸਮੱਸਿਆ ਸਮਝੀ ਜਾ ਰਹੀ ਹੈ।

(ਅ) ਲੋਕ ਚੀਨ ਵਿੱਚ ਲੱਖਾਂ ਅਦਾਰੇ ਪਬਲਿਕ ਸੈਕਟਰ ਵਿੱਚ ਹਨ ਤੇ ਹੋਰ ਲੱਖਾਂ ਸਾਂਝੇ ਖੇਤਰ ਦੇ ਹਨ। ਅਤੇ ਹੋਰ ਅਨੇਕਾਂ ਪ੍ਰਾਈਵੇਟ ਖੇਤਰ ਵਿੱਚ ਹਨ ਜਿਨ੍ਹਾਂ ਦੀ ਗਿਣਤੀ ਭਾਵੇਂ ਨਿਗੂਣੀ ਹੈ ਪ੍ਰੰਤੂ ਉਹਨਾ ਦੀ ਜਾਇਦਾਦ ਦੀ ਮਾਲਕੀ ਫਿਰ ਵੀ ਕੌਮੀ ਹੀ ਹੈ। ਜਿਨ੍ਹਾਂ ਬਦੇਸ਼ੀ ਫਰਮਾਂ ਜਾਂ ਕੰਪਨੀਆਂ ਨਾਲ ਸਾਂਝ ਭਿਆਲੀ ਹੈ ਉਹ ਚੀਨ ਸਰਕਾਰ ਦੀਆਂ ਸ਼ਰਤਾਂ ਅਤੇ ਲੋੜਾਂ ਅਨੁਸਾਰ ਹੀ ਹੈ। ਬੇਸ਼ਕ ਉਹ ਸੌ ਫੀਸਦੀ ਜਾਂ ਪੰਜਾਹ ਫੀਸਦੀ ਬਦੇਸ਼ੀ ਮਾਲਕੀ ਦੇ ਹੀ ਹਨ। ਇਹਨਾਂ ਅਦਾਰਿਆਂ ਵਿੱਚ ਲੱਗੇ ਕਰੋੜਾਂ ਲੋਕਾਂ ਦੇ ਪਰਵਾਰਾਂ ਦਾ ਜੀਵਨ ਪੱਧਰ ਲਗਾਤਾਰ ਉੱਚਾ-ਉਠ ਰਿਹਾ ਹੈ। ਇਸ ਨਾਲ ਪੈਦਾ ਹੋਣ ਵਾਲੀ ਸਮੱਸਿਆ ਨਾਲ ਲੋਕਾਂ ਵਿੱਚ ਆਰਥਿਕ ਪਾੜਾ ਪੈਦਾ ਹੋ ਰਿਹਾ ਹੈ। ਪ੍ਰੰਤੂ ਇਸ ਨੂੰ ਕੰਟਰੋਲ ਵਿਚ ਰੱਖਣ ਲਈ 'ਪ੍ਰੋਗ੍ਰੇਸਿਵ ਟੈਕਸ' ਲਾਏ ਜਾ ਰਹੇ ਹਨ ਜਿਸ ਦਾ ਭਾਵ ਜਿੰਨੀ ਵੱਧ ਆਮਦਨ ਉਸੇ ਵੱਧ ਟੈਕਸ ਫਿਰ ਵੀ ਫਰਕ ਭਾਵੇਂ ਮੇਟਿਆ ਨਹੀਂ ਜਾ ਸਕਦਾ। ਚੀਨ ਦੀ ਕਮਿਊਨਿਸਟ ਪਾਰਟੀ ਦਾ ਕਹਿਣਾ ਹੈ ਕਿ ਇਹ ਅਮੀਰ ਹੋ ਰਹੇ ਲੋਕ ਅਮੀਰ ਜ਼ਰੂਰ ਹਨ। ਇਹਨਾਂ ਦੀ ਅਮੀਰੀ ਵਿਅਕਤੀਗਤ ਕਿਸਮ ਦੀ ਹੈ। ਇਹਨਾਂ ਨੂੰ ਇਕ ਜਮਾਤ ਵਜੋਂ ਉਭਰਨ ਨਹੀਂ ਦਿੱਤਾ ਜਾ ਰਿਹਾ। ਫਿਰ ਵੀ ਇਹ ਚਿੰਤਾਵਾਲੀ ਗੱਲ ਹੈ ਜੋ ਪਾਰਟੀ ਦਾ ਵਿਸ਼ੇਸ਼ ਧਿਆਨ ਮੰਗਦੀ ਹੈ।

ਇਸ ਸਾਰੀ ਮਿਲੀ ਜੁਲੀ ਆਰਥਿਕਤਾ ਨੂੰ ਸਮਾਜਵਾਦੀ ਮੰਡੀ ਆਰਥਿਕਤਾ ਦਾ ਨਾਂ ਦਿੱਤਾ ਗਿਆ ਹੈ ਕਿਉਂਕਿ ਸਮੁੱਚੀ ਕੌਮੀ ਆਰਥਿਕਤਾ ਦਾ ਆਧਾਰ ਪਬਲਿਕ ਸੈਕਟਰ ਹੀ ਹੈ। ਪ੍ਰਾਈਵੇਟ ਸੈਕਟਰ ਆਰਥਿਕਤਾ ਦੇ 14 ਫੀਸਦੀ ਹਿੱਸੇ ਲਗਪਗ ਹੈ। ਫਿਰ ਵੀ ਇਸ ਸਮੇਂ ਦੇ ਮਧਵਰਗੀ ਪਰਵਾਰਾਂ ਦੇ ਪੱਧਰ ਉਪਰ ਚੀਨ ਦੇ ਹਰ ਇਕ ਪਰਵਾਰ ਦ ਜੀਵਨ ਨੂੰ ਉੱਚਾ ਕਰਨ ਦਾ ਟੀਚਾ ਪਾਰਟੀ ਦੇ ਸਾਹਮਣੇ ਹੈ।

ਉਪ੍ਰੋਕਤ ਸਮੱਸਿਆਵਾਂ ਨਾਲ ਨੱਜਿਠਣ ਲਈ ਪਾਰਟੀ ਨੇ ਇਕ ਵਿਸਰਤ ਪ੍ਰੋਗਰਾਮ ਬਣਾਇਆ ਹੈ। ਜਿਸ ਅਨੁਸਾਰ ਮਾਰਕਸਵਾਦੀ ਵਿਚਾਰ ਧਾਰਾ ਦਾ ਅਧਿਐਨ ਸਮਾਜਵਾਦੀ ਸਦਾਚਾਰ ਅਤੇ ਸਵੈ ਅਲੋਚਨਾ ਤੇ ਸਵੈ ਅਧਿਅਨ ਦੇ ਸਕੂਲਾਂ ਦਾ ਗਠਣ ਕੀਤਾ ਗਿਆ ਹੈ ਜਿਨ੍ਹਾਂ ਵਿੱਚ ਪਾਰਟੀ ਦੀ ਪੋਲਿਟ ਬਿਊਰੋ, ਸੈਂਟਰਲ ਕਮੇਟੀ, ਸਰਕਾਰ ਦੇ ਸਾਰਿਆਂ ਪੱਧਰਾਂ ਦੇ ਮੰਤਰੀ, ਗਵਰਨਰ, ਉਚ ਅਧਿਕਾਰੀ ਆਦਿ ਸਿਖਿਆ ਪ੍ਰਾਪਤੀ ਲਈ ਹਿੱਸਾ ਲੈ ਰਹੇ ਹਨ। ਇਹ ਅਸਲ ਪਾਰਟੀ ਦੇ ਛੇ ਕਰੋੜ ਮੈਂਬਰਾਂ ਲਈ ਸਮਾਂ ਬੱਧ ਹੈ, ਜੋ ਜਾਰੀ ਰਹੇ ਗਾ। ਪਹਿਲਾ ਗੇੜ ਲਗਪਗ ਪੂਰਾ ਹੋ ਗਿਆ ਹੈ। ਅਗਲੇ ਦੌਰ ਲਗਾਤਾਰ ਜਾਰੀ ਰਹਿਣਗੇ।

ਸਮਾਜਵਾਦ ਦੀ ਉਸਾਰੀ ਅਤੇ ਰੱਖਿਆ ਦੇ ਲਈ ਵਿਚਾਰਧਾਰਿਕ ਸਿੱਖਿਆ, ਅਨੁਸ਼ਾਸਨ ਪ੍ਰਤੀਬੱਧਤਾ ਜ਼ਰੂਰੀ ਹੈ। ਇਸਨੂੰ ਮਨੁਖੀ ਚੇਤਨਾ ਦੇ ਵਿਕਾਸ ਦੀ ਉੱਚੀ ਅਵਸਥਾ ਕਿਹਾ ਜਾ ਸਕਦਾ ਹੈ। ਜਿਸ ਦੇ ਅਨੁਸਾਰ ਕਿ ਸਹੀ ਅਰਥਾਂ ਵਿੱਚ ਨਵੇਂ ਮਨੁਖ ਦੀ ਸਿਰਜਣਾ ਹੋ ਸਕੇ ਤੇ ਮਨੁੱਖ ਦੀ ਲੁੱਟ ਦੀ ਸਮਾਪਤੀ ਵਾਲਾ ਸਮਾਜ ਸਿਰਜਿਆ ਜਾ ਸਕੇ। ਲੋਕ ਚੀਨ ਦਾ ਇਸ ਦਿਸ਼ਾ ਵੱਲ ਵਧ ਰਿਹਾ, ਹਰ ਕਦਮ, ਸੰਸਾਰ ਭਰ ਦੇ ਲੋਕਾਂ ਨੂੰ ਅੱਗੇ ਤੋਰਨ ਲਈ, ਇਕ ਨਮੂਨੇ ਵਜੋਂ ਸਾਹਮਣੇ ਆਵੇਗਾ।

ਇਸ ਦੇ ਲਈ ਕੇਵਲ ਸ਼ੁਭ ਇਛਾਵਾਂ ਤੇ ਆਦਰਸ਼ਵਾਦੀ ਭਾਵਨਾਵਾਂ ਦੀ ਥਾਂ ਸੰਘਰਸ਼ ਹੀ ਇਕੋ ਇਕ ਰਾਹ ਹੈ। ਇਹਨਾਂ ਸੰਘਰਸ਼ਾਂ ਦੁਆਰਾ ਹੀ ਲੋਕ ਚੀਨ ਇਸ ਸਮਾਜਵਾਦ ਦੀ ਸਥਾਪਤੀ ਵੱਲ ਅੱਗੇ ਵਧਣ ਦੇ ਯੋਗ ਹੋ ਸਕਿਆ ਹੈ। ਅਜੋਕਾ ਸਮਾਂ ਵੱਡੀਆਂ ਵੰਗਾਰਾਂ ਦਾ ਸਮਾਂ ਹੈ। ਇਸ ਸਮੇਂ ਨਿਜੀ ਸਵਾਰਥਾਂ, ਗੌਣ ਮਨੋਭਾਵਨਾਵਾਂ ਨੂੰ ਤਿਆਗਣ ਦਾ ਅਤੇ ਇਕ ਸੈਨਾਂ ਵਾਂਗ ਅਨੁਸ਼ਾਸਨਬਾਦ ਹੋ ਕੇ ਅੱਗੇ ਵਧਣ ਦਾ ਸਮਾਂ ਹੈ। ❑

## ਪੱਥਰ ਦੇ ਫੁੱਲ ਲੱਭਦੀ ਕੁੜੀ/*ਲੀ ਡਯਾਔਯਾ*

ਉਹ ਕੀ ਲੱਭ ਰਹੀ ਸੀ ?

ਸੂਰਜ ਡੁੱਬਣ ਦਾ ਵੇਲਾ। ਦੂਰ ਬੜੀ ਦੂਰ, ਨਦੀ ਦੇ ਵੱਡੇ ਕੰਢੇ ਤੇ ਇਕ ਕੁੜੀ ਕਿਸੇ ਨਿੱਕੇ ਜਿਹੇ ਸਾਰਸ ਵਾਂਗ ਭਟਕ ਰਹੀ ਸੀ। ਇਕ ਦੋ ਘੰਟਿਆਂ ਤੋਂ ਉਹ ਕਦੇ ਪੱਥਰਾਂ ਦੇ ਢੇਰ ਤੋਂ ਝੁਕ ਕੇ ਤੇ ਕਦੀ ਹੌਲੀ ਹੌਲੀ ਖਲੋ ਕੇ ਇਧਰ-ਉਧਰ ਕਿਸੇ ਚੀਜ਼ ਦੀ ਭਾਲ ਵਿਚ ਲਗ ਜਾਂਦੀ ਸੀ।

ਇਹ ਲੜਕੀ ਕਿਸ ਘਰ ਦੀ ਹੈ ? ਕਸਬੇ ਤੋਂ ਅੱਧਾ ਕਿਲੋਮੀਟਰ ਦੂਰ ਇਸ ਉਜਾੜ ਕੰਢੇ ਤੇ ਕਿਉਂ ਆਉਂਦੀ ਹੈ ? ਇਸ ਦਾ ਕੀ ਗੁੰਮ ਗਿਆ ਹੈ ?

ਮੈਂ ਮੱਛੀ ਪਕੜਨ ਵਾਲੀ ਸੋਟੀ ਨੂੰ ਨਦੀ ਦੇ ਕੰਢੇ ਰੱਖ ਕੇ ਉਸ ਵੱਲ ਗਿਆ। ਉਸਨੇ ਮੇਰੀ ਪੈੜ ਚਾਲ ਸੁਣ ਕੇ ਫੌਰਨ ਸਿਰ ਉਪਰ ਚੁੱਕ ਮੈਨੂੰ ਦੇਖਿਆ।

ਕੁੜੀ ਦੀ ਉਮਰ ਕਰੀਬ ਅੱਠ ਸਾਲ ਦੀ ਸੀ। ਉਹ ਬਹੁਤ ਸੁਹਣੀ ਸੀ। ਉਸ ਦੀਆਂ ਦੋ ਵੱਡੀਆਂ-ਵੱਡੀਆਂ ਕਾਲੀਆਂ ਅੱਖਾਂ ਸੀ। ਪਰ ਉਸਦੇ ਚਿਹਰੇ ਤੇ ਉਦਾਸੀ ਛਾਈ ਹੋਈ ਸੀ। ਉਸ ਦੀ ਚਿੱਟੀ ਫਰਾਕ ਤੇ ਕੁਝ ਗੰਦੇ ਧੱਬੇ ਸਨ। ਉਸ ਦੀ ਚੋਟੀ ਢਿੱਲੇ, ਤਿਤਲੀ ਵਰਗੇ ਫੀਤੇ ਨਾਲ ਬੰਨ੍ਹੀ ਹੋਈ ਸੀ। ਜਿਸਨੂੰ ਦੇਖਕੇ ਸਾਫ ਲੱਗਦਾ ਸੀ ਕਿ ਇਹ ਫੀਤਾ ਉਸਨੇ ਖੁਦ ਹੀ ਬੰਨ੍ਹਿਆ ਸੀ।

ਇਹ ਦੇਖ ਕੇ ਉਹ ਚੇਤੰਨ ਅੱਖਾਂ ਨਾਲ ਮੈਨੂੰ ਵੇਖ ਰਹੀ ਹੈ, ਮੈਂ ਬੜੀ ਨਾਜ਼ਕ ਅਵਾਜ਼ ਵਿਚ ਉਸ ਤੋਂ ਪੁੱਛਿਆ, 'ਛੋਟੀ ਭੈਣ, ਤੂੰ ਕੀ ਲੱਭ ਰਹੀ ਹੈ ?'

ਉਹ ਆਪਣੀਆਂ ਅੱਖਾਂ ਬੰਦ ਕਰੀ ਇਕ ਪੱਥਰ ਨੂੰ ਹੱਥ ਵਿਚ ਉਲਟ-ਪੁਲਟ ਰਹੀ ਸੀ।

ਮੈਂ ਕਿਹਾ, 'ਕੀ ਮੈਂ ਤੇਰੀ ਕੋਈ ਮਦਦ ਕਰ ਸਕਦਾ ਹਾਂ ?'

ਬੜੀ ਦੇਰ ਬਾਦ ਉਸ ਨੇ ਆਪਣੀ ਚੁੱਪੀ ਤੋੜੀ, 'ਮੈਂ ਪੱਥਰ ਦੇ ਫੁੱਲ ਲੱਭ ਰਹੀ ਹਾਂ।'

'ਪੱਥਰ ਦੇ ਫੁੱਲ।'

'ਜੀ ਹਾਂ, ਪੱਥਰਾਂ ਵਿਚੋਂ ਨਿਕਲੇ ਫੁੱਲ।'

ਇਹ ਸੁਣ ਕੇ ਮੈਨੂੰ ਬੜਾ ਗੁੱਸਾ ਆਇਆ। ਜ਼ਰੂਰ ਕਿਸੇ ਨੇ ਇਸ ਕੁੜੀ ਨੂੰ ਧੋਖਾ ਦਿੱਤਾ ਹੈ। ਕੀ ਪੱਥਰਾਂ ਤੋਂ ਵੀ ਫੁੱਲ ਨਿਕਲਦੇ ਹਨ ?

'ਤੈਨੂੰ ਇਸ ਫੁੱਲ ਬਾਰੇ ਕਿਸਨੇ ਦੱਸ ਪਾਈ ਹੈ ?'

ਉਹ ਖਾਮੋਸ਼ ਨਦੀ ਦੇ ਲਹਿਰਦਾਰ ਪਾਣੀ ਨੂੰ ਤੱਕਦੀ ਰਹੀ।

'ਇਹ ਸ਼ਰੇਆਮ ਧੋਖਾ ਹੈ, ਛੋਟੀ ਭੈਣ।'

'ਨਹੀਂ, ਅੰਮਾਂ ਨੇ ਦੱਸਿਆ ਹੈ ?' ਉਸਨੇ ਹੌਲੀ ਜਿਹੀ ਕਿਹਾ।

ਅੰਮਾਂ ? ਕੀ ਉਸਦੀ ਮਾਂ ਵੀ ...... ਮੈਂ ਹੈਰਾਨੀ 'ਚ ਡੁੱਬ ਗਿਆ।

ਥੋੜੀ ਦੇਰ ਬਾਅਦ ਉਸਨੇ ਸਾਰੀ ਗੱਲ ਦੱਸੀ। ਉਸਦੇ ਮਾਂ-ਪਿਉ ਵਿਚ ਹਰ ਰੋਜ਼ ਝਗੜਾ ਹੁੰਦਾ ਸੀ, ਕਦੇ-ਕਦੇ ਮਾਰ ਕੁਟਾਈ ਵੀ ਹੋ ਜਾਂਦੀ ਸੀ। ਚਾਚਿਆਂ ਅਤੇ ਮਾਮਿਆਂ ਨੇ ਇਹ ਵੇਖ ਕੇ ਉਨ੍ਹਾਂ ਦੋਹਾਂ ਦੇ ਝਗੜੇ ਖਤਮ ਕਰਾਉਣ ਲਈ ਕਈ ਵੇਰ ਗੱਲ ਕੀਤੀ। ਪਰ ਹਰ ਵਾਰ ਉਸ ਦੀ ਮਾਂ ਕਹਿੰਦੀ 'ਜਦੋਂ ਪੱਥਰਾਂ 'ਚੋਂ ਫੁੱਲ ਨਿਕਲ ਆਉਣਗੇ ਅਤੇ ਘੋੜਿਆਂ ਦੇ ਸਿਰਾਂ ਤੇ ਸਿੰਗ ਉੱਗ ਜਾਣਗੇ ਤੇ ਸਾਡੇ ਦੋਹਾਂ ਦੇ ਵਿਚ ਦਾ ਝਗੜਾ ਖਤਮ ਹੋ ਜਾਵੇਗਾ। ਇਹ ਸੁਣ ਕੇ ਮੈਨੂੰ ਬੜੀ ਹੈਰਾਨੀ ਹੋਈ।

ਮੈਂ ਕਈ ਦਿਨਾਂ ਤੋਂ ਇਥੇ ਪੱਥਰ ਦੇ ਫੁੱਲ ਲੱਭ ਰਹੀ ਹਾਂ, ਪਰ ਮੈਨੂੰ ਇਕ ਵੀ ਨਹੀਂ ਮਿਲਿਆ।

ਉਸ ਦੇ ਨਾਜ਼ਕ ਚਿਹਰੇ ਤੇ ਉਦਾਸੀ ਵਧ ਗਈ ਸੀ। ਅਚਾਨਕ ਉਸਨੇ ਮੈਨੂੰ ਪੁੱਛਿਆ 'ਚਾਚਾ ਜੀ ਕੀ ਤੁਸੀਂ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਸਾਡੇ ਕਸਬੇ 'ਚ ਆਏ ਹੋ ? ਕੀ ਤੁਹਾਡੇ ਵੱਲ ਪੱਥਰ ਦੇ ਫੁੱਲ ਹੁੰਦੇ ਹਨ ? ਉਸ ਦੀਆਂ ਚਿੰਤਾ ਭਰੀਆਂ ਅੱਖਾਂ ਵਿਚ ਉਮੀਦ ਦੀ ਰੋਸ਼ਨੀ ਚਮਕ ਰਹੀ ਸੀ।

ਉਨ੍ਹਾਂ ਅੱਖਾਂ ਨੂੰ ਦੇਖ ਕੇ ਮੈਨੂੰ ਬੜਾ ਦੁੱਖ ਹੋਇਆ, ਪਰ ਮੇਰੇ ਕੋਲ ਉਸ ਦੇ ਸਵਾਲ ਦਾ ਜੁਆਬ ਨਹੀਂ ਸੀ। ❑





## ਬੰਦੂਕ/*ਕੁਓ ਮੋ ਜੋ*

ਇਕ ਆਦਮੀ ਬ੍ਰਿਛ ਹੇਠਾਂ ਬੈਠਾ ਆਪਣੀਆਂ ਭੇਡਾਂ ਨੂੰ ਦੇਖ ਰਿਹਾ ਸੀ। ਉਸਦੇ ਮੂੰਹ ਵਿਚ ਪਾਈਪ ਸੀ ਤੇ ਮੋਢੇ ਤੇ ਬੰਦੂਕ।

ਆਪਣੀ ਗਾਂ ਨੂੰ ਚਰਾ ਰਿਹਾ ਇਕ ਆਦਮੀ ਉਸ ਕੋਲ ਆਇਆ ਤੇ ਬ੍ਰਿਛ ਹੇਠ ਅਰਾਮ ਕਰਨ ਲਈ ਬੈਠ ਗਿਆ। ਉਸ ਦੇ ਹੱਥ ਵਿਚ ਬਾਂਸ ਦਾ ਹੰਟਰ ਸੀ। ਆਜੜੀ ਨੇ ਪੁੱਛਿਆ 'ਇਸ ਹੰਟਰ ਨਾਲ ਕੀ ਤੁਸੀਂ ਆਪਣੀ ਗਾਂ ਨੂੰ ਮਾਰਦੇ ਹੋ ? ਤੁਹਾਨੂੰ ਇਹ ਹਿੰਸਾ ਨਹੀਂ ਕਰਨੀ ਚਾਹੀਦੀ।'

ਇਸ 'ਤੇ ਗਾਂ ਚਰਾਉਣ ਵਾਲੇ ਨੇ ਕਿਹਾ, ਤੁਸੀਂ ਇਹ ਬੰਦੂਕ ਕਿਉਂ ਰੱਖੀ ਹੈ ?'

'ਇਸ ਲਈ ਕਿ ਕਿਤੇ ਚੋਰ ਆ ਕੇ ਮੇਰੀਆਂ ਭੇਡਾਂ ਨੂੰ ਖੋਹ ਕੇ ਨਾ ਲੈ ਜਾਵੇ, ਪਰ ਚੰਗਾ ਹੋਵੇ, ਜੇਕਰ ਮੈਂ ਇਸ ਨੂੰ ਨਾ ਹੀ ਰੱਖਾਂ।'

ਅਤੇ ਉਸਨੇ ਆਪਣੇ ਮੋਢੇ ਤੋਂ ਬੰਦੂਕ ਉਤਾਰ ਕੇ ਇਕ ਪਾਸੇ ਰੱਖ ਦਿੱਤੀ। ਗਾਂ ਵਾਲਾ ਬੰਦੂਕ ਚੁੱਕ ਕੇ ਦੇਖਣ ਲੱਗਾ। ਉਸੇ ਸਮੇਂ ਉਥੇ ਇਕ ਸ਼ੇਰ ਦਿਖਾਈ ਦਿੱਤਾ। ਆਜੜੀ ਡਰਦਾ ਬ੍ਰਿਛ ਤੇ ਚੜ੍ਹ ਗਿਆ।

ਗਾਂ ਵਾਲੇ ਨੇ ਬੰਦੂਕ ਨਾਲ ਸ਼ੇਰ ਦਾ ਨਿਸ਼ਾਨਾ ਲਾਇਆ। ਆਜੜੀ ਹੋਰ ਡਰਿਆ ਤੇ ਬ੍ਰਿਛ ਉੱਤੋਂ ਹੀ ਚੀਕਿਆ, 'ਬੰਦੂਕ ਨਾ ਚਲਾਉਣਾ, ਸ਼ੇਰ ਆਦਮੀਆਂ ਨੂੰ ਖਾ ਜਾਂਦਾ ਹੈ।'

ਪ੍ਰੰਤੂ ਗਾਂ ਵਾਲੇ ਨੇ ਆਪਣਾ ਨਿਸ਼ਾਨਾ ਹੋਰ ਠੀਕ ਕੀਤਾ। ਆਜੜੀ ਹੋਰ ਡਰਿਆ, ਪਰ ਗਾਂ ਵਾਲੇ ਨੇ ਗੋਲੀ ਚਲਾ ਦਿੱਤੀ। ਜਿਹੜੀ ਸ਼ੇਰ ਦੇ ਠੀਕ ਸਿਰ ਵਿਚ ਜਾ ਕੇ ਲੱਗੀ। ਸ਼ੇਰ ਡਿੱਗ ਪਿਆ ਤੇ ਮਰ ਗਿਆ।

ਆਜੜੀ ਬ੍ਰਿਛ ਤੋਂ ਹੇਠਾਂ ਉਤਰਿਆ ਅਤੇ ਸ਼ਿਕਾਇਤੀ ਲਹਿਜੇ ਵਿਚ ਗਾਂ ਵਾਲੇ ਨੂੰ ਬੋਲਿਆ, 'ਤੁਸੀਂ ਮੇਰੇ ਕਹਿਣ ਦੀ ਕੋਈ ਪ੍ਰਵਾਹ ਨਹੀਂ ਕੀਤੀ, ਬਿਨਾਂ ਕਾਰਨ ਹੀ ਗੋਲੀ ਕਿਉਂ ਚਲਾ ਦਿੱਤੀ ?'

'ਜੇਕਰ ਗੋਲੀ ਨਾ ਚਲਾਉਂਦਾ ਤਾਂ ਸ਼ੇਰ ਮੈਨੂੰ ਖਾ ਜਾਂਦਾ।'

'ਜ਼ਰੂਰੀ ਨਹੀਂ ਹੈ, ਬਹੁਤਾ ਕਰਦਾ ਤਾਂ ਉਹ ਕਿਸੇ ਭੇਡ ਨੂੰ ਚੁੱਕ ਕੇ ਭੱਜ ਜਾਂਦਾ। ਕੁਦਰਤੀ ਤੁਹਾਡਾ ਨਿਸ਼ਾਨਾ ਠੀਕ ਲੱਗ ਗਿਆ, ਨਹੀਂ ਤਾਂ ਸ਼ੇਰ ਤੁਹਾਨੂੰ ਖਾ ਗਿਆ ਹੁੰਦਾ।'

ਆਜੜੀ ਨੇ ਉਸ ਤੋਂ ਆਪਣੀ ਬੰਦੂਕ ਲਈ। ਉਸ ਵਿਚ ਗੋਲੀ ਭਰੀ ਅਤੇ ਫਿਰ ਉਸਦਾ ਨਿਸ਼ਾਨਾ ਬੰਨ੍ਹਦੇ ਹੋਏ ਕਿਹਾ, 'ਮੈਨੂੰ ਤੁਹਾਡੀ ਗਾਂ ਚਾਹੀਦੀ ਹੈ ਤਾਂ ਜੋ ਮੈਂ ਸ਼ੇਰ ਨੂੰ ਲੱਦ ਕੇ ਘਰ ਲੈ ਜਾ ਸਕਾਂ।'

'ਪਰ ਸ਼ੇਰ ਤਾਂ ਮੈਂ ਮਾਰਿਆ ਹੈ, ਤੁਸੀਂ ਇਸ ਨੂੰ ਕਿਵੇਂ ਲੈ ਜਾ ਸਕਦੇ ਹੋ ?'

'ਤੁਸੀਂ ਇਸ ਨੂੰ ਮੇਰੀ ਬੰਦੂਕ ਨਾਲ ਮਾਰਿਆ ਹੈ ਅਤੇ ਦੇਖੋ ਜੇਕਰ ਰੌਲਾ ਰੱਪਾ ਪਾਇਆ ਤਾਂ ਮੈਂ ਤੁਹਾਨੂੰ ਗੋਲੀ ਮਾਰ ਦਿਆਂਗਾ।

—*ਦੀਪਤੀ*

## ਇਕ ਰਾਇ/ਲੂ-ਸ਼ੂਨ

ਸੁਪਨ ਲੋਕ ਦੇ ਕਿਸੇ ਸਕੂਲ ਵਿਚ ਬੈਠਾ ਮੈਂ ਇਕ ਲੇਖ ਲਿਖ ਰਿਹਾ ਹਾਂ ਅਤੇ ਅਧਿਆਪਕ ਤੋਂ ਪੁੱਛ ਵੀ ਰਿਹਾ ਹਾਂ ਕਿ ਰਾਇ ਕਿਸ ਤਰ੍ਹਾਂ ਜ਼ਾਹਿਰ ਕੀਤੀ ਜਾਂਦੀ ਹੈ।

'ਇਹ ਬਹੁਤ ਮੁਸ਼ਕਿਲ ਹੈ' ਉਹ ਐਨਕਾਂ ਵਿਚ ਦੀ ਮੈਨੂੰ ਘੂਰਦਾ ਹੋਇਆ ਕਹਿ ਰਿਹਾ ਹੈ। 'ਸੁਣੋ, ਮੈਂ ਤੁਹਾਨੂੰ ਇਕ ਕਹਾਣੀ ਸੁਣਾਉਂਦਾ ਹਾਂ।'

ਅਧਿਆਪਕ ਕਹਿਣ ਲੱਗਾ, 'ਜਦੋਂ ਕਿਸੇ ਪਰਿਵਾਰ ਵਿਚ ਕੋਈ ਲੜਕਾ ਜਨਮ ਲੈਂਦਾ ਹੈ ਤਾਂ ਸਾਰਾ ਘਰ ਖੁਸ਼ੀ ਵਿਚ ਨੱਚ ਉਠਦਾ ਹੈ। ਜਦੋਂ ਲੜਕਾ ਇਕ ਮਹੀਨੇ ਦਾ ਹੋ ਜਾਂਦਾ ਹੈ ਦੁਆਵਾਂ ਲੈਣ ਦੀ ਖਾਹਿਸ਼ ਨਾਲ ਘਰ ਵਾਲੇ ਮਹਿਮਾਨਾਂ ਨੂੰ ਸੱਦਾ ਦਿੰਦੇ ਹਨ। ਇਕ ਕਹਿੰਦਾ ਹੈ, ਲੜਕਾ ਵੱਡਾ ਹੋ ਕੇ ਅਮੀਰ ਆਦਮੀ ਬਣੂੰਗਾ। ਇਹ ਸੁਣ ਕੇ ਮਹਿਮਾਨ ਦਾ ਤਹਿ ਦਿਲੋਂ ਸ਼ੁਕਰੀਆ ਅਦਾ ਕੀਤਾ ਜਾਂਦਾ ਹੈ।

ਦੂਜਾ ਕਹਿੰਦਾ ਹੈ, 'ਬੱਚਾ ਮਰ ਜਾਵੇਗਾ' ਤੁਰੰਤ ਸਾਰਾ ਪਰਿਵਾਰ ਇਕੱਠਾ ਹੋ ਕੇ ਉਸ ਮਹਿਮਾਨ ਨੂੰ ਕੁੱਟਣ ਲੱਗ ਪੈਂਦਾ ਹੈ।

ਲੜਕੇ ਦੀ ਮੌਤ ਹੋਵੇਗੀ, ਇਹ ਨਿਸ਼ਚਿਤ ਹੈ, ਜਦੋਂ ਕਿ ਇਹ ਕਹਿਣਾ ਕਿ ਉਹ ਅਮੀਰ ਆਦਮੀ ਬਣੇਗਾ ਜਾਂ ਅਫਸਰ ਬਣੇਗਾ ਝੂਠ ਵੀ ਹੋ ਸਕਦਾ ਹੈ। ਫਿਰ ਵੀ ਝੂਠ ਨੂੰ ਹੀ ਇਨਾਮ ਦਿੱਤਾ ਜਾਂਦਾ ਹੈ।

ਮੈਂ ਬੋਲਿਆ 'ਸ੍ਰੀਮਾਨ ਜੀ, ਮੈਂ ਨਾਂ ਤਾਂ ਝੂਠ ਬੋਲਣਾ ਚਾਹੁੰਦਾ ਹਾਂ ਅਤੇ ਨਾ ਹੀ ਕੁੱਟ ਹੀ ਖਾਣੀ ਚਾਹੁੰਦਾ ਹਾਂ, ਅਜਿਹੀ ਸੂਰਤ ਵਿਚ ਮੈਨੂੰ ਕੀ ਕਰਨਾ ਚਾਹੀਦਾ ਹੈ ?'

ਅਧਿਆਪਕ ਨੇ ਰਾਇ ਦਿੱਤੀ। ਇਸ ਹਾਲਤ ਵਿਚ ਬੱਸ ਇਹ ਕਹੋ 'ਆ ਹਾ .... ਵਾਹ..... ਵਾਹ..... ਜ਼ਰਾ ਇਸ ਲੜਕੇ ਨੂੰ ਦੇਖੋ..... ਕੀ ਕਹਿਣੇ.... ਵਾਹ.... ਔ.... ਹ..... ਬੱਸ ...... ਵਾਹ...... ਵਾਹ......।

ਅਨੁਵਾਦ :-ਡਾ. ਸ਼ਿਆਮ ਸੁੰਦਰ ਦੀਪਤੀ

❑

## ਸੰਪਰਕ/*ਜ਼ੈਗ ਕੋ ਜੀਆ*

ਬੜੀ ਦੇਰ ਰੋਗ ਦਾ ਨੂੜਿਆ
ਮੈਂ ਆਪਣੀਆਂ ਉਂਗਲ਼ਾਂ ਨਾਲ ਦਿਨ ਗਿਣਦਾ ਰਿਹਾ
ਦਿਨ ਦੇ ਚਾਨਣ ਦੀਆਂ ਪੈੜਾਂ ਉੱਤੇ ਤੁਰ ਕੇ
ਰਾਤ ਆਉਂਦੀ ਸੀ।
ਛੱਡ ਇੱਕ ਪੁਸਤਕ ਦਾ ਵਰਕਾ
ਜਿਸ ਨੂੰ ਪੜ੍ਹ ਪੜ੍ਹ ਕੇ ਮੈਂ ਮੱਤ ਗਿਆ ਸੀ
ਨਿੱਕਾ ਕਮਰਾ ਹੀ ਮੇਰਾ ਕੁੱਲ ਸੰਸਾਰ ਸੀ
ਪਰ ਮੈਂ ਬਾਹਰਲੇ ਖੋਲ ਦੇ ਸੰਸਾਰ ਤੋਂ
ਕੱਟਿਆ ਹੋਇਆ ਨਹੀਂ ਸੀ
ਮੇਰੇ ਕੰਨਾਂ ਨਾਲ ਲੱਗੀ ਰੇਡੀਓ ਦੀ ਤਾਰ
ਮੇਰੇ ਦਿਲ ਦੇ ਸੰਪਰਕ ਨੂੰ
ਬਾਹਰ ਨਾਲ ਜੋੜੀ ਰੱਖਦੀ ਸੀ ❑





## ਲੋਕ ਚੀਨ ਦੀ ਕਵਿਤਾ ਦਾ ਅਨੁਵਾਦ

ਭਾਰਤ ਵਾਂਗ ਲੋਕ ਚੀਨ ਵੀ ਇਕ ਮਹਾਨ ਦੇਸ਼ ਹੈ, ਜਿਸ ਦਾ ਸਾਂਸਕ੍ਰਿਤਕ ਇਤਿਹਾਸ ਪੁਰਾਣਾ ਵੀ ਹੈ ਤੇ ਅਮੀਰ ਹੈ। ਚੀਨ ਸਾਡਾ ਗਵਾਂਢੀ ਹੈ, ਜਿਸਦੀ ਹਜ਼ਾਰਾਂ ਮੀਲ ਲੰਮੀ ਸੀਮਾ ਸਾਡੇ ਦੇਸ਼ ਨਾਲ ਲਗਦੀ ਹੈ। ਫੇਰ ਵੀ ਚੀਨ ਦੀ ਸਾਂਸਕ੍ਰਿਤਕ ਤੇ ਸਾਹਿਤਕ ਪਰਪੰਰਾ ਬਾਰੇ ਸਾਡਾ ਗਿਆਨ ਬਹੁਤ ਅਧੂਰਾ ਹੈ। ਸਾਡੇ ਬੁਧੀਜੀਵੀ ਅੰਗਰੇਜ਼ੀ ਵਿਦਿਆਂ ਦੀ ਪ੍ਰਾਪਤੀ ਕਾਰਨ, ਯੂਰਪ ਦੇ ਸਾਹਿਤ ਤੇ ਸਭਿਆਚਾਰ ਬਾਰੇ, ਚੀਨ ਦੇ ਸਾਹਿਤ ਤੇ ਸਭਿਆਚਾਰ ਨਾਲੋਂ, ਵਧੇਰੇ ਜਾਣਕਾਰੀ ਰਖਦੇ ਹਨ। ਚੀਨ ਦੀ ਦੀਵਾਰ, ਅਜੇ ਵੀ ਸਾਡੀ ਸੰਪੂਰਨ ਜਾਣਕਾਰੀ ਦੇ ਦਰਮਿਆਨ ਖੜੀ ਹੈ।

ਇਸ ਦੀਵਾਰ ਨੂੰ ਰਾਜਨੀਤੀ ਤੇ ਇਤਿਹਾਸ ਦੇ ਖੇਤਰ ਵਿਚ, ਐਡਗਰ ਸਨੋਅ ਨੇ ਤੋੜਿਆ ਹੈ ਤੇ ਕਵਿਤਾ ਦੇ ਖੇਤਰ ਵਿਚ, ਸੀਮਤ ਹੱਦ ਤਕ ਰਵੀ ਅਲੀ ਨੇ। ਏਸ਼ੀਆ ਤੇ ਯੂਰਪ ਦੇ ਸਾਹਿਤ ਤੇ ਰਾਜਨੀਤੀ ਸ਼ਾਸਤਰ ਦੇ ਪ੍ਰੇਮੀ ਇਹਨਾਂ ਦੋਵਾਂ ਲੇਖਕਾਂ/ਪੱਤਰਕਾਰਾਂ ਦੇ ਰਿਣੀ ਹਨ, ਜਿਹਨਾਂ ਚੀਨ ਦੇ ਇਤਿਹਾਸ, ਰਾਜਨੀਤੀ, ਸਭਿਆਚਾਰ ਅਤੇ ਸਾਹਿਤ ਬਾਰੇ ਢੁਕਵੀਂ ਸਮੱਗਰੀ ਤੇ ਜਾਣਕਾਰੀ ਪ੍ਰਦਾਨ ਕਰਨ ਲਈ, ਆਪਣੇ ਜੀਵਨ ਅਰਪਤ ਕਰ ਦਿੱਤੇ।

1951-55 ਵਿਚ ਰਣਧੀਰ ਕਾਲਜ ਕਪੂਰਥਲੇ ਵਿਚ ਜੋਗਿੰਦਰ ਸ਼ਮਸ਼ੇਰ ਤੇ ਸ.ਸ. ਮੀਸ਼ਾ ਦੇ ਸਾਥ ਸਮੇਂ ਹੋਰ ਸਮਾਜਵਾਦੀ ਦੇਸ਼ਾਂ ਦੇ ਸਾਹਿਤ ਦੇ ਨਾਲ ਨਾਲ, ਨਵੇਂ ਆਜ਼ਾਦ ਹੋਏ ਦੇਸ਼ ਚੀਨ ਦੇ ਸਾਹਿਤ ਵਿਚ ਦਿਲਚਸਪੀ ਪੈਦਾ ਹੋਈ। ਛੇਤੀ ਹੀ ਪੰਜ ਸ਼ੀਲ ਦੇ ਆਧਾਰ ਉਤੇ ਚੀਨ ਨਾਲ ਸਾਹਿਤਕ/ਸਭਿਆਚਰਕ ਆਦਾਨ-ਪ੍ਰਦਾਨ ਦਾ ਸਿਲਸਿਲਾ ਆਰੰਭ ਹੋਇਆ ਤੇ 'ਹਿੰਦੀ=ਚੀਨੀ ਭਾਈ ਭਾਈ' ਦਾ ਨਾਹਰਾ ਜਨ-ਸਾਧਾਰਨ ਦੀ ਸਿਮ੍ਰਿਤੀ ਦਾ ਹਿੱਸਾ ਬਣ ਗਿਆ।

ਐਪਰ ਹਾਲੀ ਚੀਨ ਦਾ ਸਾਹਿਤ ਅੰਗਰੇਜ਼ੀ ਵਿਚ ਅਨੁਵਾਦ ਹੋ ਕੇ ਸਾਡੇ ਤਕ ਪਹੁੰਚਣਾ ਆਰੰਭ ਨਹੀਂ ਸੀ ਹੋਇਆ। ਟਾਵੀਂ ਟਾਵੀਂ ਇੱਕਾ ਦੁੱਕਾ ਪੁਸਤਕ, ਕਦੇ ਕਦਾਈਂ ਹੱਥ ਲਗਦੀ ਤੇ ਅਸੀਂ ਹਾਬੜਿਆਂ ਵਾਂਗ ਇਹਨੂੰ ਟੁੱਟ ਕੇ ਪੈਂਦੇ।

ਪਰ ਇਹ ਆਦਾਨ ਪਰਦਾਨ ਦਾ ਸਿਲਸਿਲਾ ਅਜੇ ਆਮ ਜਿਹਾ ਹੋਇਆ ਹੀ ਸੀ ਕਿ 1962 ਤਿੱਬਤ ਦੀ ਅੰਦਰੂਨੀ ਬਗਾਵਤ, ਦਲਾਈਲਾਮੇ ਦਾ ਉਥੋਂ ਭੱਜਕੇ ਭਾਰਤ ਆਉਣਾ ਤੇ ਸਰਹੱਦੀ ਝਗੜੇ ਦੇ ਵਧਣ ਨਾਲ ਹੋਈ ਹਿੰਦ-ਚੀਨ ਜੰਗ ਨੇ ਆਪਸੀ ਸਭਿਆਚਾਰਕ ਤੇ ਸਾਹਿਤਕ ਮਿਲਵਰਤਣ ਦੇ ਸਾਰੇ ਰਸਤੇ ਬੰਦ ਕਰ ਦਿਤੇ। ਚੀਨ ਦਾ ਸਹਿਤ ਪੜ੍ਹਨਾ ਤੇ ਕੋਲ ਰਖਣਾ ਜੁਰਮ ਤੇ ਦੇਸ਼ ਗੱਦਾਰੀ ਸਮਝਿਆ ਜਾਣ ਲੱਗਾ।

ਚੀਨ ਵਿਚਲੀਆਂ ਰਾਜਨੀਤਕ ਤੇ ਆਰਥਕ ਸਮੱਸਿਆਵਾਂ ਬਾਰੇ ਜੋ ਕੋਈ ਪੁਸਤਕ ਪ੍ਰਾਪਤ ਹੁੰਦੀ ਤਾਂ ਉਹ ਆਮ ਕਰਕੇ ਅੰਗਰੇਜ਼ੀ ਵਿਚ, ਯੂਰਪੀਆਈ ਪੱਤਰਕਾਰਾਂ ਜਾਂ ਟਿੱਪਣੀਕਾਰਾਂ ਦੀ ਲਿਖੀ ਹੁੰਦੀ ਸੀ ਤੇ ਬਹੁਤ ਵਾਰ ਉਲਾਰ ਅੰਤਰ-ਮੁਖਤਾ ਦੀ ਉਪਜ ਹੋਣ ਕਾਰਨ, ਭਰੋਸੇਯੋਗ ਨਹੀਂ ਸੀ ਸਮਝੀ ਜਾਂਦੀ। ਪਰ ਰਚਨਾਤਮਿਕ ਸਾਹਿਤ ਮਿਲਣਾ ਸੌ ਫੀਸਦੀ ਬੰਦ ਹੋ ਚੁੱਕਾ ਸੀ। ਦੋਹਾਂ ਦੇਸ਼ਾਂ ਦੀ ਸਭਿਆਚਰਕ ਤੇ ਸਾਹਿਤਕ ਨੇੜਤਾ ਚਾਹੁਣ ਵਾਲੇ ਪਾਠਕਾਂ ਲਈ ਇਹ ਕੇਡਾ ਵੱਡਾ ਦੁਖਾਂਤ ਸੀ ਕਿ ਦੋਹਾਂ ਦੇਸ਼ਾਂ ਦੇ ਰਾਜਨੀਤਕ ਸਬੰਧਾਂ ਦੇ ਵਿਗਾੜ ਕਾਰਨ, ਸਾਹਿਤ ਦੇ ਦਰ ਵੀ ਬੰਦ ਹੋਏ ਪਏ ਸਨ।

ਐਪਰ 50 ਵਰ੍ਹਿਆਂ ਦੇ ਬੀਤਣ ਬਾਅਦ ਦੋਹਾਂ ਦੇਸ਼ਆਂ ਦੇ ਸਬੰਧਾਂ ਵਿਚ (ਬਾਵਜੂਦ ਸਰਹੱਦੀ ਝਗੜੇ ਦੇ ਕਾਫੀ ਸੁਧਾਰ ਆਇਆ ਹੈ। ਇਕ ਵਾਰ ਫੇਰ ਸੀਮਤ ਜਿਹਾ ਸਾਹਿਤਕ ਤੇ ਸਭਿਆਚਾਰਕ ਆਦਾਨ ਪਰਦਾਨ ਕੁਝ ਸਾਲਾਂ ਤੋਂ ਆਰੰਭ ਹੋਇਆ ਹੈ।

ਕਈ ਸਾਲ ਪਹਿਲਾ ਲੇਖਕ ਮਿੱਤਰ ਦਰਸ਼ਨ ਗਿੱਲ ਦੁਆਰਾ 'ਵਿਸ਼ਵ ਦੇ ਵਿਦਰੋਹੀ ਰੋਲ' ਕਵਿਤਾ ਸੰਗ੍ਰਹਿ ਛਪਕੇ ਆਇਆ ਸੀ, ਜਿਸ ਵਿਚ ਚੀਨ ਦੀਆਂ ਦੋ ਕਵਿਤਾਵਾਂ ਸ਼ਾਮਲ ਕੀਤੀਆਂ ਹੋਈਆਂ ਮਿਲੀਆਂ ਤੇ ਦੋਵੇਂ ਹੀ ਉਥੋਂ ਦੇ ਰਾਜਸੀ ਆਗੂਆਂ,ਮਾਓ ਜ਼ੇ ਤੁੰਗ ਤੇ ਚਾਊ ਐਨ ਲਾਈ ਦੀਆਂ ਸਨ।

ਮੰਨ ਵਿਚ ਪ੍ਰਸ਼ਨ ਉੱਠਿਆ ਕਿ ਚੀਨ ਦੇ ਹੋਰ ਵੀ ਸਾਹਿਤਕ ਕਵੀ ਹੋਣਗੇ, ਉਹ ਕਿਥੇ ਗਏ ? ਮੈਂ ਇਸ ਪੁਸਤਕ ਦਾ ਰੀਵੀਊ ਕਰਦਿਆਂ ਹੋਇਆਂ ਇਹ ਕਿੰਤੂ ਕੀਤਾ, ਪਰ ਖੁਦ ਇਸ ਪ੍ਰਸ਼ਨ ਦਾ ਉੱਤਰ ਲੱਭਣ ਲਈ ਉਪਰਾਲੇ ਕਰਨ ਲੱਗਾ। ਆਖ਼ਰ ਮੇਰੀ ਘਾਲ ਥਾਏਂ ਪਈ।

ਹਿੰਦੁਸਤਾਨ ਵਿਚ ਚੀਨੀ ਪੁਸਤਕਾਂ ਦਾ ਮੁਖ ਵਿਕਰੇਤਾ 'ਕਰੰਟ ਬੁੱਕ ਡਿਪੂ ਕਾਨਪੁਰ' (ਉਤਰ ਪ੍ਰਦੇਸ) ਹੈ। ਮੈਂ ਉਨ੍ਹਾਂ ਨਾਲ ਚਿੱਠੀ ਪੱਤਰ ਆਰੰਭ ਕੀਤਾ। ਉਨ੍ਹਾਂ ਮੈਨੂੰ ਚਾਲੀ ਰੁਪਏ ਵਿਚੋਂ ਚੀਨ ਦੀ ਆਧੁਨਿਕ ਕਵਿਤਾ ਦਾ ਇਕ ਮੁਕੰਮਲ ਸੰਗ੍ਰਹਿ ਭੇਜਿਆ ਹੈ, ਜਿਸ ਦਾ ਨਾ ਹੈ, 'ਮਹਾਨ ਮਾਰਗ ਦੇ ਨਾਲ ਨਾਲ ਰੌਸ਼ਨੀ ਤੇ ਪ੍ਰਛਾਵੇਂ'। ਇਹ ਸੰਗ੍ਰਹਿ ਰਵੀ ਅਲੀ ਦੁਆਰਾ ਸੰਪਾਦਤ ਤੇ ਅਨੁਵਾਦਤ ਕੀਤਾ ਹੋਇਆ ਹੈ, ਜਿਸ ਵਿਚ ਚੀਨ ਦੇ ਵੀਹਵੀਂ ਸਦੀ ਦੇ 384 ਕਵੀਆਂ ਦੀਆਂ 434 ਕਵਿਤਾਵਾਂ ਸ਼ਾਮਲ ਕੀਤੀਆਂ ਗਈਆਂ ਹਨ ਅਤੇ ਚੀਨੀ ਭਾਸ਼ਾ ਦੇ ਨਾਲ ਨਾਲ ਚੀਨ ਦੀਆਂ ਪ੍ਰਾਦੇਸ਼ਿਕ ਭਾਸ਼ਾਵਾਂ ਦੇ ਕਵੀਆਂ ਦੀਆਂ ਕਵਿਤਾਵਾਂ ਵੀ ਸ਼ਾਮਲ ਹਨ। ਇਸ ਸੰਗ੍ਰਹਿ ਦੇ ਅੰਧਐਨ ਤੋਂ ਸਪਸ਼ਟ ਭਾਂਤ ਪਤਾ ਲੱਗਦਾ ਹੈ ਕਿ ਚੀਨੀ ਕਵਿਤਾ ਦੀ ਪਰੰਪਰਾ ਕਿੰਨੀ ਅਮੀਰ ਤੇ ਪ੍ਰਾਚੀਨ ਹੈ।

ਇਸ ਸੰਗ੍ਰਹਿ ਵਿਚਲੀ ਕਵਿਤਾ—ਚੋਂ ਲੰਘਦਿਆਂ ਨੂੰ ਚੀਨੀ ਲੋਕਾਂ ਦੀ ਆਤਮਾ ਦੇ ਦਰਸ਼ਨ ਹੁੰਦੇ ਹਨ ਕਿ ਕਿਵੇਂ ਉਹਨਾਂ ਨੇ ਆਪਣੇ ਦੇਸ਼ ਦੇ ਮੁਕਤੀ ਅੰਦੋਲਨ ਦੌਰਾਨ ਅਕਹਿ ਤੇ ਅਸਹਿ ਦੁੱਖੜੇ ਝੱਲੇ ਸਨ ਤੇ ਕਿਵੇਂ ਚੀਨ ਦੇ ਕਵੀਆਂ ਨੇ ਇਹਨਾਂ ਬਿਖੜੇ ਸੰਘਰਸ਼ਾਂ—ਦੀਆਂ ਪੈੜਾਂ ਨੂੰ ਆਪਣੀਆਂ ਕਵਿਤਾਵਾਂ ਵਿਚ ਅੰਕਤ ਤੇ ਪ੍ਰਬਿੰਬਤ ਕੀਤਾ ਹੈ। ਪੰਜਾਬੀ ਪਾਠਕਾਂ ਨਾਲ ਚੀਨ ਦੀ ਮਹਾਨ ਕਾਵਿ-ਪਰੰਪਰਾ ਦੀ ਸਾਂਝ ਪਵਾਉਣ ਹਿੱਤ ਮੈਂ ਇਸ ਗ੍ਰੰਥਾਵਲੀ ਵਿਚੋਂ ਚੋਣਵੀਆਂ ਰਚਨਾਵਾਂ ਅਨੁਵਾਦਿ ਕਰਨੀਆਂ ਆਰੰਭ ਕੀਤੀਆਂ।

ਜਿਥੋਂ ਤੱਕ ਕਵਿਤਾ ਦੇ ਅਨੁਵਾਦ ਕਾਰਜ ਦਾ ਸਬੰਧ ਹੈ, ਇਹ ਸਦਾ ਹੀ ਹਰ ਕਵਿਤਾ—ਅਨੁਵਾਦਕ ਲਈ ਔਖੇਰਾ ਹੀ ਰਿਹਾ ਹੈ, ਫਿਰ ਵੀ ਹਰ ਦੇਸ਼ ਵਿਚ ਕਵਿਤਾ ਦੇ ਅਨੁਵਾਦ ਹੁੰਦੇ ਹਨ ਅਤੇ ਭਵਿਖ ਵਿਚ ਵੀ ਹੁੰਦੇ ਰਹਿਣਗੇ। ਮੈਂ ਇਹ ਅਨੁਵਾਦਿ ਦੋ ਪੱਧਰਾਂ ਤੇ ਕੀਤੇ ਹਨ। ਪਹਿਲਾ ਵਾਰਤਕ-ਮਈ ਅਥਵਾ ਖੁੱਲੀ ਕਵਿਤਾ ਵਿਚ ਤੇ ਦੂਸਰਾ ਲੈਅ ਅਥਵਾ ਰਿਦਮ ਵਾਲੀ ਕਵਿਤਾ ਵਿਚ।

ਹਰ ਭਾਸ਼ਾ ਦਾ ਆਪਣਾ ਛੰਦ-ਸ਼ਾਸਤਰ, ਲੈਅ ਤੇ ਸਭਿਆਚਾਰਕ ਪਿਛੋਕੜ ਤੇ ਭਾਸ਼ਾਈ ਮੁਹਾਵਰਾ ਹੁੰਦਾ ਹੈ। ਜਿਸ ਨੂੰ ਪੜਨ ਸਮਝਣ ਤੇ ਪ੍ਰਗਟ ਕਰਨ ਦੇ ਰਾਹ ਵਿਚ ਕਈ ਔਕੜਾ ਆ ਖੜੀਆਂ ਹੁੰਦੀਆਂ ਹਨ। ਫੇਰ ਵੀ ਮੁਕਤ-ਛੰਦ ਰਾਹੀਂ ਕਵੀ ਦੇ ਅਨੁਭਵ ਨੂੰ ਕਾਫੀ ਹੱਦ ਤੱਕ ਪੇਸ਼ ਕੀਤਾ ਜਾ ਸਕਦਾ ਹੈ।

ਲੈਅ ਮਈ ਅਨੁਵਾਦ ਵਧੇਰੇ—ਔਖੇਰਾ ਕਾਰਜ ਹੈ। ਕੁਝ ਕਵਿਤਾਵਾਂ ਵਿਚ ਰਿਦਮ ਅਥਵਾ ਲੈਅ ਨੂੰ ਕਾਇਮ ਰੱਖਣ ਦਾ ਉਪਰਾਲਾ ਵੀ ਕੀਤਾ ਹੈ।

ਮੈਨੂੰ ਇਹ ਲਿਖਣ ਵਿਚ ਕੋਈ ਸੰਕੋਚ ਨਹੀਂ ਕਿ ਮੇਰਾ ਇਹ ਉਪਰਾਲਾ ਪੰਜਾਬੀ ਵਿਚ, ਚੀਨੀ ਕਵਿਤਾ ਦੀ ਪੇਸ਼ਕਾਰੀ ਦੇ ਪ੍ਰਸੰਗ ਵਿਚ, ਪਹਿਲਾ ਹੈ, ਇਸ ਕਾਰਨ ਹਾਲੀ ਕਾਵਿ-ਅਨੁਵਾਦ ਦੀ ਸੰਪੂਰਨਤਾ ਜਾਂ ਉਚੇਰੀ ਮੁਹਾਰਤ ਦਾ ਦਾਅਵਾ ਨਹੀਂ ਕੀਤਾ ਜਾ ਸਕਦਾ। —*ਹਰਭਜਨ ਸਿੰਘ ਹੁੰਦਲ*



## ਮੇਰਾ ਗੀਤ / *ਸੁੰਨ ਵਜੁਨ*

ਮੇਰਾ ਗੀਤ
ਪਤਝੜ ਦੇ ਪੱਤਿਆਂ ਨਾਲ
ਮਿਲਕੇ ਗਾਉਂਦਾ ਇਕ ਬਿੰਡਾ ਹੈ,
ਗਰਮੀਆਂ ਦੀ ਸੰਧਿਆ ਨੂੰ ਸੰਘਣੀਆਂ ਫੁੱਲ-ਪੱਤੀਆਂ ਤੋਂ
ਖਹਿਕੇ ਲੰਘਦਾ ਸੁਹਲ ਹਵਾ ਦਾ ਬੁੱਲਾ ਹੈ।

ਮੇਰਾ ਗੀਤ
ਸਿਆਲ ਦੀ ਜੰਮੀ ਬਰਫ ਹੇਠੋਂ ਦੀ
ਦ੍ਰਿੜਤਾ ਨਾਲ ਵਗਦੀ ਜਲ-ਧਾਰਾ ਹੈ,
ਬਸੰਤ ਰੁੱਤ ਵਿਚ
ਸੁਹਲ ਹਰੀ ਘਾਹ ਚੋਂ
ਅਸਮਾਨ ਵਲ ਉਡਦਾ ਜਾ ਰਿਹਾ ਚੰਡੋਲ ਹੈ।

ਇਹ ਦੁਨੀਆਂ
ਮੇਰੇ ਗੀਤ ਤੋਂ ਬਿਨਾਂ
ਆਪਣੀ ਸ਼ਕਤੀ ਨਹੀਂ ਗੰਵਾ ਬੈਠੇਗੀ,
ਪਰ ਮੈਂ
ਇਸ ਗੀਤ ਤੋਂ ਬਿਨਾਂ
ਆਪਣੇ ਰੰਗ ਗੰਵਾ ਕੇ
ਪੀਲਾ ਪੈ ਜਾਵਾਂਗਾ,

ਮੇਰਾ ਗੀਤ
ਸਮੁੰਦਰ ਵਿਚ ਚੱਟਾਨਾਂ ਨਾਲ ਟਕਰਾਉਂਦੀ
ਖਿੰਡਦੀ, ਤੇ ਫਿਰ ਬਾਰ ਬਾਰ ਟਕਰਾਉਂਦੀ
ਸਮੁੰਦਰ ਦੀ ਛੱਲ ਹੈ।
ਇਹ ਤੀਰ ਨਾਲ ਜ਼ਖਮੀ ਹੋਇਆ ਹੰਸ ਹੈ
ਜਿਹੜਾ ਨਿਘੀ ਧਰਤ ਵਲ,
ਆਪਣੇ ਲਹੂ ਦੇ ਆਖਰੀ ਕਤਰੇ ਨਾਲ
ਉਡਦਾ ਜਾਂਦਾ ਹੈ।

ਮੇਰੇ ਗੀਤ ਤੋਂ ਬਿਨਾਂ
ਇਸ ਜ਼ਿੰਦਗੀ ਦੀ ਸੁੰਦਰਤਾ ਵਿਚ ਕੋਈ
ਫਰਕ ਨਹੀਂ ਪੈਣਾ,
ਪਰ ਇਸ ਗੀਤ ਤੋਂ ਬਿਨਾਂ
ਮੇਰੇ ਸਾਰੇ ਰੰਗ ਖੁਰ ਜਾਣਗੇ,

ਮੇਰਾ ਗੀਤ
ਖੇਡਾਂ ਖੇਡਦੀ ਕੁੜੀ ਦੇ
ਸਿਰ ਤੇ ਉਤਲੀ ਸਤਰੰਗੀ ਪੀਂਘ ਹੈ,
ਕਾਲਪਨਿਕ ਮੁੱਕੇਬਾਜ਼ੀ ਕਰਦੇ
ਉਸ ਬੁੱਢੇ ਆਦਮੀ ਦੀ ਸਵੇਰ ਦੀ ਧੁੱਪ ਵਿਚ
ਪਿਘਲਦੀ
ਲੰਮੀ ਦਾੜ੍ਹੀ ਹੈ।

ਮੇਰਾ ਗੀਤ
ਆਪਣੇ ਛੋਟੇ ਬੱਚੇ ਨੂੰ ਨਹਾਉਂਦਿਆਂ
ਮਾਂ ਦੁਆਰਾ, ਹਿੱਲਿਆ ਪਾਣੀ ਹੈ
ਬੱਚੇ ਦੇ ਬੁੱਲ੍ਹਾਂ ਤੇ ਅਟਕਿਆ ਨਿਘਾ ਸਾਹ ਹੈ

ਲੋਕੀਂ ਮੇਰੇ ਗੀਤ ਖੁਣੋਂ
ਬੇਬੱਸ ਨਹੀਂ ਹੋਣ ਲਗੇ
ਪਰ ਮੇਰੇ ਤਾਂ ਇਸ ਬਿਨਾ
ਸਾਰੇ ਰੰਗ ਹੀ ਉਡ ਜਾਣਗੇ

## ਸੁਰਖ਼ ਮੋਮ-ਬੱਤੀ/ਵੈਨ ਯੀਡੋਓ (1899-1946)

ਸੁਰਖ਼ ਮੋਮ-ਬੱਤੀ!
ਏਨੀ ਲਾਲ-ਸੂਹੀ ਮੋਮ-ਬੱਤੀ
ਆਹ, ਕਵੀਆਂ ਨੂੰ
ਆਪਣਾ ਹਿਰਦਾ ਖੋਲ ਵਿਖਾ ਦੇ
ਤੱਕੀਏ ਕਿਹੜਾ ਵੱਧ ਚਮਕੀਲਾ ਹੈ

ਮੋਮ-ਬੱਤੀ
ਤੇਰੀ ਮੋਮ ਬਣਾਈ ਕਿਸ ਨੇ
ਤੇਰੀ ਸ਼ਕਲ ਸੀ ਕਿਸ ਨੇ ਡੋਲੀ
ਅੱਗ ਭਲਾ ਕਿਸ ਨੇ ਬਾਲੀ ਸੀ
ਰੂਹ ਕਿਸ ਨੇ ਭੜਕਾਈ ਸੀ
ਤੇਰੀ ਮੋਮ ਕਿਵੇਂ ਸੜ ਜਾਵੇ
ਜਿੰਨਾ ਚਿਰ ਨਾ ਚਾਨਣ ਆਵੇ
ਕਿੱਥੇ ਕਿੱਥੇ ਗਲਤੀ ਹੈ
ਕੋਈ, ਲੜਾਈ ਝਗੜਾ ਹੈ।

ਲਾਲ ਮੋਮ-ਬੱਤੀ
ਕੋਈ ਗਲਤੀ ਨਹੀਂ ਹੈ
ਰੌਸ਼ਨੀ ਜਲ ਜਾਵਣ ਤੇ ਆਉਂਦੀ
ਇਹ ਕੁਦਰਤ ਦੀ ਹੈ ਮਰਿਯਾਦਾ।

ਮੋਮ-ਬੱਤੀ
ਜਲ ਜਾਵਣ ਲਈ ਬਣੀ, ਜਲੀ ਜਾ
ਜਲਦੀ ਜਾ ਤੇ ਬਲਦੀ ਜਾ
ਜਦੋਂ ਤੀਕ ਨਾ ਸੁਪਨ ਮਨੁੱਖ ਦੇ ਜਲ ਜਾਵਣ
ਜਦੋਂ ਤੀਕ ਨਾ ਲਹੂ ਮਨੁੱਖ ਦਾ ਖਾਏ ਉਬਾਲਾ
ਰੂਹਾਂ ਦੀ ਕਰ ਰਾਖੀ
ਕੰਧਾਂ ਜੇਲ੍ਹ ਦੀਆਂ ਢਾਹ ਦੇਵੀਂ।

ਮੋਮ ਬੱਤੀ
ਤੇਰੇ ਦਿਲ ਦੀ ਅੱਗ ਜਦੋਂ ਹੈ ਚਾਨਣ ਕਰਦੀ
ਤੇਰੇ ਹੰਝੂ ਵਹਿ ਤੁਰਦੇ ਨੇ

ਮੋਮ ਬੱਤੀ
ਜਿਸ ਕਾਰੀਗਰ ਨੇ
ਤੇਰੀ ਸੂਰਤ ਸਿਰਜੀ ਸੀ
ਜਦ ਚਾਨਣ ਲਈ ਸਿਰਜੀ ਸੀ
ਹੁਣ ਦੀ ਰੋਵਣ-ਧੋਵਣ ਦਾ ਫਾਇਦਾ
ਮੈਨੂੰ ਲੱਗਦਾ
ਜਦੋਂ ਹਵਾ ਦੇ ਪੱਲਾ ਰੁਮਕੇ
ਉਸ ਨੂੰ ਤੇਰਾ ਚਾਨਣ ਜੀਕਣ ਰਾਸ ਨਾ ਆਵੇ
ਆਪ ਮੁਹਾਰੇ ਦਰਦਾਂ ਮਾਰੇ
ਹੰਝੂ ਵਗ ਤੁਰਦੇ ਨੇ

ਮੋਮ ਬੱਤੀ
ਰੋਈ ਜਾ ਤੂੰ ਰੋਈ ਜਾ
ਬਲ ਬਲ ਮੋਮ ਤੂੰ ਢਲਦੀ ਜਾ
ਵੇਖੀਂ ਕਰੀਂ ਨਾ ਕਦੇ ਕੰਜੂਸੀ
ਸੁੱਖ ਦੇ ਫੁੱਲ ਮਹਿਕਾਈ ਜਾ

ਮੋਮ ਬੱਤੀ
ਹਰ ਹੰਝੂ ਦੇ ਨਾਲ ਤੇਰਾ ਦਿਲ ਘਟਦਾ ਜਾਵੇ
ਘੋਰ ਨਿਰਾਸ਼ਾ ਪੈਰ ਵਧਾਵੇ
ਪਰ ਜੀਵਨ ਨੂੰ ਵਿਕਸਿਤ ਕਰਦੀ
ਕੋਮਲ ਦਿਲ ਤੇ ਪੱਥਰ ਧਰਦੀ
ਤੂੰ ਧਰਤੀ ਰੁਸ਼ਨਾਈ ਜਾ
ਆਪਣਾ ਫਰਜ਼ ਨਿਭਾਈ ਜਾ
ਪਰ ਫਸਲਾਂ ਦੀ ਆਸ ਨਾ ਰੱਖੀਂ।

❐



## ਮਾਂ ਨੂੰ ਖ਼ਤ/ਸਾਓ ਯਾਨ ਕਿਆਂਗ (1932)

ਪਿਆਰੀ ਅੰਮਾਂ!
ਤੇਰਾ ਸ਼ਿਕਵਾ ਸੱਚਾ ਹੈ
ਏਨੇ ਸਾਲਾਂ ਦੇ ਵਿਚ ਤੈਨੂੰ
ਇੱਕ ਵੀ ਪੱਤਰ ਪਾ ਨਾ ਹੋਇਆ
ਤੇਰੀ ਕੋਈ ਸੁਣ ਨਹੀਂ ਸਕਿਆ
ਆਪਣਾ ਹਾਲ ਸੁਣਾ ਨਹੀਂ ਹੋਇਆ।

ਇਹ ਨਾ ਸੋਚੀਂ ਕਿ ਮੈਂ ਤੈਨੂੰ ਭੁੱਲ ਗਿਆ ਸੀ
ਕਿਸੇ ਪਰਾਈ ਨੱਢੀ ਉੱਤੇ ਡੁੱਲ੍ਹ ਗਿਆ ਸੀ
ਹਰ ਦਮ ਤੇਰੀ ਯਾਦ ਸਤਾਉਂਦੀ ਰਹਿੰਦੀ ਸੀ
ਰੂਹ ਕੁਰਲਾਉਂਦੀ ਰਹਿੰਦੀ ਸੀ

ਪਰ ਤੂੰ ਮੰਨੇ ਜਾਂ ਨਾ ਮੰਨੇਂ
ਚਿੱਠੀ ਲਿਖਣਾ ਸੰਭਵ ਹੀ ਨਾ ਹੋਇਆ
ਮੈਂ ਸੀ ਸਦਾ ਸੋਚਦਾ ਰਹਿੰਦਾ
ਮੇਰੀ ਅੰਮਾਂ
ਖਬਰੇ ਕਿਵੇਂ ਗੁਜ਼ਾਰਾ ਕਰਦੀ
ਕਿੰਨੇ ਹੋਊ ਦੁੱਖੜੇ ਜਰਦੀ।

ਜੇ ਤੂੰ ਵੇਖੇਂ
ਤਾਂ ਮੈਨੂੰ ਪਹਿਚਾਣ ਨਾ ਸਕਦੀ
ਜਦ ਮੈਂ ਘਰ ਤੋਂ ਨਿਕਲ ਗਿਆ ਸੀ
ਕਿੰਨਾ ਛੋਟਾ ਹੁੰਦਾ ਸੀ
ਹੁਣ ਤੂੰ ਮੈਨੂੰ ਤੱਕ ਕੇ ਕਿੰਨਾ ਖੁਸ਼ ਹੋਵੇਂਗੀ।

ਮੈਂ ਤਾਂ ਦੁੱਖ-ਔਕੜਾਂ ਝੱਲ ਕੇ
ਕਿੰਨਾ ਵੱਡਾ ਹੋ ਚੁੱਕਾ ਹਾਂ
ਆਪਣੇ ਚੇਤੇ ਦੀ ਡੋਰੀ ਵਿਚ
ਕਿੰਨੇ ਫੱਟ ਪਰੋ ਚੱਕਾ ਹਾਂ

ਇਹਨਾਂ ਸਾਲਾਂ ਦੇ ਅੰਦਰ ਮੈਂ
ਕਿੰਨੇ ਰੰਗ ਸਮੇਂ ਦੇ ਵੇਖੇ

ਮਾਂ
ਮੈਂ ਜਿਸ ਦਿਨ ਘਰ ਤੋਂ ਤੁਰਿਆ
ਰੋਂਦੇ ਹੋਏ ਤੂੰ ਕਹਿੰਦੀ ਸੀ,
'ਵੇਖੀਂ' ਪੁੱਤਰ
ਮੈਨੂੰ ਕਿਧਰੇ ਭੁੱਲ ਨਾ ਜਾਈਂ
ਭਾਵੇਂ ਜਾਏਂ ਵਿਆਹਿਆ-ਵਰਿਆ'
ਮੈਂ ਕੋਈ ਪੱਥਰ ਦਾ ਨਹੀਂ ਬਣਿਆ
ਨਾ ਕੋਈ ਵਹੁਟੀ ਹੀ ਲੈ ਆਇਆ
'ਉੱਤਰ' ਵਿਚ ਮੇਰਾ ਵੀ ਘਰ ਹੈ
ਵੱਖਰੀ ਭਾਸ਼ਾ ਦੇ ਹੁੰਦੇ ਵੀ
ਕਿੰਨੇ ਮਿੱਤਰ
ਅੰਮਾਂ! ਆਪਣੇ ਅੱਥਰੂ ਥੰਮ੍ਹ ਕੇ

ਮੇਰੀ ਗ਼ਮ-ਕਹਾਣੀ ਸੁਣ ਲੈ,
'ਉਹ ਵੀ ਦਿਨ ਸੀ
ਸਾਡੇ ਕੋਲ ਨਹੀਂ ਸੀ ਹੁੰਦਾ ਦਾਰੂ-ਸਿੱਕਾ
ਲੜਦੇ ਅਸੀਂ ਗੁਰੀਲਾ-ਯੁੱਧ ਸੀ
ਪਿੰਡ ਦੇ ਮਿਸਤਰੀਆਂ ਦੀਆਂ ਬਣੀਆਂ
ਸਾਡੇ ਕੋਲ ਸੀ ਟੁੱਟੀਆਂ ਭੱਜੀਆਂ
ਦੇਸੀ ਰਫਲਾਂ

ਜਾਂ ਖਾਂਦੇ ਸੀ ਰੁੱਖ ਦੇ ਪੱਤੇ
ਤੇ ਜਾਂ ਆਲੂ

ਸਰਦੀ ਅੰਦਰ
ਬਰਫਾਂ-ਲੱਦੇ ਰਾਹਾਂ ਉੱਤੇ ਤੁਰਨਾ ਪੈਂਦਾ
ਵਿਚ ਠੰਢ ਦੇ ਠਰਨਾ ਪੈਂਦਾ।

ਇਹਨਾਂ ਠੰਢੀਆਂ ਰਾਤੜੀਆਂ ਨੂੰ
ਮੇਰੀ ਰਫਲ ਮੇਰੀ ਸਾਥਣ ਸੀ
ਕੁਝ ਨਾ ਪੁੱਛੀਂ
ਲੰਘਦੀ ਕਿੰਝ ਦਿਹਾੜੀ ਤੇ ਆਥਣ ਸੀ।

ਇਹ ਮੇਰੀ ਬੰਦੂਕ ਪੁਰਾਣੀ,
ਦਿਲ ਦੀ ਧੜਕਣ ਸੁਣਦੀ ਰਹਿੰਦੀ
ਸਰਦੀ ਅੰਦਰ, ਇੱਕ ਦੂਜੇ ਨੂੰ
ਘੁੱਟ ਘੁੱਟ ਦੋਵੇਂ ਨਿੱਘਾ ਕਰਦੇ
ਪਰ ਨਾ ਹਉਕਾ ਭਰਦੇ।

ਫਿਰ ਇਕ ਵਾਰੀ
ਮੈਂ ਡਾਢਾ ਸੀ ਜ਼ਖਮੀ ਹੋਇਆ
ਤੇ ਇੱਕ ਨਿੱਕੇ ਪਿੰਡ ਵਿਚ ਜਾ ਕੇ
ਠਹਿਰ ਗਿਆ ਸੀ।

ਜਿਸ ਘਰ ਮੇਰਾ ਠਹੁਰ-ਟਿਕਾਣਾ
ਉਸ ਘਰ ਵਾਲੀ ਸੁਘੜ-ਸਵਾਣੀ
ਮੇਰੀ ਕਿੰਨੀ ਚਿੰਤਾ ਕਰਦੀ
ਜ਼ਖਮਾਂ ਉੱਤੇ ਫੇਹੇ ਧਰਦੀ।
ਮੈਂ ਵੀ ਉਹਨੂੰ ਤੇਰੇ ਵਾਂਗੂ ਮਾਂ ਕਹਿੰਦਾ ਸੀ
ਉਹ ਵੀ ਅੱਗੋਂ
ਨਿੱਘੇ, ਮਿੱਠੇ ਬੋਲ ਬੋਲਦੀ।

ਸੱਚ ਮੰਨੀਂ ਤੂੰ
ਉਹ ਤਾਂ ਲੋਹੇ ਵਰਗੀ ਅੰਮਾਂ
ਜਦ ਮੈਨੂੰ ਸੀ, ਵੈਰੀ ਲੱਭਣ ਆਏ
ਉਸ ਨੇ ਭੋਰੇ ਵਿਚ ਲੁਕਾਇਆ
ਵੈਰੀ ਨੂੰ ਚੱਕਰ ਵਿਚ ਪਾਇਆ

ਰਾਤੀਂ ਸੁੱਤੇ
ਤੇਰਾ ਕਿੰਨਾ ਚੇਤਾ ਆਉਂਦਾ

ਪਿਆਰੀ ਅੰਮਾਂ, ਜਾਗੋ ਮੀਟੋ
ਸੁਪਨੇ ਅੰਦਰ ਵੇਖ ਰਿਹਾ ਸਾਂ
ਬੂਹੇ ਲਾਗੇ ਉੱਗੇ ਹੋਏ
ਤੂੰ ਸੀ ਬਿਰਖ ਦੇ ਹੇਠਾਂ ਬੈਠੀ

ਲੀੜੇ ਧੋਂਦੀ, ਝੋਨਾ ਝੜਦੀ,
ਪਿੰਡ ਬੜਾ ਹੀ ਚੇਤੇ ਆਇਆ।
ਸੋਚ ਰਿਹਾ ਸਾਂ
ਖਬਰ ਕਿਹੜੇ ਸ਼ੁਭ ਦਿਹਾੜੇ
ਲੜਦਾ ਲੜਦਾ
ਏਸ ਪਿੰਡ ਨੂੰ ਫਿਰ ਤੱਕਾਂਗਾ

ਇਕ ਦਿਨ ਫਿਰ ਉਹ ਵੇਲਾ ਆਇਆ
ਮੈਂ ਉਸ ਮਾਂ ਨੂੰ
ਮੋਹ-ਭਰੀ ਅਲਵਿਦਾ ਆਖੀ
ਇੰਝ ਲਗਦਾ ਸੀ
ਫਿਰ ਇਕ ਵਾਰੀ
ਜੱਦੀ ਘਰ ਨੂੰ ਛੱਡ ਚੱਲਿਆ ਹਾਂ
ਪਿੱਛੇ ਮੁੜ ਕੇ ਵੇਖਣ ਦੀ ਨਾ ਹਿੰਮਤ ਹੋਈ
ਰੂਹ ਹੇਰਵੇ ਨਾਲ ਪਰੋਈ।

ਹੁਣ ਮੈਨੂੰ ਇਹ ਸੋਝੀ ਆਈ
ਜਿੱਥਿ ਵੀ ਕੋਈ ਪਿੰਡ ਵੱਸਦਾ ਹੈ
ਮੇਰਾ ਆਪਣਾ ਪਿੰਡ ਲੱਗਦਾ ਹੈ
ਖੇਤ ਪਰਾਏ, ਮਾਂ ਪਿਓ ਜਾਏ
ਜਿੱਥਿ ਕਿਧਰੇ
ਬੁੱਢੀ ਮਾਂ ਜਾਂ ਪਿਓ ਮਿਲਦਾ ਹੈ
ਉਹ ਮੇਰਾ ਹੀ ਮਾਂ ਪਿਓ ਲੱਗੇ
ਇਹ ਹੈ ਸੱਚ ਤਜਰਬੇ ਵਿਚੋਂ
ਮੈਨੂੰ ਲੱਭਾ
ਜਿਸ ਨੂੰ ਨਹੀਂ ਵਿਸਾਰਾਂਗਾ ਮੈਂ।
ਸਾਰੀ ਉਮਰ ਪਿਆਰਾਂਗਾ ਮੈਂ।

ਪਿਆਰੀ ਅੰਮਾਂ
ਤੂੰ ਪੁੱਛੇਂਗੀ,
ਕਿੰਝ ਭਲਾ ਇਹ ਮਾਵਾਂ ਸਾਨੂੰ
ਪਿਆਰਦੀਆਂ ਸੀ ?
ਸੱਚੀਂ ਦੱਸਾਂ
ਸਾਡੇ ਲੀੜੇ ਕੱਪੜੇ ਧੋ ਧੋ
ਕਿੰਨੇ ਸੁਹਜ-ਸੰਵਾਰਦੀਆਂ ਸੀ।
ਪਾਟੇ ਕੱਪੜੇ ਸੀਂ ਦਿੰਦੀਆਂ ਸੀ

ਵਿਛੜਨ ਵੇਲੇ
ਜੀ ਕਰਦਾ ਸੀ
ਏਥੋ ਦੇ ਹ ਜਾਈਏ
ਪਿੰਡੋਂ ਬਾਹਰ ਦੂਰ ਤੱਕ ਸਾਡੇ
ਸੰਗ ਆਉਂਦੇ ਸੀ
ਛੇਤੀ ਛੇਤੀ ਮੁੜ ਆਵਣ ਦਾ
ਕੀਤਾ ਕੌਲ ਸੁਣਾਉਂਦੇ ਸੀ,

ਪਿਆਰੀ ਅੰਮਾਂ
ਸ਼ਾਇਦ ਕਦੇ ਤੂੰ ਕਹਿੰਦੀ ਹੋਵੇਂ
ਮੁੰਡਾ ਘਰ ਨੂੰ ਭੁੱਲ ਗਿਆ ਹੈ
ਕਿਸੇ ਪਰਾਈ ਨੱਢੀ ਉੱਤੇ ਡੁੱਲ੍ਹ ਗਿਆ ਹੈ।
ਸੱਚੀ ਜਾਣੀਂ
ਪਿੰਡ ਬੜਾ ਹੀ ਚੇਤੇ ਆਉਂਦਾ
ਇੰਜ ਲੱਗਦਾ ਸੀ
ਲੋਕੀਂ ਝੋਨਾ ਝਾੜ ਰਹੇ ਹੋਵਣਗੇ
ਹਰ ਤੀਲੇ ਦੇ ਉੱਤੇ ਅੱਥਰੂ
ਕਿਰ ਕਿਰ ਪੈਂਦੇ ਹੋਵਣਗੇ,

ਮੇਰੀ ਅੰਮਾਂ
ਮੈਂ ਤਾਂ ਇਹੀ ਸੋਚਦਾ ਰਹਿੰਨਾ
ਤੂੰ ਏਨੇ ਇਹ ਸਾਲ, ਮਹੀਨੇ
ਕਿੱਦਾਂ ਕੱਟੇ ਹੋਵਣਗੇ ?
ਤੇਰਾ ਸਿਰ ਦੇ ਵਾਲ ਤੇ ਸਾਰੇ
ਚਿੱਟੇ ਹੋ ਗਏ ਹੋਵਣਗੇ
ਕਿਹੜੇ ਘਰ ਤੂੰ ਝੋਨਾ ਛੱਟਣ ਜਾਂਦੀ ਏਂ
ਕੱਪੜਿਆਂ ਨੂੰ ਕੁੱਟ ਕੁੱਟ ਤੇਰੀ
ਥਾਪੀ ਟੁੱਟ ਗਈ ਹੋਵੇਗੀ
ਸੂਈ ਨਾਲ ਸਿਉਂ ਕੇ ਕੱਪੜੇ
ਦੀਦੇ ਗਲ ਗਏ ਹੋਵਣਗੇ

ਪਿਆਰੀ ਅੰਮੀਂ
ਜਦ ਇਸ ਰੁੱਤੇ
ਆਪਣੇ ਮੁਕਤੀ-ਸੈਨਾ ਪਹੁੰਚੀ
ਕੀ ਤੂੰ ਤੁਰ ਕੇ
ਬਾਹਰ ਸੜਕ ਤੇ ਪਹੁੰਚੀ ਸੀ
ਇਕ ਤੇਰਾ ਹੱਥ ਨਾਲ ਕੰਧ ਦੇ ਲੱਗਾ ਹੋਣੈਂ

ਜਾਂ ਤੂੰ ਖਬਰੇ
ਬੂਹੇ ਅੱਗੇ ਉੱਗੇ ਹੋਏ
ਰੁੱਖ ਦੇ ਨਾਲ ਢਾਸਣਾ ਲਾਈ
ਹੋਏਂ ਖਲੋਤੀ
ਜਿੱਥਿ ਮੈਨੂੰ ਤੋਰਨ ਵੇਲੇ ਆਣ ਖੜੀ ਸੀ

ਸੋਚ ਰਿਹਾ ਹਾਂ
ਮੁਕਤੀ-ਸੈਨਾ ਵਿਚ ਤੂੰ ਮੇਰਾ
ਚਿਹਰਾ ਲੱਭਦੀ ਹੋਵੇਂਗੀ
ਤੇਰੀਆਂ ਅੱਖਾਂ ਵਿਚੋਂ ਅੱਥਰੂ
ਕਿਰ ਕਿਰ ਪੈਂਦੇ ਹੋਵਣਗੇ।
❑



## ਲੋਰੀ/*ਈਮੀ ਸਿਆਓ*

ਬੁੱਢੀ ਅੰਮਾਂ, ਚੁੱਪ ਰਹੀਂ
ਨਾ ਖੰਘੀਂ ਨਾ ਰੌਲਾ ਪਾਵੀਂ
ਵੇਖੀ ਬਾਬਾ
ਤੂੰ ਸਿਗਰਟ ਨਾ ਬਾਲੀਂ
ਬਾਲ ਕੇ ਤੀਲੀ
ਨਾ ਵੈਰੀ ਨੂੰ ਕੋਲ ਬੁਲਾਵੀਂ
ਮੇਰੇ ਹੀਰੇ
ਚੁੱਪ ਰਹੀਂ
ਕਾਲੀ ਰਾਤ ਹੈ ਬੜੀ ਡਰਾਉਣੀ
ਤੂੰ ਮੂੰਹੋਂ ਨਾ ਬੋਲ ਕਹੀਂ
ਤੈਨੂੰ ਘੁੱਟ ਲਪੇਟ ਦਿਆਂਗੀ

ਨੇੜੇ ਹੋ ਕੇ ਮੇਰੀ ਛਾਤੀ ਨਾਲ ਚਿੰਬੜ ਜਾ
ਤਾ ਕਿ ਤੈਨੂੰ
ਠੰਢ ਕਿਤੇ ਨਾ ਲੱਗ ਜਾਵੇ
ਨਾਂ ਰੋਵੀਂ ਨਾ ਵਾਜ ਕਹੀਂ।
ਚੁੱਪ ਰਹੀਂ।

ਮੇਰੇ ਬੱਚੇ
ਡਰ ਨੂੰ ਕੋਲ ਆਉਣ ਨਾ ਦੇਵੀਂ
ਤੇਰੇ ਸਿਰ ਤੇ
ਮਾਪਿਆਂ ਦੀ ਛਾਂ ਵੇਖ ਘਣੇਰੀ
ਜਦ ਵੈਰੀ ਟੁਰ ਜਾਵੇਗਾ
ਬਾਪ ਤੇਰਾ ਮੁੜ ਆਵੇਗਾ, ਨਾ ਲਾਊ ਦੇਰੀ
ਓਨੀ ਦੇਰ ਉਡੀਕਾਂਗੇ
ਏਸ ਗੁਫ਼ਾ ਦੀਆਂ ਕੰਧਾਂ ਉੱਤੇ
ਸੂਹੇ ਸੁਪਨ ਉਲੀਕਾਂਗੇ

ਸੁਣ ਤੋਪਾਂ ਦੀ ਗੂੰਜ ਸੁਣੀਵੇ
ਤੇਰਾ ਬਾਪੂ
ਛੇਤੀ ਹੀ ਮੁੜ ਆਵੇਗਾ
ਮੇਰੇ ਹੀਰੇ ਤੂੰ ਨਾਂ ਰੋਵੀਂ
ਛੇਤੀ ਹੀ ਸਰਘੀ ਦਾ ਵੇਖੀਂ
ਉਹ ਇੱਕ ਸੰਦੇਸ਼ ਸੁਣਾਵੇਗਾ। (1957)

## ਪੌਣ ਕੁੱਕੜ/*ਯੀ-ਹੀਊਆਨ*

ਪੂਰਬ ਵੱਲੋਂ ਪੌਣ ਵਗੇ
ਨਾਲ ਕਲਮ ਮੁੜ ਜਾਵੇ
ਪਛਮ ਵੱਲੋਂ ਵਗਣ ਫਰਾਟੇ
ਨਾਲ ਮੁੜੇ
ਨਾਲ ਇਸ਼ਾਰੇ ਤੁਰਦੀ, ਰੁਕਦੀ
ਨਾਲ ਇਸ਼ਾਰੇ ਚੱਲੇ
ਅਕਲ ਹੁਧਾਰੀ, ਖੰਭ ਮਾਰਾਵੇ ਆਪਣੇ ਕੁਝ ਨਾ ਪੱਲੇ

ਹੋਵੇ ਪੁਸਤਕ ਪੇਂਟਿੰਗ ਕੋਈ
ਜਾਂ ਕੋਈ ਗੀਤ, ਡਰਾਮਾਂ
ਕਿਹੜਾ ਚੰਗਾ, ਕਿਹੜਾ ਮੰਦਾ
ਸਾਰ ਨਾ ਜਾਣੇ, ਕਰਦਾ ਕੂੜਾ ਧੰਦਾ ?

ਪੌਣ ਕੁੱਕੜ ਦੇ ਵਾਂਗੂੰ ਘੁੰਮ
ਕਾਹਦਾ ਬੰਦਾ ?
ਜਦ ਵੀ ਹਾਕਮ ਹੱਥ ਹਿਲਾਵੇ,
ਕਰਦੇ ਅੱਖ ਇਸ਼ਾਰਾ
ਘੁੰਮ ਜਾਂਦਾ ਹੈ ਨਾਲ ਵਿਚਾਰਾ।
ਕਿਹੜੀ ਰਚਨਾ ਹੁੰਦੀ ਉੱਤਮ
ਕਿਹੜੀ ਮਾੜੀ
ਉਸਦੀ ਆਪਣੀ ਸੂਝ ਨਾ ਉਹਨੂੰ
ਕੁਝ ਵੀ ਦੱਸੇ
ਉਸ ਦਾ ਉੱਤਲਾ ਹਾਕਮ
ਉਸ ਦੀਆਂ ਚੂਲਾਂ ਕੱਸੇ

ਪਛਮ ਵੱਲੋਂ ਵਗਣ ਹਵਾਵਾਂ
ਨਾਲ ਤੁਰੇ
ਪੂਰਬ ਵੱਲੋਂ ਆਉਣ ਫਰਾਟੇ
ਇੱਕ ਬਰਫ਼ ਦੀ ਚਿਪੱਰ ਵਾਂਗੂੰ
ਝੱਟ ਖੁਰੇ। ❑

## ਫ਼ੌਜੀ ਟੋਪੀ ਹੇਠਲੀਆਂ ਅੱਖਾਂ/*ਹੂ ਜ਼ਿਆਓ*

ਤੋਪਾਂ ਦੀ ਅੱਗ ਤੇ ਧੂੰਏ ਚੋਂ
ਫ਼ੌਜੀ ਟੋਪੀ ਦੇ ਥੱਲਿਓਂ
ਚੁਫੇਰੇ ਕੁਝ ਲੱਭਦੀਆਂ
ਅੱਖੀਆਂ ਦਾ ਜੋੜਾ ਚਮਕਦਾ ਹੈ।
ਇੱਕ ਜ਼ਖ਼ਮੀ ਤੋਂ ਦੂਸਰੇ ਤੀਕ ਜਾਂਦੀ
ਉਹ ਸਾਥੀਆਂ ਦੀਆਂ ਗੰਭੀਰ
ਅੱਖਾਂ ਵਿਚ ਝਾਕਦੀ
ਹੋਲੀ ਜਹੀ ਆਖਦੀ
'ਚਿੰਤਾ ਨਾ ਕਰੋ'
ਕੂਲੇ ਪੋਟਿਆਂ ਨਾਲ
ਉਹ ਤੇਜ਼ੀ ਤੇ ਸਲੀਕੇ ਨਾਲ ਜ਼ਖ਼ਮਾਂ ਤੇ
ਪੱਟੀ ਕਰਦੀ ਹੈ
ਉਹ ਨੂੰ ਵੇਖਦੇ
ਮੈਨੂੰ ਆਪਣੀ ਛੋਟੀ ਭੈਣ ਦੀਆਂ ਅੱਖਾਂ
ਚੇਤੇ ਆਉਂਦੀਆਂ ਨੇ
ਨਿਰਛਲ ਤੇ ਸਾਫ਼,
ਤੇ ਫਿਰ ਆਪਣੀ ਮਾਂ ਦੀਆਂ
ਨਿੱਘੀਆਂ ਤੇ ਸਨੇਹ ਭਰੀਆਂ ਅੱਖਾਂ
ਉਸ ਉੱਤੇ ਇੱਕ ਹੋਰ ਝਾਤੀ ਮਾਰਦਾ
ਮੈਂ ਹਮਲੇ ਵਿਚ ਸ਼ਾਮਲ ਹੋਣ ਲਈ
ਮੁੜ ਪੈਂਦਾ ਹਾਂ।
ਦਿਨ ਤੇ ਰਾਤ
ਭਾਵੇਂ ਪਹਿਰੇ ਤੇ ਹੋਵਾਂ ਜਾਂ ਅੱਗੇ ਵਧ ਰਿਹਾ
ਉਹ ਅੱਖਾਂ ਮੇਰੇ ਵੱਲ ਤੱਕਦੀਆਂ ਨੇ
ਤਾ ਕਿ ਮੈਂ ਆਪਣੀ ਰਾਈਫਲ ਹੋਰ ਘੁੱਟ ਕੇ ਫੜ ਲਵਾਂ
ਤੇ ਅਡੋਲ ਹੋ ਕੇ ਧਿਆਨ ਨਾਲ ਸ਼ਿਸ਼ਤ ਬੰਨ੍ਹਾ,
ਮੈਂ ਇਹਨਾਂ ਅੱਖਾਂ ਦੀ ਰਾਖੀ ਲਈ ਲੜਾਂਗਾਂ
ਉਸ ਅੱਖੀਆਂ ਦੇ ਜੋੜੇ ਲਈ
ਅੱਖੀਆਂ ਜਿਹੜੀਆਂ ਮੇਰੇ ਲਈ
ਮੇਰੀ ਮਾਂ, ਮੇਰੀ ਭੈਣ ਤੇ ਮੇਰੀ ਪਿਆਰੀ ਮਾਤ ਭੂਮੀ
ਦੀਆਂ ਅੱਖਾਂ ਨੇ।

❐

## ਅਜੇਹੇ ਵੀ ਦਿਨ ਸਨ/*ਹੁਆਂਗ ਯਾਂਗ ਯੁ*

ਲੋਕੀਂ ਲੁੱਕ ਲੁੱਕ ਕੇ ਫਿਟਕਾਰਾਂ ਪਾਉਂਦੇ ਸੀ
ਆਪਣੇ ਹਿਰਦਿਆਂ ਵਿੱਚ ਗੁੱਸੇ ਨੂੰ ਸੰਭਾਲੀ
ਰਾਤ ਨੂੰ ਬਿਸਤਰਿਆਂ 'ਚ ਸੁੱਤੇ ਹਉਕੇ ਭਰਦੇ,
ਗਵਾਢੀਆਂ ਨੂੰ ਰੋਂਦੇ ਸੁਣਦੇ
ਗੱਡੀਆਂ ਵਿੱਚ ਸਫ਼ਰ ਕਰਦੇ ਮੁਸਾਫਿਰ
ਡਰੇ ਹੋਏ ਹੁੰਦੇ,
ਹਰ ਘਰ ਦੇ ਸਿਰ ਤੇ ਬਦ-ਸ਼ਗਨੀ
ਮੁੰਡਲਾਉਂਦੀ ਫਿਰਦੀ
ਚੰਗੇ ਸ਼ਹਿਰੀ ਗੁੱਸੇ 'ਚ ਦੰਦ ਪੀਂਹਦੇ
ਤੇ ਗੀਤ ਕਾਰਾਂ ਨੂੰ ਗੀਤਾਂ ਦੇ ਸੁਰ ਭੁੱਲ ਗਏ।
ਜੇ ਲੋਕੀਂ ਸੱਚ ਨੂੰ ਜਾਣ ਜਾਂਦੇ
ਉਹ ਇਹਨੂੰ ਭੇਦ ਵਾਂਗ ਹਿਰਦੇ 'ਚ ਲੁਕੋਈ ਰੱਖਦੇ,
ਤੇ ਸਾਰੇ ਪ੍ਰੈਸ ਵਿਚ
ਝੂਠ ਨੂੰ ਇਲਾਹੀ ਦਰਜਾ ਪ੍ਰਾਪਤ ਸੀ,
ਹਰ ਕੋਈ ਅਦਾਕਾਰ ਬਣ ਗਿਆ,
ਪਰ ਅਸਲੀ ਅਦਾਕਾਰਾਂ ਨੂੰ ਅਭੀਨੈ ਭੁੱਲ ਗਿਆ।
ਹਾਂ! ਅਜੇਹੇ ਵੀ ਦਿਨ ਸਨ ਅਸੀਂ ਕਿੰਨੇ ਖੁਸ਼ ਹਾਂ ਕਿ
ਉਹ ਦਿਨ ਫਿਰ ਨਹੀਂ ਪਰਤਣਗੇ।

❐

## ਨਿਰ-ਉੱਤਰ/*ਫੈਗ ਵੀਦੀ*

ਮੈਂ ਅਸਮਾਨ ਵਿੱਚ ਤਾਰਿਆਂ ਨੂੰ ਗਿਣਨ
ਦੀ ਕੋਸ਼ਿਸ਼ ਕੀਤੀ,
ਪੁੱਛਦੇ ਹੋਏ ਉਹ ਕਿਹੜਾ ਹੈ ਜਿਹੜਾ ਉਹ ਦੇ
ਘਰ ਤੇ ਚਮਕਦਾ ਹੈ ?
ਪਰ ਤਾਰੇ ਚੁੱਪ ਰਹੇ
ਉਸ ਰਾਤ
ਮੇਰਾ ਮੂੰਹ ਤ੍ਰੇਲ ਨਾਲ ਭਿੱਜ ਗਿਆ।
ਮੈਂ ਇੱਕ ਦਰਿਆ ਪਾਰ ਕੀਤਾ
ਤੇ ਉਹਨੂੰ ਪੁੱਛਿਆ
ਤੂੰ ਉਹਦੇ ਘਰ ਦੇ ਲਾਗੋਂ ਦੀ ਕਦੋਂ ਲੰਘੇਗਾ?
ਪਰ ਪਾਣੀ ਨੇ ਕੋਈ ਉੱਤਰ ਨਾ ਦਿੱਤਾ
ਉਸ ਰਾਤ
ਮੇਰੇ ਦਿਲ ਤੇ ਚੁੱਪ ਛਾ ਗਈ।



## ਭੋਂ ਦਾ ਮੋਹ/*ਜਿਆਂਗ ਫਾਨ*

ਭੋਂ ਮਿਲਣ ਤੇ ਇੱਕ ਬੁੱਢਾ ਕਿਰਸਾਨ
ਨਾਲ ਖੁਸ਼ੀ ਦੇ ਮਰ ਚੱਲਿਆ ਸੀ
ਹੋ ਹੈਰਾਨ।
ਆਖਣ ਲੱਗਾ,
ਭੋਂ ਮੇਰੀ ਮਾਂ-ਬਾਪ ਸਮਾਨ
ਇਹ ਸਾਨੂੰ ਹੈ ਅੰਨ ਪੁਚਾਉਂਦੀ
ਇਹ ਮੇਰੇ ਹੈ ਬੱਚਿਆਂ ਵਰਗੀ
ਮੈਂ ਇਸ ਦੀ ਰਖਵਾਲੀ ਕਰਸਾਂ
ਮੈਂ ਇਹਨੂੰ ਨਾ ਛੱਡ ਸਕਦਾ ਹਾਂ
ਜੀਕਣ ਕੋਈ ਬੀਵੀ ਦੀ ਪੱਤ ਦਾ ਰਖਵਾਲਾ
ਜਿਸ ਦਿਨ ਭੋਂ ਵੰਡਣ ਦੀ ਵਾਰੀ ਆਈ
ਉਹ ਬੰਨੇ ਤੇ ਆਣ ਖਲੋਤਾ
ਤੇ ਧਰਤੀ ਨੂੰ ਕੁੱਟਣ ਲੱਗਾ
ਮੇਰੇ ਪੁੱਤਰ ਤੂੰ ਮੇਰਾ ਏਂ
ਬੇਸ਼ੱਕ ਤੈਨੂੰ ਕੁੱਟਾਂ ਮਾਰਾਂ
ਮੇਰੀ ਮਰਜ਼ੀ
ਵੇਖੀਂ, ਸੱਟ ਨਾ ਤੈਨੂੰ ਲੱਗੇ,
ਦੂਜਾ ਸੀ ਇਕ ਹੋਰ ਕਿਸਾਨ
ਭੋਂ ਮਿਲੀ ਤਾਂ ਵਿਚ ਖੁਸ਼ੀ ਦੇ
ਰੰਬੇ ਨਾਲ ਗੱਡੀਆਂ ਕਰਦਾ
ਰਾਤ ਪੈਣ ਤੇ ਹੀ ਘਰ ਮੁੜਿਆ
ਪਰ ਅੱਖਾਂ ਵਿੱਚ ਨੀਂਦ ਨਾ ਆਵੇ
ਨਾਲ ਖੁਸ਼ੀ ਦੇ ਮੰਜੇ ਉੱਤੇ ਪਾਸੇ ਮਾਰੇ
ਆਖਰ ਉੱਠ ਕੇ ਲੈਂਪ ਜਗਾਇਆ
ਸਾਰਾ ਟੱਬਰ ਪੁੱਛਣ ਆਇਆ
ਦੱਸ ਤੈਨੂੰ ਇਹ ਨੀਂਦ ਕਿਉਂ ਨਾ ਆਵੇ ?
ਆਖਣ ਲੱਗਾ, "ਕਾਗਜ਼ ਵੇਖਣ ਦੀ ਵੀ ਵਿਹਲ ਨਹੀਂ ਸੀ
ਕੋਈ ਆਓ
ਅੱਖਰ ਅੱਖਰ, ਮਿਲੇ ਪਟੇ ਦਾ,
ਮੈਨੂੰ ਪੜ੍ਹ ਨੇ ਫੇਰ ਸੁਣਾਓ"

❐

## ਮਾੜਾ ਸੁਪਨਾ/*ਹੁਆਂਗ ਯੂ*

ਅੱਧੀ ਰਾਤੀਂ ਝੱਖੜ ਝੁੱਲਿਆ
ਪਤਨੀ ਸੁਪਨੇ ਚੋਂ ਅੱਬੜ ਵਾਹੇ ਉੱਠੀ
ਆਪਣੇ ਪਤੀ ਨੂੰ ਘਬਰਾਹਟ ਵਿੱਚ ਜਗਾਇਆ
ਤੇ ਚੀਕੀ, "ਛੱਤ ਚੋ ਰਹੀ ਹੈ।"
ਪਤੀ ਉੱਠਿਆ
ਬੱਤੀ ਬਾਲੀ
ਤੇ ਵੇਖਿਆ
ਸਭ ਕੁਝ ਠੀਕ ਠਾਕ ਸੀ,
ਘਰ ਤੇ ਬਿਲਕੁਲ ਨਵਾਂ ਨਕੋਰ ਸੀ
ਤੇ ਫਰਨੀਚਰ ਚੋਂ ਅਜੇ ਵੀ
ਵਾਰਨਿਸ਼ ਦੀ ਸੁਗੰਧ ਆ ਰਹੀ ਸੀ
ਚਾਣਚੱਕ ਪਤਨੀ ਹੱਸਣ ਲੱਗੀ
"ਮੈਨੂੰ ਤਾਂ ਚੰਦਰਾ ਪੁਰਾਣੇ ਵੇਲਿਆਂ ਦਾ
ਸੁਪਨਾ ਆ ਰਿਹਾ ਸੀ
ਜਦੋਂ ਆਪਾਂ
ਛੇ ਵਾਂਸਾ ਤੇ ਅਟਕੇ
ਚੋਂਦੇ ਛੱਪਰਾਂ ਹੇਠ ਦਿਨ ਕੱਟਦੇ ਸੀ"
ਪਤੀ ਨੇ ਚਾਰੇ ਪਾਸੇ ਵੇਖਿਆ
ਤੇ ਹੱਸਦੇ ਨੇ ਕਿਹਾ
"ਜ਼ਿੰਦਗੀ ਹੁਣ ਹੈ ਈ ਸੁਪਨੇ ਵਰਗੀ"

## ਬਚਪਨ ਦੀ ਯਾਦ/*ਲੂ ਯੁਆਨ*

ਮੈਂ ਜਦੋਂ ਬੱਚਾ ਸੀ
ਪੜ੍ਹਨ ਤੋਂ ਅਸਮਰੱਥ
ਮਾਂ ਮੇਰੀ ਪੁਸਤਕ ਸੀ
ਸੋਚਦਾ ਸੀ
ਉਹ ਦਿਨ ਆਉਣਗੇ
ਸ਼ਾਤੀ ਤੇ ਦਲੀਲ ਦਾ ਰਾਜ ਹੋਏਗਾ
ਆਦਮੀ ਉਡਾਰੀਆਂ ਲਾਉਣਗੇ
ਬਰਫ-ਢੱਕੀ ਭੋਂ ਚੋਂ ਕਣਕ ਫੁੱਟ ਨਿਕਲੇਗੀ
ਪੈਸਾ ਕਿਸੇ ਕੰਮ ਨਹੀਂ ਹੋਵੇਗਾ
ਸੋਨਾ ਘਰ ਬਣਾਉਣ ਲਈ ਇੱਟਾਂ ਦੀ ਥਾਂ
ਵਰਤਾਂਗੇ
ਬੈਂਕਾਂ ਦੇ ਨੋਟ ਪਤੰਗਾ ਬਣਾਉਣ ਲਈ
ਚਾਂਦੀ ਦੇ ਸਿੱਕੇ, ਸ਼ੁਗਲ ਵਜੋਂ
ਪਾਣੀ ਦੇ ਆਰ-ਪਾਰ ਸੁੱਟਾਂਗੇ
ਮੈਂ ਹਰ ਥਾਂ ਘੁੰਮਾਂਗਾ
ਸੋਨੇ-ਰੰਗਾ ਸੇਬ ਫੜੀ
ਚਾਂਦੀ ਦਾ ਸ਼ਮਾਦਾਨ ਲਈ
ਤੇ ਏਥੋਂ ਸਾਰਸ ਵਾਂਗ ਉੱਡ ਕੇ
ਮਿਸਰ ਜਾਵਾਂਗਾ
ਜਿਵੇਂ ਪਰੀ-ਕਹਾਣੀਆਂ ਵਿੱਚ ਹੁੰਦਾ ਹੈ
ਤੇ ਕੈਂਡੀ ਲੈਂਡ ਦੀ ਰਾਜਕੁਮਾਰੀ ਦੀ
ਭਾਲ ਕਰਾਂਗਾ।
ਪਰ ਮਾਂ ਨੇ ਕਿਹਾ, "ਹੁਣ ਵੇਲਾ ਹੈ ਕਿ
ਤੈਨੂੰ ਰੋਟੀ ਲਈ
ਕੋਈ ਕੰਮ ਕਰਨਾ ਚਾਹੀਦਾ ਹੈ।"
❐



## ਕਿਓਂ ਨਾ ਤੈਨੂੰ ਯਾਦ ਕਰਾਂਗਾ/*ਲਿਨ ਸ਼ਾਨ*

ਜਦ ਅੰਬਰ ਤੇ
ਬੱਦਲਾਂ ਦਾ ਇਕ ਟੋਲੀ ਤਰਦੀ
ਪੌਣ ਜਦੋਂ ਅਠਖੇਲੀਆਂ ਕਰਦੀ
ਮੇਰਿਆਂ ਕੇਸਾਂ ਨੂੰ ਛੂਹ ਲੰਘਦੀ
ਉਸ ਵੇਲੇ ਮੈਂ ਤੈਨੂੰ ਕਿਓਂ ਨਾ ਯਾਦ ਕਰਾਂਗਾ ?

ਚੰਦਰਮਾ ਦੀ ਜਦੋਂ ਚਾਨਣੀ
ਨਾਲ ਸਮੁੰਦਰ ਦੇ ਪਾਣੀ ਦੇ ਲਾਡ ਕਰੇ
ਸ਼ਹਿਦ ਭਰੀ ਤੇ ਚਾਂਦੀ ਵੰਨੀ
ਐਸੀ ਰਾਤੇ, ਮੈਂ ਕਿਸ ਨੂੰ ਫਰਿਆਦ ਕਰਾਂਗਾ
ਕਿਓਂ ਨਾ ਤੈਨੂੰ ਯਾਦ ਕਰਾਂਗਾ।

ਟੁੱਟੇ ਹੋਏ ਫੁੱਲ ਉਨਾਬੀ ਮੱਛੀ ਵਾਂਗੂ
ਜਦ ਪਾਣੀ ਤੇ ਤਰਦੇ ਜਾਂਦੇ
ਮੇਰੇ ਕੋਲੋਂ ਦੀ ਹਨ ਲੰਘਦੇ
ਮੇਰੀ ਰੂਹ ਨੂੰ ਸੂਲੀ ਟੰਗਦੇ,
ਐਸੇ ਵੇਲੇ ਰੂਹ ਨਾ ਕਿਉਂ ਆਬਾਦ ਕਰਾਂਗਾ।
ਕਿਓਂ ਨਾ ਤੈਨੂੰ ਯਾਦ ਕਰਾਂਗਾ।

ਠੰਢੀ ਵਾ ਵਿਚ ਸੁੱਕੇ ਹੋਏ ਬਿਰਖ ਝੂਮਦੇ
ਸੰਧਿਆ ਵੇਲੇ ਧੁਖਦੇ ਧੂੰਏਂ
ਸੂਹੇ ਬੱਦਲ
ਲਹਿੰਦੇ ਦੇ ਪੱਤਣ ਤੇ ਉੱਤਰ ਆਏ ਹੁੰਦੇ
ਜਾਵਣ ਊਦੇ ਸਾਏ
ਐਸੇ ਵੇਲੇ
ਕਿਓਂ ਨਾ ਤੈਨੂੰ ਯਾਦ ਕਰਾਂਗਾ।

## ਗੀਤ/*ਜੀਡੀ ਮਾਜੀਆ*

ਲੋਕੀਂ ਮੰਡੀ ਚੋਂ ਘਰਾਂ ਨੂੰ ਪਰਤ ਆਏ ਨੇ
ਪਰ ਮੇਰੀ ਕਵਿਤਾ ਨਹੀਂ ਪਰਤੀ
ਮੂੰਹ ਵਿੱਚ ਸੁਨਹਿਰੀ ਡੋਰੀ ਪਾਈ,
ਚੌਰਸਤੇ ਦੇ ਛੱਜਿਆਂ ਹੇਠ,
ਹੌਲੀ ਹੌਲੀ
ਤੇ ਟੁੱਟੇ ਦਿਲ ਤੁਰਦੀ ਵੇਖੀ ਗਈ ਹੈ
ਪਹਾੜੀਆਂ ਤੋਂ ਭੇਡਾਂ ਵਾੜੇ ਵਿੱਚ ਆ ਪਹੁੰਚੀਆਂ ਨੇ
ਪਰ ਮੇਰੀ ਕਵਿਤਾ ਵਾਪਸ ਨਹੀਂ ਮੁੜੀ।
ਇਸ ਨੂੰ ਇੱਜੜ ਦੀ ਸਭ ਤੋਂ ਅਗਲੀ ਭੇਡ ਨੇ
ਉਦੋਂ ਤੱਕਿਆ ਸੀ
ਜਦੋਂ ਸੂਰਜ ਡੁੱਬਿਆ
ਤਾਂ ਲਹੂ ਲੁਹਾਣ ਪਹਾੜੀ ਵੱਲ ਤੱਕਦੀ
ਅੱਥਰੂਆਂ ਨੂੰ ਰੋਕਣ ਦਾ ਅਸਫਲ ਯਤਨ ਕਰਦੀ
ਇਕੱਲੀ ਤੇ ਦੁਖੀ ਹੋਈ ਖਲੋਤੀ ਸੀ
ਗਵਾਂਢੀ ਸਭ ਪਾਸੇ ਘੂਕ ਸੁੱਤੇ ਪਏ ਨੇ
ਪਰ ਮੇਰੀ ਕਵਿਤਾ ਵਾਪਸ ਨਹੀਂ ਮੁੜੀ
ਮੈਂ ਸਰਦਲ ਤੇ ਇੱਕਲਾ ਕਾਰਾ ਬੈਠਾ ਉਡੀਕਦਾ ਹਾਂ
ਅਜੇਹੀ ਸ਼ਾਮ ਨੂੰ ਭਲਾ ਕੌਣ ਭੁਲਾ ਸਕਦਾ ਹੈ।

## ਅੜੀਅਲ ਬੁੱਢੜੀ

*/ਜ਼ਿਆਗ ਜਮੀਨ*

ਉਹ ਵੀ ਦਿਨ ਸੀ
ਡੰਡਾ ਲੈ ਕੇ
ਮੁੰਡਿਆਂ ਪਿੱਛੇ ਲੱਗ ਤੁਰਦੀ ਸੀ
ਤੇ ਫਿਰ ਵੱਡੀ ਲੜਕੀ ਨੂੰ ਸੀ
ਝਿੜਕਾਂ ਦਿੰਦੀ
ਸੌ ਫਿਟਕਾਰਾਂ ਪਾਉਂਦੀ, ਕਹਿੰਦੀ,
"ਕਿੱਦਾ ਕੋਈ ਇੰਝ ਭਲ੍ਹਾ ਰਹਿ ਸਕਦੀ ਹੈ
ਮੁੰਡਿਆਂ ਪਿੱਛੇ ਭੱਜਦੀਆਂ ਨੂੰ
ਸ਼ਰਮ ਨਹੀਂ ਆਉਂਦੀ ?"
ਐਪਰ ਕੱਲ੍ਹ ਸ਼ਾਮਾਂ ਦੀ ਗੱਲ ਹੈ,
ਉਸ ਬੁੱਢੜੀ ਨੇ ਖੂੰਡੀ ਲੈ ਕੇ
ਤੀਜੀ ਲੜਕੀ ਦੀ ਵੱਖੀ ਵਿੱਚ ਮਾਰੀ
ਕੜਕਣ ਲੱਗੀ,
ਛੇਤੀ ਛੇਤੀ ਰੋਟੀ ਖਾ ਲੈ
ਤੇਰਾ ਪ੍ਰੇਮੀ
ਕਿੰਨੇ ਚਿਰ ਦਾ
ਬੂਹੇ ਕੋਲ ਖੰਘੂਰੇ ਮਾਰੇ। ❐

## ਡਿੱਗੇ ਫੁੱਲ/*ਫੈਂਗ ਕੁਐਫੈਂਗ*

ਡਿੱਗੀਆਂ ਪੱਤੀਆਂ ਨੂੰ ਦੌੜਦੇ ਪਾਣੀ
ਲਈ ਰੋੜ੍ਹੀ ਜਾਂਦੇ ਨੇ
ਹੇ ਨਦੀਏ।
ਹੌਲੀ ਹੌਲੀ ਵਗ
ਤੇ ਜਦੋਂ ਮੇਰੇ ਘਰ ਕੋਲੋਂ ਦੀ ਲੰਘੇ
ਕੁਝ ਪੱਤੀਆਂ ਮੇਰੀ ਮਾਂ ਨੂੰ ਦੇਵੀਂ
ਤਾ ਕਿ ਉਹ ਪਾ ਲਵੇ ਤੇ ਆਪਣੇ ਚਿੱਟੇ
ਵਾਲਾਂ ਨੂੰ ਲੁਕਾ ਲਵੇ
ਕੁਝ ਮੇਰੀ ਭੈਣ ਨੂੰ ਦੇਵੀਂ
ਕੰਨਾਂ ਥੱਲੇ ਜੋੜਨ ਲਈ,
ਤਾ ਕਿ ਉਹ ਸ਼ੀਸ਼ਾ ਵੇਖਦੀ ਮੁਸਕਾ ਪਵੇ
ਕੁਝ ਉਸ ਕੁੜੀ ਨੂੰ ਦੇਵੀਂ
ਕੀ ਤੂੰ ਉਹ ਨੂੰ ਪਛਾਣ ਲਵੇਂਗੀ,
ਉਹ ਜਿਹਦੀਆਂ ਗੱਲ੍ਹਾਂ ਤੇ
ਅੱਥਰੂਆਂ ਦੇ ਨਿਸ਼ਾਨ ਨੇ ?

## ਮੋੜ/*ਗੁਆਨ ਯਾਂਗ ਹੀ*

ਜ਼ਿਲਾ ਪਾਰਟੀ ਸਕੱਤਰ
ਸ਼ਹਿਰ ਵਿੱਚ ਇੱਕ ਮੀਟਿੰਗ ਤੇ ਜਾ ਰਿਹਾ ਹੈ
ਮੁੜ੍ਹਕੇ ਨਾਲ ਉਸ ਦਾ ਮੱਥਾ ਗੜੁੱਚ ਹੈ
ਉਹਨੇ ਸੂਰਜ ਨੂੰ ਪੱਛਮੀ-ਪਹਾੜੀ ਦੇ ਮਗਰ
ਰੇੜ੍ਹ ਦਿੱਤਾ ਹੈ
ਤੇ ਹੁਣ ਉਹ ਆੜੂਆਂ ਦੇ ਫੁੱਲਾਂ ਨਾਲ
ਲੱਦੇ ਇੱਕ ਕਿਨਾਰੇ ਤੇ ਚੜ੍ਹਦਾ ਹੈ
ਅਚਾਨਕ ਉਸ ਨੂੰ ਹੌਲੀ ਕਾਨਾ ਫੂਸੀ ਜੇਹੀ ਸੁਣਦੀ ਹੈ
ਮਿੱਠੀ, ਸੁਹਲ, ਤੇ ਕੂਲੀ ਜੇਹੀ
"ਮੈਂ ਤੈਨੂੰ ਕਿੰਨਾ ਉਡੀਕਿਆ ਹੈ
ਮੇਰਾ ਤਾਂ ਦਿਲ ਵੀ ਅੱਕ ਗਿਆ ਸੀ।"
ਕੰਬਦੇ ਹੋਏ ਫੁੱਲਾਂ ਦੇ ਪ੍ਰਛਾਂਵਿਆ ਹੇਠ
ਇੱਕ ਮੁੰਡਾ ਤੇ ਕੁੜੀ ਇੱਕ ਦੂਜੇ ਤੇ ਝੁਕੇ ਹੋਏ ਨੇ।
ਉਹ ਇਹ ਤਾਂ ਮਿਲਣ ਥਾਂ ਹੈ।
ਇੱਕ ਮੁਸਕਾਣ ਉਸ ਦੇ ਧੌਲੇ ਭਰਵੱਟਿਆਂ ਤੀਕ
ਬਿਖਰ ਜਾਂਦੀ ਹੈ
ਤੇ ਹਿਰਦੇ ਵਿੱਚ ਕੋਈ ਮਿਠਾਸ ਜੇਹੀ

ਬੁੱਢਾ ਸਕੱਤਰ ਕੰਢੇ ਤੋਂ ਵੱਲ ਪਾ ਕੇ, ਪੱਬਾਂ ਭਾਰ, ਚੁਪਕੇ ਜੇਹੇ
ਪਿਛਾਂਹ ਮੁੜ ਜਾਂਦਾ ਹੈ,
ਮੈਂ ਉਹਨਾਂ ਦੇ ਖੁਸ਼ੀਆਂ ਦੇ ਛਿਣ ਵਿੱਚ ਵਿਘਨ ਨਾ ਪਾਵਾਂ
ਉਹ ਇਹਦਾ ਨਸ਼ਾ ਲੈ ਲੈਣ।
ਚਾਰ ਕਰਮਾਂ ਹੋਰ ਵੱਲ ਪਵੇਗਾ।
ਕੋਈ ਗੱਲ ਨਹੀਂ।
ਸਕੱਤਰ ਜਿਹਨੇ ਸਾਰੀ ਧਰਤੀ ਗਾਹ ਸੁੱਟੀ ਸੀ
ਦਾ-ਦੂ ਦਰਿਆ, ਬਰਫੀਲੇ ਪਹਾੜ, ਘਾਹ ਦੀਆਂ ਚਰਾਂਦਾਂ
ਖਤਰਨਾਕ ਚੋਟੀਆਂ ਤੇ ਪਾਪੀ ਨਦੀਆਂ ਨੇ
ਕਦੇ ਉਸ ਦਾ ਰਾਹ ਨਹੀਂ ਰੋਕਿਆ ਸੀ।
ਆਖਰ ਉਸ ਨੇ ਆਪਣੇ ਲੋਹੇ ਦੇ ਬੂਟ
ਕਾਹਦੇ ਵਾਸਤੇ ਘਸਾ ਲਏ ਸੀ ?
ਹੁਣ ਉਹਨਾਂ ਦੇ ਪਿਆਰ ਵਿਚ ਵਿਘਨ ਨਾ ਪਾਵਾਂ
ਉਹ ਆਨੰਦ ਵਿਚ ਸਰਸ਼ਾਰ ਹੋ ਜਾਣ।
ਸਕੱਤਰ ਨੇ ਮੋੜ ਕੱਟਿਆ ਹੈ ਤੇ ਹੁਣ
ਉਹ ਦੂਰ ਤੁਰ ਗਿਆ ਹੈ
ਫੁੱਲਾਂ ਦੀ ਖੁਸ਼ਬੋ ਹੋਰ ਮਿੱਠੀ ਹੋ ਗਈ ਹੈ
ਤੇ ਚੰਨ ਹੋਰ ਵਧੇਰਾ ਚਮਕੀਲਾ ਹੋ ਗਿਆ ਹੈ। ❐



## ਜਦੋਂ ਕੋਇਲ ਗਾਉਂਦੀ ਹੈ/*ਵੂਕੀ ਲਾਦਾ (1936-)*

ਹਰੀਆਂ ਪਹਾੜੀਆਂ ਤੇ ਜੰਗਲ ਵਿੱਚ
ਤਿੱਖੀ ਚੱਟਾਨ ਤੇ
ਪਿੰਡ ਦੇ ਪਿਛਲੇ ਪਾਸਿਓਂ
ਵਾਦੀ ਦੇ ਹੇਠਲੇ ਪਾਸੇ
ਕੋਇਲ ਗਾਉਂਦੀ ਹੈ
ਮਿੱਠਾ ਤੇ ਵੱਖਰਾ ਜਿਹਾ

—2—

ਪੁਰਾਣੇ ਵੇਲਿਆਂ ਵਿੱਚ
ਕੋਇਲ ਪਹਾੜੀਆਂ ਦੇ ਪਾਰੋਂ
ਕਾਲੇ ਨਮਦੇ ਦਾ ਚੋਗਾ ਪਾਈ
ਉੱਡ ਕੇ ਪਿੰਡ ਆਉਂਦੀ ਸੀ
ਤੇ ਚੱਟਾਨ ਉੱਤਲੀ ਚੀਲ ਦੇ
ਬਿਰਖ ਤੇ ਬੈਠ ਗਾਉਂਦੀ ਸੀ।
ਉਹ ਪਹਿਲੀ ਸੁਰ ਕੱਢਦੀ
ਤੇ ਪਹਾੜੀਆਂ ਤੇ ਵਾਦੀਆਂ
ਹਰੀਆਂ ਭਰੀਆਂ ਹੋ ਜਾਂਦੀਆਂ
ਦੂਸਰੀ ਸੁਰ ਕੱਢਦੀ
ਤੇ ਹਾਲੀ ਡੰਗਰਾਂ ਨਾਲ ਹਲ ਵਾਹੁਣ
ਲੱਗ ਪੈਂਦੇ
ਤੀਸਰੀ ਤਾਨ ਤੇ
ਕਿਸਾਨ ਆਪਣੇ ਰੰਬੇ ਥੱਲੇ ਰੱਖ ਦਿੰਦੇ
ਤੇ ਆਪਣੀਆਂ ਨੰਗੀਆਂ ਛਾਤੀਆਂ ਨੂੰ ਪਿੱਟਦੇ
ਤੇ ਬੰਜਰ ਵਿੱਚ ਬੈਠ ਰੋਣ ਲੱਗ ਪੈਂਦੇ
ਚੌਥੀ ਤਾਨ ਤੇ
ਬੁੱਢੀ ਮਾਈ ਪਹਾੜੀ ਰਾਹ ਤੇ ਆਪਣੀ
ਖਾਲੀ ਕਣਕ ਦੀ ਬੋਰੀ ਫੜੀ ਖਲੋ ਜਾਂਦੀ
ਤੇ ਅੱਥਰੂ ਉਹ ਦੀਆਂ ਗੱਲ੍ਹਾਂ ਤੋਂ
ਟਪਕਣ ਲੱਗ ਪੈਂਦੇ।
ਪੰਜਵੀਂ ਤਾਨ ਤੇ
ਬੁੱਢਾ
ਆਦਮੀ ਦਰ ਤੇ ਆਣ ਖਲੋਂਦਾ
ਸੱਜੇ ਹੱਥ ਵਿਚ ਸੋਟੀ ਹੁੰਦੀ
ਤੇ ਪੋਤਰਾ ਖੱਬੇ ਹੱਥ
ਮੁੰਡਾ ਆਪਣੇ ਮਾਪਿਆਂ ਨੂੰ

## ਇੱਕੋ ਵਾਕ/*ਵੈਨ ਯੀਡੋਓ (1899-1946)*

ਇੱਕੋ ਹੀ ਵਾਕ ਹੈ ਜੋ ਅੱਗ ਲਾ ਸਕਦਾ ਹੈ
ਜੇ ਇਹ ਬੋਲਿਆ ਜਾਵੇ
ਨਿਰੀ ਤਬਾਹੀ ਲਿਆ ਸਕਦਾ ਹੈ

ਇਹ ਨਾ ਸੋਚੋ ਕਿ ਪੰਜ ਹਜ਼ਾਰ ਸਾਲ ਵਿਚ
ਕਿਸੇ ਨੇ ਇਹ ਵਾਕ ਨਹੀਂ ਬੋਲਿਆ।
ਤੁਸੀਂ ਕਿਸੇ ਜਵਾਲਾ ਮੁੱਖੀ ਦੀ ਚੁੱਪ ਬਾਰੇ
ਕਿਵੇਂ ਯਕੀਨ ਕਰ ਸਕਦੇ ਹੋ ?
ਸ਼ਾਇਦ ਕਿਸੇ ਦਿਨ
ਜਿਵੇਂ ਕਿਸੇ ਪ੍ਰੇਤ ਦੀ ਛਾਇਆ ਹੋਵੇ
ਅਚਾਨਕ ਹੀ ਨੀਲੇ ਆਕਾਸ਼ ਵਿਚੋਂ
ਗਰਜਣਾ ਬੰਬ ਵਾਂਗ ਫਟਦੀ ਹੈ,
"ਇਹ ਸਾਡਾ ਚੀਨ ਹੈ।"

ਮੈਂ ਅੱਜ ਇਹ ਗੱਲ ਕਿਵੇਂ ਦੱਸਾਂ
ਤੁਸੀਂ ਮੰਨਣਾ ਹੀ ਨਹੀਂ
ਕਿ ਲੋਹੇ ਦੇ ਦਰੱਖਤ ਨੂੰ ਵੀ ਫੁੱਲ ਲੱਗਦੇ ਨੇ
ਪਰ ਇੱਕੋ ਹੀ ਵਾਕ ਹੈ
ਉਹ ਅਵੱਸ਼ ਸੁਣ ਲਵੋ।
ਉਡੀਕ, ਜਦੋਂ ਤੀਕ ਜਵਾਲਾਮੁਖੀ
ਹੋਰ ਕੁਝ ਦੇਰ ਚੁੱਪ ਨਾ ਰਹਿ ਸਕਦਾ ਹੋਵੇ।

ਕੰਬੋ ਨਾ
ਨਾ ਸਿਰ ਮਾਰੋ।
ਤੇ ਨਾ ਧਰਤੀ ਤੇ ਪੈਰ ਮਾਰੋ
ਬੱਸ ਉਡੀਕੋ,
ਜਦੋਂ ਨੀਲੇ ਆਕਾਸ਼ ਵਿੱਚੋਂ
ਬੱਦਲਾਂ ਦੀ ਗਰਜ ਦਾ ਧਮਾਕਾ ਹੋਵੇਗਾ,
"ਇਹ ਸਾਡਾ ਚੀਨ ਹੈ।"

❐

ਰੋ ਰਿਹਾ ਹੁੰਦਾ।
ਸਿਰ ਤੇ ਅਸਮਾਨ ਪੀਲਾ ਹੋ ਜਾਂਦਾ
ਤੇ ਪੈਰਾਂ ਹੇਠਲੀ ਧਰਤੀ ਹਰੀ।

—3—

ਅੱਜ ਫਿਰ ਕੋਇਲ
ਦੂਰ ਪਹਾੜੀਆਂ ਦੇ ਪਾਰੋਂ
ਕਾਲੇ ਨਮਦੇ ਦਾ ਚੋਗਾ ਪਾਈ
ਉੱਡ ਕੇ ਪਿੰਡ ਆ ਗਈ ਹੈ
ਘਰ ਦੇ ਪਿੱਛੇ ਚੀਲ ਦੇ ਰੁੱਖ
ਦੀਆਂ ਟਾਹਣੀਆਂ ਤੇ ਬੈਠ,
ਉਹ ਗਾਉਣ ਲੱਗੀ ਹੈ,
ਪਹਿਲੀ ਸੁਰ ਤੇ
ਸੂਰਜ ਚੜ੍ਹ ਆਇਆ ਹੈ
ਦੂਸਰੀ ਤੇ
ਘਰਾਂ ਦੇ ਚੁੱਲ੍ਹਿਆਂ ਚੋਂ ਵਲ ਖਾਂਦਾ ਧੂੰਆਂ
ਉੱਠਿਆ ਹੈ
ਤੀਸਰੀ ਤਾਨ ਤੇ
ਪਿੰਡ ਦੇ ਚਾਰੇ ਪਾਸੇ ਗੀਤ ਸੁਣਾਈ ਦਿੰਦੇ ਨੇ
ਚੌਥੀ ਕੂਕ ਤੇ
ਮੈਂ ਜਾਗ ਪੈਂਦਾ ਹਾਂ
ਬੂਹਿਓਂ ਬਾਹਰ ਜਾਂਦਾ ਹਾਂ
ਪਰ ਉਹ ਗੂੜ੍ਹੀ ਛਾਵੇਂ ਜਾ ਬੈਠੀ ਹੈ
ਹਾਲੀ ਵੀ ਗਾਉਂਦੀ ਹੈ
"ਕੂ ਕੂ, ਕੂ'
ਢਲਵਾਨ ਤੇ ਖਲੋ ਮੈਂ ਪਿੰਡਾਂ ਨੂੰ
ਪਹਾੜੀ ਪੈਰਾਂ ਵਿਚ
ਚੜ੍ਹਦੇ ਸੂਰਜ ਦੀ ਲੋਅ ਵਿਚ ਚਮਕਦੇ ਵੇਖਦਾ ਹਾਂ
ਮੱਝਾਂ ਹਿੱਕੀ ਮੁੰਡੇ ਡੰਡੇ ਫੜੀ ਤੁਰੇ ਜਾਂਦੇ ਨੇ
ਆਜ਼ਾਦ ਹੋਏ ਗੁਲਾਮ ਖੇਤਾਂ ਨੂੰ ਜਾ ਰਹੇ ਨੇ
ਤੇ ਜਦੋਂ ਮੈਂ ਸਿਰ ਮੋੜ ਕੇ ਵੇਖਦਾ ਹਾਂ
ਪਹਾੜੀਆਂ ਤੇ ਖੱਡਾਂ ਹਰੀਆਂ ਭਰੀਆਂ
ਹੋ ਗਈਆਂ ਨੇ
ਤੇ ਖੇਤ ਸੁਨਹਿਰੀ ਧੁੱਪ ਵਿੱਚ ਕੱਜੇ ਹੋਏ ਨੇ
(1957)

## ਮੈਂ ਚਾਹੁੰਦਾਂ / ਜੀ ਜਿਨਫਾ

**(1901-1976)**

ਮੈਂ ਤੇ ਚਾਹੁੰਦਾ ਕਿ ਤੇਰੇ ਹੱਥ ਦੀ ਹਥੇਲੀ
ਇੱਕ ਬੇੜੀ ਬਣ ਜਾਵੇ
ਜਿਹੜੀ ਮੈਨੂੰ ਮਸ਼ਹੂਰ ਥਾਵਾਂ ਤੇ ਦੁਰਾਡੇ
ਸਮੁੰਦਰਾਂ ਵੱਲ ਲੈ ਜਾਵੇ
ਤੇ ਜਦੋਂ ਤੂੰ ਆਪਣੀ ਬਾਹ ਨੂੰ ਜ਼ਰਾ ਕੁ ਮੋੜੇਂ
ਤਾਂ ਮੈਂ ਤੇਰੇ ਦਿਲ ਵਿਚ ਵਾਪਸ ਪ੍ਰਗਟ ਹੋ ਜਾਵਾਂ
ਮੈਂ ਤੇਰੀਆਂ ਅੱਖਾਂ ਚੋਂ
ਕਵੀ ਦੇ ਉਤਸ਼ਾਹ ਭਰੇ ਪਿਆਰ ਦੇ
ਝੜੇ ਹੋਏ ਪੱਤੇ ਨੂੰ ਲੱਭਣਾ ਚਾਹੁੰਨਾ
ਵਿਸ਼ਾਲ ਜੰਗਲ ਵਿੱਚ ਵਗਦੀ ਤੇਜ਼
ਹਵਾ ਦੀ ਮੁਸਕਾਨ.
ਤੇ ਡੁੱਬਦੇ ਸੂਰਜ ਤੇ ਸੰਧਿਆ ਦੀ ਲੋਅ
ਦੇ ਰੰਗਾਂ ਨੂੰ ਢੂੰਡਣਾ ਚਾਹੁੰਨਾ

ਤਾਜ਼ੀ ਤੇ ਸਾਫ਼ ਰਾਤ ਦੇ ਉਤਰਨ ਨਾਲ
ਪੱਤਝੜ ਦੇ ਬਿੰਡੇ ਬੋਲਦੇ ਨੇ
ਪਰ ਇਸ ਦੀ ਥਾਂ ਮੇਰੀ ਝੋਲੀ 'ਚ
ਸਿਰਫ ਅੱਥਰੂ ਪਏ ਨੇ
ਮੈਂ ਤੇ ਚਾਹੁੰਨਾ ਕਿ ਤੇਰੀਆਂ ਜ਼ੁਲਫਾਂ
ਰੁੱਖ ਦੇ ਫੁੱਲਾਂ ਵਾਂਗ ਮਹਿਕ ਪੈਣ,
ਤੇ ਮੈਂ ਇਹਨਾ ਫੁੱਲ ਪੱਤੀਆਂ ਵਿਚ
ਗੂੜ੍ਹੀ ਨੀਂਦੇ ਸੌਂ ਜਾਵਾਂ
ਤੇ ਸ਼ਹਿਦ ਦੀਆਂ ਮੱਖੀਆਂ
ਮੇਰੇ ਸੁਪਨਿਆਂ ਵਿਚ ਭਿੰਨਭਿਣਾ ਰਹੀਆਂ ਹੋਣ
ਤੇ ਆਪਣੇ ਬੁੱਲ੍ਹਾਂ ਦੀ ਛੂਹ ਕਾਂਸੀ ਦੇ
ਸ਼ਰਾਬ ਦੇ ਪਿਆਲਿਆਂ ਤੇ ਉੱਕਰੀ ਜਾਵੇ
ਤੇ ਸਾਡੀ ਜਵਾਨੀ ਸ਼ਰਾਬੀ ਦੇ
ਸੁਪਨੇ ਵਾਂਗ ਨਾ ਲੰਘ ਜਾਵੇ।

□



*ਕਿਫ਼ਾਇਤੀ, ਸੁਹਣੇ, ਨਰੋਏ ਤੇ ਸੁਚੱਜੇ ਸਾਹਿਤ ਦਾ ਪ੍ਰਕਾਸ਼ਨ ਅਦਾਰਾ*

# ਚੇਤਨਾ ਪ੍ਰਕਾਸ਼ਨ

ਪੰਜਾਬੀ ਭਵਨ, ਲੁਧਿਆਣਾ
*Ph : 413613 (O), 459645 (R)*

*ਨਵੀਆਂ ਛਪ ਰਹੀਆਂ ਪੁਸਤਕਾਂ*

- ਸੰਤ ਰਾਮ ਉਦਾਸੀ : ਜੀਵਨ ਤੇ ਰਚਨਾ ਸ਼ਾਹ
- ਬੋਲ ਧਰਤੀਏ ਬੋਲ : ਗੁਰਭਜਨ ਗਿੱਲ
- ਢਲਦੇ ਪਰਛਾਵੇਂ : ਕਲਾਸੀਕਲ ਰੂਸੀ ਨਾਵਲਿਟ
- ਸੰਪੂਰਨ ਪਾਸ਼ ਕਾਵਿ : ਸੰ. ਸੁਰਿਦਰ ਧੰਜਲ
- ਥੀਏਟਰ ਦੇ ਥੰਮ੍ਹ : ਕਮਲੇਸ਼ ਉੱਪਲ
- ਸੁਨਹਿਰਾ ਗੁਲਾਬ : ਅਨੁ : ਸੁਖਬੀਰ
- ਆਨੰਦ ਮੱਠ : ਅਨੁ : ਸ਼ਾਹ ਚਮਨ
- ਬੇਵਸ ਪਰਿੰਦੇ (ਨਾਵਲ) : ਡਾ. ਬਲਬੀਰ ਸਿੰਘ
- ਬੋਲ ਮਿੱਟੀ ਦੇ ਬਾਵਿਆ : ਗੁਰਭਜਨ ਗਿੱਲ

ਇਕ ਅਹਿਮ ਇਤਿਹਾਸਕ ਦਸਤਾਵੇਜ਼
**ਸ਼ਹੀਦ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੀਆਂ ਲਿਖਤਾਂ**

ਸੰਘਰਸ਼ ਦੇ ਸੌ ਵਰ੍ਹੇ
ਕੈਨੇਡਾ ਦੀ ਪ੍ਰਗਤੀਸ਼ੀਲ ਲਹਿਰ ਦੇ ਸੌ ਵਰ੍ਹੇ
ਲੇਖਕ : ਸੁਖਵੰਤ ਹੁੰਦਲ, ਸਾਧੂ ਬਿਲਿੰਗ

ਨਵੀਂ ਪੰਜਾਬੀ ਕਵਿਤਾ : ਪਛਾਣ ਚਿੰਨ੍ਹ, ਚਿਰਾਂ ਤੋਂ ਉਡੀਕੀ ਜਾ ਰਹੀ ਡਾ. ਜਸਵਿੰਦਰ ਸਿੰਘ ਦੀ ਪੁਸਤਕ

ਔਰਤ ਦੀ ਤ੍ਰਾਸਦਿਕ ਸਥਿਤੀ ਨੂੰ ਚਿਤਰਦਾ-ਜਗਦੀਸ਼ ਸਚਦੇਵਾ ਦਾ ਨਾਟਕ
**ਸਾਵੀ**

ਕਥਾ ਕੈਨੇਡਾ
ਕੈਨੇਡਾ ਦੀਆਂ ਪ੍ਰਤਿਨਿਧ ਕਹਾਣੀਆਂ
ਸੰਪ : ਸੁਖਵੰਤ ਹੁੰਦਲ, ਸਾਧੂ ਬਿਲਿੰਗ

ਬੂਟਾ ਸਿੰਘ ਅਸ਼ਾਂਤ ਦੁਆਰਾ ਰਚਿਤ ਗ਼ਜ਼ਲ ਸੰਗ੍ਰਹਿ
**ਚਾਨਣੀ ਦਾ ਬੂਹਾ**

ਪ੍ਰਤਿਨਿਧ ਕਥਾਕਾਰ ਅਤਰਜੀਤ ਦਾ ਨਵਾਂ ਕਥਾ ਸੰਗ੍ਰਹਿ
**ਤੀਜਾ ਯੁੱਧ**

ਪਰਵਾਸੀ ਮਾਨਸਿਕਤਾ ਦਾ ਪੇਸ਼ਕਾਰ ਰਣਧੀਰ ਸਿੰਘ ਨਿਊਯਾਰਕ ਦਾ ਕਾਵਿ ਸੰਗ੍ਰਹਿ
**ਮਾਂ ਮੁਹੱਬਤ**

ਇਤਿਹਾਸ ਮਿਥਿਹਾਸ ਦੀਆਂ ਪਰਤਾਂ ਫਰੋਲਦਾ-ਮਨਮੋਹਨ ਬਾਵਾ ਦਾ ਕਥਾ ਸੰਗ੍ਰਹਿ
**ਨਰ-ਬਲੀ**

ਨਵੀਂ ਪੰਜਾਬੀ ਗ਼ਜ਼ਲ ਦਾ ਨਵਾਂ ਨਕੋਰ ਮੁਹਾਂਦਰਾ-ਸ਼ਾਇਰ ਸ਼ੇਖ਼ਰ ਦੀ ਨਵੀਂ ਗ਼ਜ਼ਲ ਕਿਤਾਬ
**ਮੁੰਦਰਾਂ**

ਪ੍ਰਤੀਨਿਧ ਕਥਾਕਾਰ ਵਰਿਆਮ ਸਿੰਘ ਸੰਧੂ ਦੀ ਨਵੀਂ ਕਥਾ-ਪੁਸਤਕ
**ਚੌਥੀ ਕੂਟ**

ਪੰਜਾਬੀ ਨਾਟ ਸਾਹਿਤ ਵਿੱਚ ਜ਼ਿਕਰਯੋਗ ਵਾਧਾ-ਸ਼ਾਇਰ ਸਵਰਾਜਬੀਰ ਦੀ ਪਲੇਠੀ ਨਾਟ ਰਚਨਾ
**ਧਰਮ ਗੁਰੂ**

ਪ੍ਰਤੀਨਿਧ ਸ਼ਾਇਰ ਮੋਹਨਜੀਤ ਦੀ ਨਵੀਂ ਕਾਵਿ-ਕਿਤਾਬ
**ਉਹਲੇ ਵਿੱਚ ਉਜਿਆਰਾ**

ਪ੍ਰਸਿੱਧ ਸ਼ਾਇਰ ਜੋਗਾ ਸਿੰਘ ਦੀ ਨਵੀ ਅਤੇ ਅੰਤਮ ਕਾਵਿ-ਕਿਤਾਬ
**ਸਬੂਤੀ ਅਲਵਿਦਾ**

ਨਵੀਂ ਪੰਜਾਬੀ ਸ਼ਾਇਰੀ ਦੀਆਂ ਕੁਝ ਛਪ ਰਹੀਆਂ ਪੁਸਤਕਾਂ :
- ਮੇਰੀ ਮਾਰਫ਼ਤ-ਪ੍ਰਮਿੰਦਰਜੀਤ
- ਤੀਸਰਾ ਬਨਵਾਸ-ਨ੍ਰਿਪਇੰਦਰ ਰਤਨ
- ਤੇਰੇ ਜਾਣ ਤੋਂ ਬਾਦ-ਪਰਮਿੰਦਰ ਸੋਢੀ

ਡਾ. ਰਵਿੰਦਰ ਸਿੰਘ ਰਵੀ ਦਾ ਚਿੰਤਨ ਸ਼ਾਸਤਰ
ਸੰਪ :ਹਰਿਭਜਨ ਸਿੰਘ ਭਾਟੀਆ

# Chinese Literature Special Number

*Chiragh Quarterly* *October-December, 2000*

Registered with the Registrar of News-Papers of India

No-PUN-PUN O 2776/AL/TC/94



ਪ੍ਰਿੰਟਰ, ਮਾਲਕ ਤੇ ਪਬਲਿਸ਼ਰ ਡਾ. ਅਨੂਪ ਸਿੰਘ ਨੇ ਵਾਈਟ ਕ੍ਰਾੱਸ ਪ੍ਰਿੰਟਰਜ਼, ਜਲੰਧਰ ਤੋਂ ਛਪਵਾ ਕੇ 219, ਭਾਈ ਦਿੱਤ ਸਿੰਘ ਨਗਰ ਜਲੰਧਰ ਤੋਂ ਪ੍ਰਕਾਸ਼ਤ ਕੀਤਾ। ਫੋਨ:226877